ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 59 | 22 to 28 February, 2023 | Ph.: (510) 240-5949 | Email: asrtimes@gmail.com

# ਹਰਿਆਣਾ ਕਮੇਟੀ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਹਰਿਆਣਾ ਗੁਰਦੁਆਰਾ ਪ੍ਰਬੰਧਾਂ ਉੱਪਰ ਕਬਜ਼ੇ ਨੂੰ ਲੈ ਕੇ ਹੱਥੋਪਾਈ

## ਸੰਤ ਦਾਦੂਵਾਲ ਦੀ ਅਗਵਾਈ ’ਚ ਹਰਿਆਣਾ ਕਮੇਟੀ ਨੇ 5 ਹੋਰ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਉਪਰ ਕੀਤਾ ਕਬਜ਼ਾ

## ਕੁਰੂਕਸ਼ੇਤਰ ਦੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ’ਚ ਦੋਵੇਂ ਧਿਰਾਂ ਵਿਚਾਲੇ ਟਕਰਾਅ





ਕਰਨਾਲ/ਏ.ਟੀ.ਨਿਊਜ਼ :- ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਰਿਆਣਾ ਦੇ ਇਤਿਹਾਸਕ ਗੁਰਦੁਆਰਿਆਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਆਪਣੇ ਅਧੀਨ ਕਰਨ ਦੀ ਬੀਤੇ ਦਿਨਾਂ ਤੋਂ ਸ਼ੁਰੂ ਕੀਤੀ ਗਈ ਮੁਹਿੰਮ ਤਹਿਤ ਹੁਣ 5 ਹੋਰ ਇਤਿਹਾਸਕ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਆਪਣੇ ਹੱਥ ਵਿੱਚ ਲੈ ਲਿਆ ਸੀ। ਜਿਨ੍ਹਾਂ ਗੁਰਦੁਆਰਿਆ ਦਾ ਪ੍ਰਬੰਧ ਹਰਿਆਣਾ ਕਮੇਟੀ ਵਲੋਂ ਲਿਆ ਗਿਆ ਹੈ ਉਨ੍ਹਾਂ ਵਿੱਚ ਕੈਥਲ ਜ਼ਿਲ੍ਹੇ ਦੇ ਗੁਰਦੁਆਰਾ ਮੰਜੀ ਸਾਹਿਬ ਤੇ ਗੁਰਦੁਆਰਾ ਨਿੰਮ ਸਾਹਿਬ ਕੈਥਲ ਤੇ ਜੀਂਦ ਜ਼ਿਲ੍ਹੇ ਦੇ ਗੁਰਦੁਆਰਾ ਧਮਧਾਨ ਸਾਹਿਬ ਤੇ ਗੁਰਦੁਆਰਾ ਮੰਜੀ ਸਾਹਿਬ ਜੀਂਦ ਅਤੇ ਪੰਚਕੂਲਾ ਜ਼ਿਲ੍ਹੇ ਦਾ ਗੁਰਦੁਆਰਾ ਨਾਢਾ ਸਾਹਿਬ ਸ਼ਾਮਿਲ ਹੈ। ਇਸ ਮੌਕੇ ਭਾਰੀ ਪੁਲਿਸ ਬਲ ਤਾਇਨਾਤ ਸੀ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਲੈਣ ਮੌਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਵਲੋਂ ਅਰਦਾਸ ਕੀਤੀ ਗਈ ਜਦਕਿ ਹੁਕਮਨਾਮਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਹੰਤ ਕਰਮਜੀਤ ਸਿੰਘ ਵਲੋਂ ਲਿਆ ਗਿਆ। ਇਹ ਦੋਵੇਂ ਆਗੂ ਪੁਲਿਸ ਤੇ ਸਰਕਾਰ ਦੀ ਮਦਦ ਨਾਲ ਬਾਦਲ ਦਲ ਵਾਲੀ ਸ਼੍ਰੋਮਣੀ ਕਮੇਟੀ ਤੋਂ



ਕਬਜ਼ੇ ਖੋਹ ਰਹੇ ਹਨ।ਇਸ ਦੌਰਾਨ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਕੁਝ ਮੈਂਬਰਾਂ ਤੇ ਅਹੁਦੇਦਾਰਾਂ ਨੇ ਕੋਈ ਵਿਰੋਧ ਨਹੀਂ ਕੀਤਾ। ਸ਼੍ਰੋਮਣੀ ਕਮੇਟੀ ਨੇ ਹਰਿਆਣਾ ਕਮੇਟੀ ਨੂੰ ਨਾਢਾ ਸਾਹਿਬ ਦੇ ਗੁਰਦੁਆਰੇ ਦਾ ਚਾਰਜ ਵੀ ਸੌਂਪ ਦਿੱਤਾ ਸੀ।

ਇਸ ਮੌਕੇ ਹਰਿਆਣਾ ਕਮੇਟੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਅਤੇ ਮੌਜੂਦਾ ਪ੍ਰਧਾਨ ਮਹੰਤ ਕਰਮਜੀਤ ਸਿੰਘ ਮੌਜੂਦ ਸਨ। ਬਲਜੀਤ ਸਿੰਘ ਦਾਦੂਵਾਲ ਨੇ ਦੱਸਿਆ ਕਿ ਸੇਵਾ ਸੰਭਾਲ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਧਾਮਾਂ ਦੀ ਸੇਵਾ ਸੰਭਾਲ ਲਈ ਹੈ।

**ਅਰਦਾਸ ਦੌਰਾਨ ਹਰਿਆਣਾ ਤੇ ਸ਼੍ਰੋਮਣੀ ਕਮੇਟੀ ਸਮਰਥਕਾਂ ਵਿਚਾਲੇ ਝੜਪ**

ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਦੀ ਸੇਵਾ ਸੰਭਾਲਣ ਤੋਂ ਬਾਅਦ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਸਮਰਥਕਾਂ ਦਰਮਿਆਨ ਗੁਰਦੁਆਰੇ ਵਿੱਚ ਹੱਥੋਪਾਈ ਹੋ ਗਈ ਸੀ।

ਜਾਣਕਾਰੀ ਅਨੁਸਾਰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਬਾਬਾ ਕਰਮਜੀਤ ਸਿੰਘ, ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਅਤੇ ਹੋਰ ਮੈਂਬਰ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਦੀ ਸੇਵਾ ਸੰਭਾਲਣ ਤੋਂ ਬਾਅਦ ਸ਼ੁਕਰਾਨਾ ਅਰਦਾਸ ਕਰਨ ਪੁੱਜੇ ਸਨ। ਦੀਵਾਨ ਦੌਰਾਨ ਹੀ ਗੁਰੂਘਰ ਦੀ ਸੇਵਾ ਸੰਭਾਲਣ ਦਾ ਵਿਰੋਧ ਕਰ ਰਹੇ ਸ਼੍ਰੋਮਣੀ ਕਮੇਟੀ ਦੇ ਸਮਰਥਕਾਂ ਅਤੇ ਉਨ੍ਹਾਂ ਨਾਲ ਆਏ ਹੋਰਨਾਂ ਨੇ ਹਰਿਆਣਾ ਕਮੇਟੀ ਮੈਂਬਰਾਂ ਤੋਂ ਮਾਈਕ ਖੋਹਣ ਦੀ ਕੋਸ਼ਿਸ਼ ਕੀਤੀ ਸੀ। ਇਸ ਤੋਂ ਬਾਅਦ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮਰਥਕਾਂ ਵਿੱਚ ਝਗੜਾ ਸ਼ੁਰੂ ਹੋ ਗਿਆ ਸੀ। (**ਬਾਕੀ ਸਫ਼ਾ 30 ’ਤੇ**)

## ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਹਰਿਆਣੇ ਦੇ ਗੁਰਦੁਆਰਿਆਂ ਉੱਪਰ ਕਬਜ਼ੇ ਦਾ ਵਿਰੋਧ

ਅੰਮ੍ਰਿਤਸਰ : ਹਰਿਆਣਾ ਦੇ ਗੁਰਦੁਆਰਾ ਸਾਹਿਬਾਨ ਦੇ ਜਬਰੀ ਪ੍ਰਬੰਧ ਸੰਭਾਲਣ ’ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੌਜੂਦਾ ਭਾਜਪਾ ਸਰਕਾਰ ਵੀ ਅੰਗਰੇਜ਼ ਹਕੂਮਤ ਦੀ ਹੀ ਲੀਹ ’ਤੇ ਤੁਰੀ ਜਾਪਦੀ ਹੈ ਤੇ ਪੰਜਾਬ ਵਿਚ ਹਰ ਹੀਲੇ ਕਾਮਯਾਬ ਹੋਣ ਲਈ ਇਹ ਖੇਡ, ਖੇਡ ਰਹੀ ਹੈ। ਉਨ੍ਹਾਂ ਕਿਹਾ ਕਿ ਅੱਜ ਅਸੀਂ ਸਾਕਾ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਯਾਦ ਕਰ ਰਹੇ ਹਾਂ, ਜਿਨ੍ਹਾਂ ਨੇ ਗੁਰਦੁਆਰਾ ਸਾਹਿਬ ਨੂੰ ਸਰਕਾਰੀ ਸਰਪ੍ਰਸਤੀ ਤੋਂ ਆਜ਼ਾਦ ਕਰਵਾਉਣ ਲਈ ਸ਼ਹਾਦਤਾਂ ਦੇ ਕੇ ਸ਼੍ਰੋਮਣੀ ਕਮੇਟੀ ਦੀ ਬੁਨਿਆਦ ਰੱਖਣ ’ਚ ਅਹਿਮ ਯੋਗਦਾਨ ਪਾਇਆ। ਉਨ੍ਹਾਂ ਕਿਹਾ ਕਿ ਉਸ ਵੇਲੇ ਅੰਗਰੇਜ਼ ਹਕੂਮਤ ਸਾਡੇ ਗੁਰਦੁਆਰਾ ਪ੍ਰਬੰਧਾਂ ਅਤੇ ਧਾਰਮਿਕ ਮਰਯਾਦਾ ਵਿਚ ਦਖਲਅੰਦਾਜ਼ੀ ਕਰ ਰਹੀ ਸੀ ਤੇ ਅੱਜ ਦੀ ਮੌਜੂਦਾ ਸਰਕਾਰ ਵੀ ਅੰਗਰੇਜ਼ਾਂ ਦੇ ਰਸਤੇ ’ਤੇ ਤੁਰ ਰਹੀ ਹੈ।ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਨੇ ਹਰਿਆਣਾ (**ਬਾਕੀ ਸਫ਼ਾ 30 ’ਤੇ**)

## ਦਮਦਮੀ ਟਕਸਾਲ ਮੁਖੀ ਵੱਲੋਂ ਸਖ਼ਤ ਨਿੰਦਾ

ਅੰਮ੍ਰਿਤਸਰ :- ਦਮਦਮੀ ਟਕਸਾਲ ਦੇ ਮੁਖੀ ਤੇ ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਬੀਤੇ ਦਿਨੀਂ ਹਰਿਆਣਾ ਦੇ ਗੁਰਦੁਆਰਾ ਪਾਤਸ਼ਾਹੀ ਛੇਵੀਂ, ਕੁਰੂਕਸ਼ੇਤਰ ਵਿਖੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਰਕਾਰ ਦੀ ਸ਼ਹਿ ’ਤੇ ਕਬਜ਼ਾ ਕਰਨ ਲਈ ਕੀਤੀ ਗਈ ਬੇਅਦਬੀ ਅਤੇ ਗੋਲਕਾਂ ਦੇ ਜਿੰਦਰੇ ਤੋੜਨ ਦੀ ਘਟਨਾ ਦੀ ਸਖ਼ਤ ਨਿਖੇਧੀ ਕਰਦਿਆਂ ਆਖਿਆ ਕਿ ਕੇਂਦਰ ਤੇ ਹਰਿਆਣਾ ਦੀ ਭਾਜਪਾ ਸਰਕਾਰ



ਸਿੱਖਾਂ ਵਿੱਚ ਆਪਸੀ ਖ਼ਾਨਾ-ਜੰਗੀ ਕਰਵਾਉਣ ਅਤੇ ਗੁਰਦੁਆਰਾ ਪ੍ਰਬੰਧਾਂ ਨੂੰ ਮੁੜ ਮਹੰਤਾਂ ਦੇ ਹੱਥ ਦੇਣ ਲਈ ਅੰਗਰੇਜ਼ ਹਕੂਮਤ ਤੋਂ ਵੀ ਘਟੀਆ ਹੱਥਕੰਡਿਆਂ ’ਤੇ ਉਤਾਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਸਿੱਖਾਂ ਵਿਚ ਖ਼ਾਨਾ-ਜੰਗੀ ਕਰਵਾਉਣਾ ਚਾਹੁੰਦੀ ਹੈ ਜਿਸ ਤੋਂ ਸਿੱਖਾਂ ਨੂੰ ਸਮਾਂ ਰਹਿੰਦੇ ਸੁਚੇਤ ਹੋਣ ਦੀ ਲੋੜ ਹੈ। ਸੰਤ ਗਿਆਨੀ (**ਬਾਕੀ ਸਫ਼ਾ 30 ’ਤੇ**)

# ਪੰਜਾਬ ’ਚ ਮੁਰਦੇ ਵੀ ਲੈ ਰਹੇ ਲੋਨ ਤੇ ਕਰਜ਼ਾ ਮੁਆਫ਼, ਕਰੋੜਾਂ ਦਾ ਘਪਲਾ ਹੋਇਆ

- ਕਈਆਂ ਨੇ ਯੂਰੀਆ ਖ਼ਰੀਦਣ ਲਈ ਕਰਜ਼ਾ ਲਿਆ ਅਤੇ ਕਈਆਂ ਨੇ ਕੀਟਨਾਸ਼ਕ ਖ਼ਰੀਦਣ ਲਈ
- ਸਹਿਕਾਰੀ ਬੈਂਕਾਂ ’ਚ 500 ਤੋਂ ਵੱਧ ਖਾਤੇ ਧੋਖੇ ਨਾਲ ਖੋਲ੍ਹ ਕੇ ਕਰੋੜਾਂ ਦੇ ਗਬਨ ਕਰਨ ਦਾ ਮਾਮਲਾ

ਜਲੰਧਰ/ਏ.ਟੀ.ਨਿਊਜ਼ :- ਪੰਜਾਬ ਦੇ ਸਹਿਕਾਰੀ ਬੈਂਕਾਂ ਵਿੱਚ 500 ਤੋਂ ਵੱਧ ਲੋਕਾਂ ਦੇ ਖਾਤੇ ਧੋਖੇ ਨਾਲ ਖੋਲ੍ਹ ਕੇ ਕਰੋੜਾਂ ਦੇ ਗਬਨ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਕਿੰਨੇ ਪੈਸੇ ਦਾ ਘਪਲਾ ਹੋਇਆ ਹੈ, ਇਸ ਘੁਟਾਲੇ ਵਿੱਚ ਕੌਣ-ਕੌਣ ਸ਼ਾਮਲ ਹਨ, ਕਿੰਨੇ ਮ੍ਰਿਤਕ ਲੋਕਾਂ ਦੇ ਖਾਤਿਆਂ ਨਾਲ ਛੇੜਛਾੜ ਕੀਤੀ ਗਈ ਹੈ, ਇਹ ਤਾਂ ਵਿਭਾਗੀ ਜਾਂਚ ਵਿੱਚ ਹੀ ਸਾਹਮਣੇ ਆਵੇਗਾ। ਪਤਾ ਲੱਗਾ ਕਿ ਇਕੱਲੇ ਤਰਨਤਾਰਨ ਜ਼ਿਲ੍ਹੇ ਵਿਚ 22 ਮਰੇ ਹੋਏ ਹਨ, ਜਿਨ੍ਹਾਂ ਵਿਚੋਂ 5 ਦੀ ਮੌਤ 24 ਸਾਲ ਤੋਂ ਹੋ ਚੁੱਕੀ ਹੈ, ਪਰ ਉਨ੍ਹਾਂ ਦੇ ਖਾਤਿਆਂ ਵਿੱਚ 6 ਸਾਲ ਪਹਿਲਾਂ ਤੱਕ ਦਾ ਲੈਣ-ਦੇਣ ਦਿਖਾਇਆ ਗਿਆ ਹੈ। ਕਈਆਂ ਨੇ ਯੂਰੀਆ ਖਰੀਦਣ ਲਈ ਕਰਜ਼ਾ ਲਿਆ ਹੈ ਅਤੇ ਕਈਆਂ ਨੇ ਕੀਟਨਾਸ਼ਕ ਖਰੀਦਣ ਲਈ। ਇਹ ਵੀ ਪਤਾ ਲੱਗਾ ਕਿ ਮ੍ਰਿਤਕ ਦਾ ਖਾਤਾ ਇਸ ਲਈ ਵਰਤਿਆ ਗਿਆ, ਕਿਉਂਕਿ ਮੁਲਜ਼ਮਾਂ ਨੂੰ ਲੱਗਦਾ ਸੀ ਕਿ ਸਰਕਾਰ ਕਰਜ਼ਾ ਮੁਆਫ਼ ਕਰ ਦੇਵੇਗੀ।



ਹੈਰਾਨੀ ਦੀ ਗੱਲ ਇਹ ਹੈ ਕਿ ਮ੍ਰਿਤਕ ਦੇ ਵਾਰਸਾਂ ਨੂੰ ਵੀ ਇਸ ਬਾਰੇ ਕੁਝ ਪਤਾ ਨਹੀਂ ਹੈ ਅਤੇ ਉਹ ਲੱਖਾਂ ਦੇ ਕਰਜ਼ਾਈ ਹੋ ਗਏ ਹਨ। ਹੁਣ ਇਸ ਮਾਮਲੇ ਦੀ ਖੇਤੀਬਾੜੀ ਅਤੇ ਬੈਂਕ ਦੀਆਂ ਸਾਂਝੀਆਂ ਟੀਮਾਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਕਈ ਮਾਮਲਿਆਂ ਵਿੱਚ ਐਫਆਈਆਰ ਵੀ ਦਰਜ ਹੋ ਚੁੱਕੀਆਂ ਹਨ, ਪਰ ਅਜੇ ਤੱਕ ਮੁਲਜ਼ਮ ਫੜੇ ਨਹੀਂ ਗਏ। ਜ਼ਿਆਦਾਤਰ ਮਾਮਲਿਆਂ ਵਿੱਚ ਮੁਲਜ਼ਮ ਬੈਂਕ ਅਧਿਕਾਰੀ ਹਨ।

ਮ੍ਰਿਤਕ ਦਾ ਖਾਤਾ ਇਸ ਲਈ ਵਰਤਿਆ ਗਿਆ, ਕਿਉਂਕਿ ਮੁਲਜ਼ਮਾਂ ਨੂੰ ਲੱਗਦਾ ਸੀ ਕਿ ਕਰਜ਼ਾ ਮੁਆਫ਼ੀ ਸਕੀਮ ਤਹਿਤ ਕਰਜ਼ਾ ਮਾਫ਼ ਹੋ ਜਾਵੇਗਾ।

22 ਮਾਮਲੇ, ਜਿਨ੍ਹਾਂ ’ਚ ਕਈ ਸਾਲਾਂ ਤੋਂ ਮ੍ਰਿਤਕ ਦੇ ਖਾਤਿਆਂ ਵਿੱਚ ਹੋਇਆ ਲੈਣ-ਦੇਣ, ਪਰਿਵਾਰ ਹੋਇਆ ਕਰਜ਼ਈ

### ਕੇਸ 1- ਬਖਸ਼ੀਸ਼ ਸਿੰਘ ਦੀ 2012 ਵਿੱਚ ਮੌਤ ਹੋ ਗਈ, 2017 ਵਿੱਚ ਜ਼ਿੰਦਾ ਦਿਖਾਇਆ ਗਿਆ

ਪਿੰਡ ਗੋਹਲਵੜ ਦੇ ਸੁਬੇਗ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਬਖਸ਼ੀਸ਼ ਸਿੰਘ ਦੀ 30 ਅਪ੍ਰੈਲ 2012 ਨੂੰ ਮੌਤ ਹੋ ਗਈ ਸੀ। 2017 ਵਿੱਚ ਕੇਂਦਰੀ ਸਹਿਕਾਰੀ ਬੈਂਕ ਦੋਬੁਰਜੀ ਵਿੱਚ ਬਖਸ਼ੀਸ਼ ਸਿੰਘ ਦੇ ਖਾਤੇ ਵਿੱਚ ਲੈਣ-ਦੇਣ ਹੋਇਆ ਸੀ। (**ਬਾਕੀ ਸਫ਼ਾ 30 ’ਤੇ**)

# ਸਿੱਖ ਪੰਚਾਇਤ ਦੀ ਸਲੇਟ

# SIKH PANCHAYAT SLATE

## ਗੁਰਦੁਆਰਾ ਸਾਹਿਬ ਫਰੀਮੌਂਟ ਵਿਚ ਆਪਸੀ ਸਦਭਾਵਨਾ ਵਾਲਾ ਧਾਰਮਿਕ ਮਾਹੌਲ ਬਣਾਉਣ ਲਈ ਅਤੇ ਸੁਚੱਜਾ ਪ੍ਰਬੰਧ ਚਲਾਉਣ ਲਈ ਅਗਾਂਹ ਵਧੂ ਸੋਚ ਵਾਲੇ ਪੜ੍ਹੇ ਲਿਖੇ

# ਨਿਸ਼ਕਾਮ ਸੇਵਕਾਂ ਨੂੰ ਸੇਵਾ ਦਾ ਮੌਕਾ ਦਿਓ ਜੀ



ਹਰਪ੍ਰੀਤ ਸਿੰਘ ਬੈਂਸ
Harpreet Singh Bains



ਡਾ. ਜਸਪ੍ਰੀਤ ਸਿੰਘ ਅਟਵਾਲ
Dr. Jaspreet Singh Atwal



ਸੁਰਿੰਦਰਜੀਤ ਕੌਰ
Surinderjit Kaur



ਰਜਿੰਦਰ ਸਿੰਘ ਰਾਜਾ
Rajinder Singh Raja



ਜਸਵੰਤ ਸਿੰਘ
Jaswant Singh

## ਹਰਪ੍ਰੀਤ ਸਿੰਘ ਬੈਂਸ

ਦਾਸ ਕੈਲੀਫੋਰਨੀਆ ਵਿਚ ਹੀ ਵੱਡਾ ਹੋਇਆ ਅਤੇ CalPoly ਤੋਂ BSEE ਕੀਤੀ ਸੀ। 1992 ਤੋਂ ਮੈਂ ਬੇ ਏਰੀਆ ਵਿਚ ਰਹਿ ਰਿਹਾ ਹਾਂ ਅਤੇ ਫਰੀਮਾਂਟ ਗੁਰੂ ਘਰ ਵਿਚ ਆਉਂਦਾ ਹਾਂ। ਮੈਂ ਸਿਲੀਕਾਨ ਵੈਲੀ ਵਿਚ ਪਿਛਲੇ 28 ਸਾਲਾਂ ਤੋਂ ਡੀਜਾਈਨ ਇੰਜੀਨੀਅਰ ਦੇ ਤੌਰ ਤੇ ਕੰਮ ਕਰਦਾ ਹਾਂ ਜਿਨਾਂ ਵਿਚੋਂ ਦਸ ਕੁ ਸਾਲ Cisco Systems ਵਿਚ ਕੰਮ ਕੀਤਾ ਸੀ। 2015 ਤੋਂ ਮੈਂ Pure Storage ਵਿਚ ਆਰ ਡੀ ਦੇ ਮੈਨੇਜਰ ਦੇ ਤੌਰ ਉਤੇ ਕੰਮ ਕਰਦਾ ਆ ਰਿਹਾ ਹਾਂ। ਮੈਨੂੰ 2006 ਵਿਚ ਫਰੀਮਾਂਟ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿਚ ਸੇਵਾ ਕਰਨ ਦਾ ਮੌਕਾ ਮਿਲਿਆ ਸੀ ਜਿਸ ਸਮੇਂ ਮੈਂ ਸਿੱਖ ਧਰਮ ਬਾਰੇ ਦੂਸਰਿਆ ਭਾਈਚਾਰਿਆਂ ਵਿਚ ਜਾਗਰੂਕਤਾ ਪੈਦਾ ਕਰਨ ਦੇ ਪ੍ਰੋਜੈਕਟ ਵਿਚ ਭਾਗ ਲਿਆ ਸੀ। ਮੈਂ ਸਿੱਖੀ ਸਿਧਾਂਤਾਂ ਨੂੰ ਪਿਆਰ ਕਰਦਾ ਹਾਂ ਅਤੇ ਸੰਗਤਾਂ ਅਤੇ ਨੌਜਵਾਨਾਂ ਲਈ ਭਾਵ ਪੂਰਤ ਪ੍ਰੋਗਰਾਮ ਚਾਲੂ ਕਰਨ ਦਾ ਹਾਮੀ ਹਾਂ। ਮੈਂ ਨੌਜਵਾਨਾਂ ਦੀਆਂ ਗਤੀ ਵਿਧੀਆ ਵਿਚ ਭਾਗ ਲੈਂਦਾ ਹਾਂ ਅਤੇ ਅਸੀਂ ਇਹ ਯਕੀਨੀ ਬਣਾਵਾਂਗੇ ਕਿ ਗੁਰੂ ਘਰ ਦੇ ਹਰ ਵਰਗ ਨੂੰ ਗੁਰਦੁਆਰਾ ਸਾਹਿਬ ਦੀਆਂ ਵਧੀਆ ਸੇਵਾਵਾਂ ਪ੍ਰਾਪਤ ਹੋਣ। ਸਾਡਾ ਉਦੇਸ਼ ਕੰਮ ਸਿੱਖ ਭਾਈਚਾਰੇ ਦਾ ਆਪਸੀ ਮੇਲ ਮਿਲਾਪ ਵਧਾ ਕੇ ਗੁਰਦੁਆਰਾ ਸਾਹਿਬ ਵਿਚ ਸੁਖਾਵਾਂ ਮਾਹੌਲ ਸਿਰਜਣ ਅਤੇ ਚੱਲ ਰਹੇ ਪ੍ਰੋਜੈਕਟਾਂ ਨੂੰ ਨੇਪਰੇ ਚਾੜ੍ਹਨ ਦਾ ਹੈ।

## ਡਾਕਟਰ ਜਸਪ੍ਰੀਤ ਸਿੰਘ ਅਟਵਾਲ

ਦਾਸ ਦਾ ਪਿਛੋਕੜ ਇਲੈਕਟਰਿਕ ਇੰਜਨੀਅਰਿੰਗ ਅਤੇ ਫਾਰਮੇਸੀ ਦਾ ਹੈ ਅਤੇ ਮੈਂ ਬਤੌਰ Pharmacist ਕੰਮ ਕਰਦਾ ਹਾਂ। ਮੈਂ 2009 ਤੋਂ ਗੁਰੂ ਘਰ ਫਰੀਮਾਂਟ ਦਾ ਮੈਂਬਰ ਹਾਂ। ਮੈਂ ਖਾਲਸਾ ਸਕੂਲ ਵਿਚ ਸੇਵਾ ਕੀਤੀ ਹੈ ਅਤੇ ਗੁਰਦੁਆਰਾ ਸਾਹਿਬ ਦੀ ਸਟੇਜ ਕਮੇਟੀ ਦਾ ਮੈਂਬਰ ਵੀ ਰਹਿ ਚੁਕਾ ਹਾਂ। ਮੈਂ ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਨਾਲ ਲੈ ਕੇ ਮੁਫਤ ਫਲੂ ਸ਼ਾਟ (Flu Shot) ਦੀ ਸੇਵਾ ਕਰਦਾ ਹਾਂ। ਭਗਤ ਪੂਰਨ ਸਿੰਘ ਹੈਲਥ ਇਨੀਸ਼ਿਏਟਿਵ ਸੰਸਥਾ ਨਾਲ ਮਿਲ ਕੇ ਗੁਰਦਵਾਰਾ ਸਾਹਿਬ ਵਿੱਚ ਹੈਲਥ ਕੈਂਪ ਵੀ ਲਗਵਾਏ ਹਨ। ਭਾਈਚਾਰੇ ਦੇ ਹੋਰ ਪ੍ਰੋਜੈਕਟਾਂ ਵਿਚ ਵੀ ਭਾਗ ਲੈਂਦਾ ਹਾਂ ਜਿਵੇਂ ਕਿ ਸੈਨ ਫਰਾਂਸਿਸਕੋ ਦੇ Glide Memorial Church ਵਿਚ ਲੋੜਵੰਦਾ ਨੂੰ ਖਾਣਾ ਦੇਣਾ ਆਦਿ। ਮੈਂ ਗੁਰਦਵਾਰਾ ਸਾਹਿਬ ਵਿਚ ਸ਼ਾਤੀ ਭਰਪੂਰ ਅਤੇ ਪ੍ਰਸਪਰ ਪਿਆਰ ਅਤੇ ਮਿਲਵਰਤਨ ਦਾ ਮਾਹੌਲ ਪੈਦਾ ਕਰਨ ਲਈ ਵਚਨਬੱਧ ਹਾਂ।

## ਸੁਰਿੰਦਰਜੀਤ ਕੌਰ

ਮੈਂ ਸੁਰਿੰਦਰਜੀਤ ਕੌਰ ਪਿਛਲੇ 30 ਸਾਲਾਂ ਤੋਂ ਬੇਅ ਏਰੀਏ ਦੀ ਵਸਨੀਕ ਹਾਂ। ਸੈਨਹੋਜ਼ੇ ਸਟੇਟ ਯੂਨੀਵਰਸਿਟੀ ਤੋਂ ਮਾਸਟਰ ਡਿਗਰੀ ਪ੍ਰਾਪਤ ਕਰਨ ਉਪਰੰਤ ਪਿਛਲੇ 24 ਸਾਲਾਂ ਤੋਂ ਪਬਲਿਕ ਸਕੂਲ ਵਿੱਚ ਅਧਿਆਪਕਾ ਦੇ ਤੌਰ ਤੇ ਸੇਵਾ ਨਿਭਾ ਰਹੀ ਹਾਂ। ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਪ੍ਰਭੂਸੱਤਾ ਲਈ ਕੰਮ ਕਰਨ ਦੀ ਲਗਨ ਹੈ। ਸੁਪਰੀਮ ਕੌਂਸਲ ਵਿੱਚ ਚੁਣੇ ਜਾਣ ਮਗਰੋਂ, ਬੱਚਿਆਂ ਨੂੰ ਸਿੱਖੀ ਨਾਲ ਜੋੜਨਾ ਉਹਨਾਂ ਵਿੱਚ ਸੇਵਾ ਭਾਵਨਾ ਪੈਦਾ ਕਰਨੀ ਅਤੇ ਔਰਤਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਕੇ ਕਮਿਊਨਿਟੀ ਅਤੇ ਕੌਮੀ ਕਾਰਜਾਂ ਲਈ ਪ੍ਰੇਰਿਤ ਕਰਨਾ ਮੇਰਾ ਮੁੱਖ ਉਦੇਸ਼ ਹੋਵੇਗਾ।

## ਰਾਜਿੰਦਰ ਸਿੰਘ ਰਾਜਾ

ਦਾਸ ਬੇ ਏਰੀਆ ਵਿਚ 2002 ਤੋਂ ਰਹਿ ਰਿਹਾ ਹੈ ਅਤੇ ਟਰਾਂਸਪੋਰਟੇਸ਼ਨ ਦਾ ਕਾਰੋਬਾਰ ਕਰਦਾ ਹੈ। ਮੈਂ ਲੰਗਰ ਅਤੇ ਕਾਰ ਪਾਰਕਿੰਗ ਵਿਚ ਸੇਵਾ ਕਰਦਾ ਰਿਹਾ ਹਾਂ ਅਤੇ ਸਿੱਖ ਨੌਜਵਾਨ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦੇਣ ਦੇ ਉਦਮ ਵਿਚ ਵੀ ਹਿੱਸਾ ਲੈਂਦਾ ਹਾਂ। ਪਿਛਲੇ ਸਾਲਾਂ ਵਿਚ ਦਾਸ ਨੇ ਸੈਨ ਫਰਾਂਸਿਸਕੋ ਵਿਚ ਨਗਰ ਕੀਰਤਨ ਵਿਚ ਵੀ ਸੇਵਾਦਾਰ ਦੀ ਡਿਊਟੀ ਨਿਭਾਈ ਸੀ। ਦਾਸ ਜਵਾਨ ਬੱਚਿਆਂ ਲਈ ਨਵੇਂ ਪ੍ਰੋਗਰਾਮ ਲਿਆਉਣ ਵਿਚ ਦਿਲਚਸਪੀ ਰੱਖਦਾ ਹੈ ਅਤੇ ਭਾਈਚਾਰੇ ਦੇ ਸਾਰੇ ਵਰਗਾਂ ਨਾਲ ਰਲ ਕੇ ਸੇਵਾ ਕਰਨ ਵਿਚ ਯਕੀਨ ਰੱਕਦਾ ਹੈ। ਦਾਸ ਦੂਸਰੇ ਨੌਜਵਾਨਾਂ ਨੂੰ ਗੁਰੂ ਘਰ ਵਿਚ ਸੇਵਾ ਕਰਨ ਲਈ ਉਤਸ਼ਾਹਿਤ ਕਰਦਾ ਰਹੇਗਾ।

## ਜਸਵੰਤ ਸਿੰਘ

ਦਾਸ ਜਸਵੰਤ ਸਿੰਘ ਪਿਛਲੇ 25 ਸਾਲਾਂ ਤੋਂ ਬੇਅ ਏਰੀਏ ਵਿੱਚ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹਾਂ ਇਕਨਾਓਮਿਕਸ ਦੀ ਬੈਚੂਲਰ ਡਿਗਰੀ ਕੀਤੀ ਹੋਈ ਹੈ ਆਪਣਾ ਕਾਰੋਬਾਰ ਕਰਦਾ ਹੋਇਆ ਅਕਾਲ ਪੁਰਖ ਦੀ ਰਹਿਮਤ ਸਦਕਾ ਪੰਥਕ ਕਾਰਜਾਂ ਅਤੇ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਵਿੱਚ ਯੋਗਦਾਨ ਪਾਉਂਦਾ ਰਿਹਾ ਹਾਂ ਪਿਛਲੇ ਅਰਸੇ ਤੋ ਗੁਰਦੁਆਰਾ ਸਾਹਿਬ ਦੀ ਫਾਈਨੈਂਸ ਕਮੇਟੀ ਵਿੱਚ ਸੇਵਾ ਕਰਦਿਆ ਹੋਇਆ ਬੱਚਿਆਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦਾ ਹੋਇਆ ਉਹਨਾਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ ਤੇ ਉਨ੍ਹਾਂ ਵਿੱਚ ਪੰਥਕ ਜਜ਼ਬਾ ਪੈਦਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਿਹਾ ਹਾਂ ਸੁਪਰੀਮ ਕੌਂਸਲ ਲਈ ਚੁਣੇ ਜਾਣ ਮਗਰੋ ਦਿੱਲੀ ਇੱਛਾ ਹੈ ਕਿ ਕੌਮ ਦੇ ਸੁਨਿਹਿਰੀ ਭਵਿੱਖ ਲਈ ਆਪਣੇ ਇਸੇ ਮਿਸ਼ਨ ਤੇ ਹੋਰ ਦ੍ਰਿੜਤਾ ਨਾਲ ਕੰਮ ਕਰਦਾ ਰਹਾਂ।

**ਯਾਦ ਰੱਖਣਾ 12 ਮਾਰਚ 2023 ਨੂੰ ਆਪਣੀ ਵੋਟ ਸਿੱਖ ਪੰਚਾਇਤ ਦੇ ਉਮੀਦਵਾਰਾਂ ਨੂੰ ਹੀ ਪਾਉਣੀ ਜੀ।**

**WE NEED YOUR VOTE & SUPPORT IN GURDWARA SAHIB FREMONT SUPREME COUNCIL ELECTIONS ON MARCH 12, 2023**

## ਗੁਰਦੁਆਰਾ ਸਾਹਿਬ ਫਰੀਮਾਂਟ ਚੋਣਾਂ

# ਸਿੱਖ ਪੰਚਾਇਤ ਦਾ ਜਿੱਤਣਾ ਯਕੀਨੀ

## 'ਵਿਰੋਧੀ ਧਿਰ ਵੱਲੋਂ ਕੀਤੀ ਜਾ ਰਹੀ ਅਲੋਚਨਾ ਤੱਥਾਂ ਰਹਿਤ'

ਫਰੀਮਾਂਟ/ਏ.ਟੀ.ਨਿਊਜ਼ :– ਹਰ ਦੋ ਸਾਲ ਬਾਅਦ ਗੁਰਦੁਆਰਾ ਸਾਹਿਬ ਫਰੀਮਾਂਟ ਦੀਆਂ ਚੋਣਾਂ ਦਾ ਮੈਦਾਨ ਭੱਖਦਾ ਹੈ ਪਰ ਇਸ ਵਾਰ ਸਿੱਖ ਪੰਚਾਇਤ ਆਪਣੇ ਕੀਤੇ ਹੋਏ ਪ੍ਰੋਜੈਕਟਾਂ ਕਰਕੇ ਸਹਿਜੇ ਹੀ ਜਿੱਤਦੀ ਜਾਪਦੀ ਹੈ। ਵਿਰੋਧੀ ਧਿਰ ਜੋ ਕਿ ਕਈ ਨਿਰਾਸ਼ ਪਾਰਟੀਆਂ ਤੇ ਵਿਅਕਤੀਆਂ ਦਾ ਇਕੱਠ ਹੈ, ਨੇ ਆਪਣੀ ਕੰਪੇਨ ਨੁਕਤਾਚੀਨੀ ਅਤੇ ਅਸਭਿਅਕ ਭਾਸ਼ਾ ਦੇ ਬਲਬੂਤੇ ਤੇ ਚਲਾਈ ਹੋਈ ਹੈ। ਉਹਨਾਂ ਵੱਲੋਂ ਲਾਏ ਜਾ ਰਹੇ ਇਲਜ਼ਾਮ ਬਿਨਾਂ ਤੱਥਾਂ ਤੋਂ ਹੀ ਸੁੱਟੇ ਜਾ ਰਹੇ ਹਨ ਜਿਸ ਕਰਕੇ ਉਹਨਾਂ ਨੂੰ ਕੋਈ ਭਰਵਾਂ ਹੁੰਗਾਰਾ ਨਹੀਂ ਮਿਲ ਰਿਹਾ।

ਸਿੱਖ ਪੰਚਾਇਤ ਜੋ ਕਿ ਸਰਬ-ਸੰਮਤੀ ਦੇ ਪੰਜ ਪਿਆਰਿਆਂ ਤੇ ਪਹਿਰਾ ਦਿੰਦੇ ਹੋਏ ਪਿੱਛਲੇ ਕੁੱਝ ਸਾਲਾਂ ਵਿੱਚ ਇੱਕ ਵੱਡਾ ਗਰੁੱਪ ਉੱਭਰ ਕੇ ਸਾਹਮਣੇ ਆਇਆ ਹੈ ਅਤੇ ਉਹਨਾਂ ਵੱਲੋਂ ਚਲਾਏ ਜਾ ਰਹੇ ਪ੍ਰਬੰਧ ਦੀ ਹਰ ਪਾਸੇ ਸ਼ਲਾਘਾ ਹੋ ਰਹੀ ਹੈ। ਦੂਜੇ ਪਾਸੇ ਸਿੱਖ ਸੰਗਤ ਬੇਏਰੀਆ, ਪੰਚਾਇਤ ਵਿੱਚੋਂ ਨਰਾਜ਼ ਹੋਏ ਅਤੇ ਬਾਸਾ ਦੇ ਉਹ ਬੰਦੇ ਹਨ ਜੋ ਗੁਰਦੁਆਰਾ ਸਾਹਿਬ ਨੂੰ ਧਾਰਮਿਕ ਕਦਰਾਂ ਕੀਮਤਾਂ ਦੀ ਬਜਾਏ ਕਾਰਪੋਰੇਸ਼ਨ ਵਾਂਗ ਚਲਾਉਣਾ ਚਾਹੁੰਦੇ ਹਨ। ਉਹ ਆਪਣੀ ਇਸ ਕੋਸ਼ਿਸ਼ ਵਿੱਚ ਕਚਿਹਰੀ ਵਿੱਚੋਂ ਵੀ ਸਾਰੇ ਕੇਸ ਹਾਰ ਚੁੱਕੇ ਹਨ। ਇਸ ਤੋਂ ਇਲਾਵਾ ਉਹਨਾਂ ਵੱਲੋਂ 2020 ਵਿੱਚ ਹੋਈਆਂ ਚੋਣਾਂ ਵਿੱਚ ਧਾਂਦਲੀਆਂ ਦਾ ਵੀ ਬਹੁਤ ਰਾਮ-ਰੋਲਾ ਪਾਇਆ ਗਿਆ ਪਰ ਜੱਜ ਨੇ ਸਿੱਖ ਪੰਚਾਇਤ ਨੂੰ ਕਲੀਨ ਚਿੱਟ ਦਿੰਦੇ ਹੋਏ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸਿੱਖ ਪੰਚਾਇਤ ਨੂੰ ਸੌਂਪਿਆ ਸੀ। ਇਹਨਾਂ ਦੇ ਪ੍ਰਮੁੱਖ ਗਵਾਹ ਹਰਜੀਤ ਸਿੰਘ ਕਚਿਹਰੀ ਵਿੱਚ ਪੈਰ-ਪੈਰ ਤੇ ਝੂਠ ਬੋਲਦਾ ਫੜਿਆ ਗਿਆ ਤੇ ਇਹਨਾਂ ਵੱਲੋਂ ਪਾਏ 12 ਕੇਸਾਂ ਨੂੰ ਜੱਜ ਖ਼ਾਰਜ ਕਰਦੇ ਹੋਏ ਇਹਨਾਂ ਨੂੰ ਅੱਗੋਂ ਤੋਂ ਬੇਲੋੜੇ ਕੇਸ ਨਾਂ ਪਾਉਣ ਦੀ ਸਲਾਹ ਵੀ ਦਿੱਤੀ।



ਸਿੱਖ ਪੰਚਾਇਤ ਨੇ ਕਰੋਨਾ ਸਮੇਂ ਲੋਕਾਈ ਲਈ ਟੀਕੇ ਲਗਵਾਉਣ ਦੇ ਪ੍ਰਬੰਧ ਕਰਨੇ, ਘਰਾਂ ਵਿੱਚ ਰਾਸ਼ਨ ਪੰਹੁਚਾਉਣ, ਹਸਪਤਾਲਾਂ ਵਿੱਚ ਲੰਗਰਾਂ ਦੀ ਸੇਵਾ ਤੋਂ ਸਿਰਫ ਸਿੱਖ ਹੀ ਨਹੀਂ ਇੱਥੋਂ ਦੇ ਗ਼ੈਰ-ਸਿੱਖ ਲੋਕਾਂ ਨੇ ਵੀ ਪ੍ਰਸੰਸਾ ਕੀਤੀ ਅਤੇ ਸਿੱਖਾਂ ਦਾ ਨਾਮ ਰੋਸ਼ਨ ਕੀਤਾ। ਪੰਚਾਇਤ ਵੱਲੋਂ ਜਾਰੀ ਕੀਤੀ 42 ਪ੍ਰੋਜੈਕਟਾਂ ਦੀ ਲਿਸਟ ਤੋਂ ਪਤਾ ਲੱਗਦਾ ਹੈ ਕਿ ਸਿੱਖ ਪੰਚਾਇਤ ਵਿੱਚ ਅਲੱਗ ਅਲੱਗ ਹੁਨਰ ਰੱਖਣ ਵਾਲੇ, ਧਾਰਮਿਕ ਬਿਰਤੀ, ਸੇਵਾਦਾਰ ਅਤੇ ਅਗਾਂਹਵਧੂ ਸੋਚ ਦੇ ਲੋਕ ਹਨ ਜਿਹਨਾਂ ਦਾ ਹਾਲ ਦੀ ਘੜੀ ਵਿਰੋਧੀ ਧਿਰ ਕੋਲ ਕੋਈ ਮੁਕਾਬਲਾ ਨਹੀ।

ਸਿੱਖ ਪੰਚਾਇਤ ਨੇ ਆਪਣੀ ਕੰਪੇਨ ਸਿਰਫ ਕੰਮਾਂ ਦੇ ਅਧਾਰ ਤੇ ਹੀ ਸ਼ੁਰੂ ਕੀਤੀ ਹੋਈ ਹੈ। ਉਹਨਾਂ ਦਾ ਮੰਨਣਾ ਹੈ ਕਿ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕ ਜੇ ਝੂਠ ਦੇ ਅਧਾਰ ਤੇ ਸੰਗਤ ਨੂੰ ਗੁੰਮਰਾਹ ਕਰਣਗੇ ਤਾਂ ਗੁਰਦੁਆਰੇ ਵਰਗੀਆਂ ਸੰਸਥਾਵਾਂ ਦੇ ਪ੍ਰਬੰਧ ਵਿੱਚ ਆਉਣ ਦੇ ਉਹ ਹੱਕਦਾਰ ਨਹੀਂ। ਉਹਨਾਂ ਦਾ ਇਸ਼ਾਰਾ ਸਿੱਖ ਸੰਗਤ ਬੇਏਰੀਆ ਵੱਲ ਹੀ ਸੀ ਜੋ ਆਪਣੇ ਵਲੋਂ ਕੀਤੇ ਇੱਕ ਵੀ ਪ੍ਰੋਜੈਕਟ ਨੂੰ ਪੇਸ਼ ਕਰਨ ਦੀ ਬਜਾਏ ਨੀਵੇਂ ਪੱਧਰ ਦੀ ਦੂਸ਼ਨਬਾਜੀ ਹੀ ਕਰ ਰਹੀ ਹੈ।

## ਪੰਜਾਬ ਦੀਆਂ ਸਰਗਰਮੀਆਂ

# ਕੇਂਦਰ ਵੱਲੋਂ ਅਨਾਜ ਖ਼ਰੀਦ ਖ਼ਰਚਿਆਂ ਵਿੱਚ ਕਟੌਤੀ

## ਪੰਜਾਬ ਨੂੰ 3 ਹਜ਼ਾਰ ਕਰੋੜ ਰੁਪਏ ਦਾ ਹੋਵੇਗਾ ਨੁਕਸਾਨ



ਕੇਂਦਰ ਨੇ ਪੰਜਾਬ ਸਰਕਾਰ ਨੂੰ ਅਨਾਜ ਦੀ ਖਰੀਦ ਤੇ ਲਗਾਏ ਜਾਣ ਵਾਲੇ ਵਿਧਾਨਿਕ ਖਰਚਿਆਂ ਨੂੰ ਐੱਮ.ਐੱਸ.ਪੀ. ਦੇ ਸਿਰਫ 2 ਫੀਸਦੀ ਤੱਕ ਸੀਮਤ ਰੱਖਣ ਦੇ ਹੁਕਮ ਦਿੱਤੇ ਹਨ। ਜਿਸ ਨਾਲ ਪੰਜਾਬ ਨੂੰ ਸਲਾਨਾ 3,000 ਕਰੋੜ ਰੁਪਏ ਤੋਂ ਵੱਧ ਦਾ ਘਾਟਾ ਪੈ ਰਿਹਾ ਹੈ। ਅਨਾਜ ਦੀ ਖਰੀਦ ਲਈ ਪ੍ਰਸ਼ਾਸਨਿਕ ਖਰਚੇ ਵੀ 2.5 ਫੀਸਦੀ ਤੋਂ ਘਟਾ ਕੇ 1 ਫੀਸਦੀ ਕਰ ਦਿੱਤੇ ਗਏ ਹਨ। ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰੀ ਪਿਊਸ਼ ਗੋਇਲ ਨੇ ਇੱਕ ਪੱਤਰ ਰਾਹੀਂ ਭਗਵੰਤ ਮਾਨ ਨੂੰ ਇਸ ਕਟੌਤੀ ਬਾਰੇ ਅਧਿਕਾਰੀਆਂ ਨੂੰ ਨਿਰਦੇਸ਼ ਦੇਣ ਲਈ ਕਿਹਾ। ਇਸ ਨਾਲ ਸੂਬਾ ਸਰਕਾਰ ਨੂੰ 3 ਫੀਸਦੀ ਪੇਂਡੂ ਵਿਕਾਸ ਫੰਡ ਅਤੇ 3 ਫੀਸਦੀ ਮਾਰਕੀਟ ਫੀਸ ਵਸੂਲਣੀ ਬੰਦ ਕਰਨੀ ਪਵੇਗੀ।

ਇਸ ਨਾਲ ਕਣਕ ਅਤੇ ਝੋਨੇ ਦੀ ਖਰੀਦ ਤੇ ਟੈਕਸ ਵਜੋਂ ਇਕੱਠੇ ਕੀਤੇ ਗਏ ਕਰੀਬ 3,960 ਕਰੋੜ ਰੁਪਏ ਹੁਣ ਘਟ ਕੇ 1,320 ਕਰੋੜ ਰੁਪਏ ਰਹਿ ਜਾਣਗੇ।ਇਸ ਕਟੌਤੀ ਨਾਲ 550 ਕਰੋੜ ਰੁਪਏ ਦਾ ਹੋਰ ਨੁਕਸਾਨ ਹੋਵੇਗਾ, ਜਿਸ ਨਾਲ ਰਾਜ ਦੀਆਂ ਖਰੀਦ ਏਜੰਸੀਆਂ ਦੀ ਵਿੱਤੀ ਸਿਹਤ ਤੇ ਭਾਰੀ ਦਬਾਅ ਪਵੇਗਾ। ਪੰਜਾਬ ਦੀਆਂ ਚਾਰ ਖ਼ਰੀਦ ਏਜੰਸੀਆਂ ਹਨ ਜਿਨ੍ਹਾਂ ਨੂੰ ਪ੍ਰਬੰਧਕੀ ਖ਼ਰਚੇ ਵਜੋਂ ਫ਼ੰਡ ਕੇਂਦਰ ਸਰਕਾਰ ਦਿੰਦਾ ਹੈ। ਹੁਣ ਜਦੋਂ ਇਨ੍ਹਾਂ ਫ਼ੰਡਾਂ 'ਤੇ ਡੇਢ ਫ਼ੀਸਦੀ ਕਟੌਤੀ ਕਰ ਦਿੱਤੀ ਹੈ ਤਾਂ ਖ਼ਰੀਦ ਏਜੰਸੀਆਂ ਨੂੰ ਆਪਣੇ ਮੁਲਾਜ਼ਮਾਂ ਨੂੰ ਤਨਖ਼ਾਹਾਂ ਦੇਣ ਦੇ ਲਾਲੇ ਪੈ ਜਾਣੇ ਹਨ। ਪੰਜਾਬ ਸਰਕਾਰ ਨੂੰ ਇਨ੍ਹਾਂ ਖ਼ਰੀਦ ਏਜੰਸੀਆਂ ਦੇ ਪ੍ਰਬੰਧਕੀ ਖ਼ਰਚੇ ਦਾ ਕਰੀਬ ਡੇਢ ਫ਼ੀਸਦੀ ਦਾ ਬੋਝ ਚੁੱਕਣਾ ਪੈ ਸਕਦਾ ਹੈ

## ਪੰਜਾਬ ਵਿੱਚ 329 ਦਾ ਛਾਪਾ, 30 ਤੋਂ ਵੱਧ ਥਾਵਾਂ 'ਤੇ ਐਫਸੀਆਈ ਦੇ ਦਫਤਰਾਂ 'ਤੇ ਛਾਪੇਮਾਰੀ

ਚੰਡੀਗੜ੍ਹ : ਪੰਜਾਬ ਦੇ ਤਕਰੀਬਨ 30 ਥਾਵਾਂ 'ਤੇ ਸੀਬੀਆਈ ਦੀ ਟੀਮ ਵੱਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਮਿਲੀ ਜਾਣਕਾਰੀ ਮੁਤਾਬਿਕ ਸੀਬੀਆਈ ਦੀ ਟੀਮ ਨੇ ਅੱਜ ਰਾਜਪੁਰਾ, ਪਟਿਆਲਾ, ਸਰਹਿੰਦ, ਸ੍ਰੀ ਫਤਿਹਗੜ ਸਾਹਿਬ, ਮੁਹਾਲੀ, ਸੁਨਾਮ, ਮੋਗਾ, ਫਿਰੋਜ਼ਪੁਰ, ਲੁਧਿਆਣਾ ਅਤੇ ਸੰਗਰੂਰ ਸਮੇਤ ਪੰਜਾਬ ਵਿੱਚ 30 ਤੋਂ ਵੱਧ ਥਾਵਾਂ ਤੇ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸ ਦੌਰਾਨ ਐਫਸੀਆਈ ਦੇ ਦਫਤਰ ਦੀ ਤਲਾਸ਼ੀ ਲਈ ਜਾ ਰਹੀ ਹੈ। ਜਾਂਚ ਏਜੰਸੀ ਨੇ ਇਸ ਕਾਲੇ ਧੰਦੇ ਵਿਚ ਭਾਰਤੀ ਖ਼ੁਰਾਕ ਨਿਗਮ ਦੇ ਕਾਰਜਕਾਰੀ ਨਿਰਦੇਸ਼ਕਾਂ ਤੋਂ ਲੈ ਕੇ ਤਕਨੀਕੀ ਸਹਾਇਕਾਂ ਦੀ ਭੂਮਿਕਾ ਪਾਈ ਹੈ।

# 'ਆਪ' ਦੀ ਸ਼ੈਲੀ ਓਬਰਾਏ ਦਿੱਲੀ ਦੀ ਮੇਅਰ ਬਣੀ

ਨਵੀਂ ਦਿੱਲੀ /ਏ.ਟੀ.ਨਿਊਜ਼ :- ਦਿੱਲੀ ਦੀ ਮੇਅਰ ਬਣਨ ਲਈ 'ਆਪ' ਦੀ ਸ਼ੈਲੀ ਓਬਰਾਏ ਨੇ ਭਾਜਪਾ ਦੀ ਰੇਖਾ ਗੁਪਤਾ ਨੂੰ 34 ਵੋਟਾਂ ਦੇ ਅੰਤਰ ਨਾਲ ਹਰਾਇਆ। ਦਿੱਲੀ ਨਗਰ ਨਿਗਮ (ਐੱਮ.ਸੀ.ਡੀ.) ਅਧਿਕਾਰੀਆਂ ਨੇ ਬੁੱਧਵਾਰ ਨੂੰ ਇਹ ਐਲਾਨ ਕੀਤਾ। ਓਬਰਾਏ ਨੂੰ 150 ਵੋਟਾਂ ਮਿਲੀਆਂ, ਜਦੋਂ ਕਿ ਗੁਪਤਾ ਨੂੰ ਕੁੱਲ 266 ਵੋਟਾਂ 'ਚੋਂ 116 ਵੋਟ ਮਿਲੇ। ਵੋਟਿੰਗ ਸਿਵਿਕ ਸੈਂਟਰ 'ਚ ਹੋਈ। ਦਿੱਲੀ ਨੂੰ ਚੌਥੀ ਕੋਸ਼ਿਸ਼ 'ਚ ਮੇਅਰ ਮਿਲਿਆ, ਕਿਉਂਕਿ ਨਾਮਜ਼ਦ ਮੈਂਬਰਾਂ ਨੂੰ ਵੋਟਿੰਗ ਦਾ ਅਧਿਕਾਰ ਦਿੱਤੇ ਜਾਣ ਨੂੰ ਲੈ ਕੇ ਹੋ ਰਹੇ ਹੰਗਾਮੇ ਦਰਮਿਆਨ ਪਹਿਲੀ ਦੀ ਚੋਣ ਠੱਪ ਹੋ ਗਈ ਸੀ। ਪਿਛਲੇ ਹਫ਼ਤੇ, ਦਿੱਲੀ ਦੇ ਉੱਪ ਰਾਜਪਾਲ ਵੀਕੇ ਸਕਸੈਨਾ ਨੇ ਸੁਪਰੀਮ ਕੋਰਟ ਦੇ ਆਦੇਸ਼ ਤੋਂ ਬਾਅਦ ਮੇਅਰ ਚੋਣ ਕਰਵਾਉਣ ਲਈ ਨਗਰਪਾਲਿਕਾ ਸਦਨ ਬੁਲਾਉਣ ਲਈ ਆਪਣੀ ਮਨਜ਼ੂਰੀ ਦੇ ਦਿੱਤੀ ਸੀ।ਸੁਪਰੀਮ ਕੋਰਟ ਨੇ 17 ਫਰਵਰੀ ਨੂੰ ਮੇਅਰ, ਡਿਪਟੀ ਮੇਅਰ ਅਤੇ ਸਥਾਈ ਕਮੇਟੀ ਦੇ ਮੈਂਬਰਾਂ ਦੀ ਚੋਣ ਦੀ ਤਾਰੀਖ਼ ਤੈਅ ਕਰਨ ਲਈ ਦਿੱਲੀ ਨਗਰ ਨਿਗਮ (ਐੱਮ.ਸੀ.ਡੀ.) ਦੀ ਪਹਿਲੀ ਬੈਠਕ ਬੁਲਾਉਣ ਲਈ 24 ਘੰਟਿਆਂ ਅੰਦਰ ਨੋਟਿਸ ਜਾਰੀ ਕਰਨ ਦਾ ਆਦੇਸ਼ ਦਿੱਤਾ। ਸੱਤਾਧਾਰੀ ਆਮ ਆਦਮੀ ਪਾਰਟੀ (ਆਪਆ) ਦੇ ਮੇਅਰ ਅਹੁਦੇ ਦੇ ਉਮੀਦਵਾਰ ਓਮਬਰਾਏ ਦੀ ਪਟੀਸ਼ਨ 'ਤੇ ਸੁਣਵਾਈ ਤੋਂ ਬਾਅਦ ਅਦਾਲਤ ਨੇ ਇਹ ਆਦੇਸ਼ ਜਾਰੀ ਕੀਤਾ। 'ਆਪ' ਦੇ ਪੱਖ 'ਚ ਸੁਪਰੀਮ ਕੋਰਟ ਨੇ ਇਹ ਵੀ ਕਿਹਾ ਕਿ ਉੱਪ ਰਾਜਪਾਲ ਵਲੋਂ ਐੱਮ.ਸੀ.ਡੀ. 'ਚ ਨਾਮਜ਼ਦ ਮੈਂਬਰ ਮੇਅਰ ਦੀ ਚੋਣ ਕਰਨ ਲਈ ਵੋਟਿੰਗ ਨਹੀਂ ਕਰ ਸਕਦੇ ਹਨ। ਦਿੱਲੀ ਦੇ ਉੱਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਜਿੱਤ 'ਤੇ ਓਬਰਾਏ ਅਤੇ ਪਾਰਟੀ ਵਰਕਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਟਵੀਟ ਕੀਤਾ,"ਗੁੰਡੇ ਹਾਰ ਗਏ, ਜਨਤਾ ਜਿੱਤ ਗਈ। 'ਆਪ' ਦੇ ਉਮੀਦਵਾਰ ਵਜੋਂ ਦਿੱਲੀ ਦੇ ਨਗਰ ਨਿਗਮ 'ਚ ਮੇਅਰ ਬਣਨ ਲਈ ਸਾਰੇ ਵਰਕਰਾਂ ਨੂੰ ਬਹੁਤ-ਬਹੁਤ ਵਧਾਈ।




# ਮੈਂ ਸਿੱਖ ਪੰਚਾਇਤ ਦਾ ਅਟੁੱਟ ਮੈਂਬਰ ਹਾਂ : ਭਾਈ ਆਨੰਦਪੁਰੀ



ਫਰੀਮਾਂਟ/ਏ.ਟੀ.ਨਿਊਜ਼ :-ਭਾਈ ਜਗਤਾਰ ਸਿੰਘ ਆਨੰਦਪੁਰੀ ਨੇ ਅੰਮ੍ਰਿਤਸਰ ਟਾਈਮਜ਼ ਨਾਲ ਗੱਲਬਾਤ ਕਰਦੇ ਦੱਸਿਆ ਕਿ ਉਹ ਸਿੱਖ ਪੰਚਾਇਤ ਦੇ ਅਟੁੱਟ ਮੈਂਬਰ ਹਨ ਅਤੇ 12 ਮਾਰਚ 2023 ਨੂੰ ਹੋਣ ਵਾਲੀਆਂ ਚੋਣਾਂ ਵਿੱਚ ਪੰਚਾਇਤ ਦੀ ਸਲੇਟ ਦੇ ਹਮਾਇਤੀ ਹਨ। ਉਹਨਾਂ ਨੇ ਦੱਸਿਆ ਕਿ ਸੁਪਰੀਮ ਕੌਂਸਲ ਮੈਂਬਰ ਭਾਈ ਰਜਿੰਦਰ ਸਿੰਘ ਰਾਜਾ ਨਾਲ ਉਹਨਾਂ ਦਾ ਕੁੱਝ ਸਮਾਂ ਪਹਿਲਾਂ ਤਕਰਾਰ ਤਾਂ ਜ਼ਰੂਰ ਹੋਈ ਸੀ ਜੋ ਅੱਜ ਸਿੱਖ ਪੰਚਾਇਤ ਦੇ ਸੀਨੀਅਰ ਮੈਂਬਰਾਂ ਦੀ ਹਾਜ਼ਰੀ ਵਿੱਚ ਮਿਲ ਬੈਠ ਕੇ ਨਜਿੱਠ ਹੋ ਗਿਆ। ਕੁੱਝ ਅਖ਼ਬਾਰਾਂ ਅਤੇ ਵਿਅਕਤੀਆਂ ਵੱਲੋਂ ਮੇਰੇ ਹੱਥ ਉੱਪਰ ਵੱਜੀ ਸੱਟ ਨੂੰ ਇਸ ਘਟਨਾ ਨਾਲ ਜੋੜਿਆ ਗਿਆ ਹੈ ਜੋ ਸਰਾਸਰ ਗਲਤ ਹੈ। ਭਾਈ ਰਜਿੰਦਰ ਸਿੰਘ ਰਾਜਾ ਨੇ ਵੀ ਗੱਲਬਾਤ ਕਰਦੇ ਹੋਏ ਕਿ ਭਾਈ ਆਨੰਦਪੁਰੀ ਪੰਚਾਇਤ ਦੇ ਸੀਨੀਅਰ ਮੈਂਬਰ ਹਨ ਅਤੇ ਅਸੀਂ ਉਹਨਾਂ ਦਾ ਦਿਲੋਂ ਸਤਿਕਾਰ ਕਰਦੇ ਹਾਂ।

## ਹਰਿਆਣਾ ਸਰਕਾਰ ਨੇ ਸੌਦਾ ਸਾਧ ਦੀ ਪਿੱਠ ਪੂਰੀ

# 'ਸੌਦਾ ਸਾਧ ਹਾਰਡ ਕੋਰ ਅਪਰਾਧੀ ਨਹੀਂ, ਜੇਲ੍ਹ 'ਚ ਆਚਰਨ ਚੰਗਾ ਸੀ ਤਾਂ ਦਿੱਤੀ ਪੈਰੋਲ'

ਹਰਿਆਣਾ/ਏ.ਟੀ.ਨਿਊਜ਼ :- ਸ਼੍ਰੋਮਣੀ ਕਮੇਟੀ ਵਲੋਂ ਡੇਰਾ ਸੌਦਾ ਸਾਧ ਨੂੰ ਪੈਰੋਲ ਦੇਣ 'ਤੇ ਜਾਰੀ 20 ਜਨਵਰੀ 2023 ਦੇ ਆਦੇਸ਼ ਨੂੰ ਰੱਦ ਕਰਨ ਦੀ ਮੰਗ 'ਤੇ ਜਵਾਬ ਦਾਖ਼ਲ ਕਰਦੇ ਹੋਏ ਹਰਿਆਣਾ ਸਰਕਾਰ ਨੇ ਕਿਹਾ ਕਿ ਸੌਦਾ ਸਾਧ ਰਾਮ ਰਹੀਮ ਹਾਰਡ ਕੋਰ ਅਪਰਾਧੀ ਨਹੀਂ ਹੈ ਅਤੇ ਉਸ ਦਾ ਜੇਲ੍ਹ ਵਿੱਚ ਆਚਰਨ ਚੰਗਾ ਸੀ। ਰਾਮ ਰਹੀਮ ਨੂੰ ਤੈਅ ਨਿਯਮਾਂ ਦੇ ਅਧੀਨ ਹੀ ਪੈਰੋਲ ਦਾ ਲਾਭ ਦਿੱਤਾ ਗਿਆ ਹੈ, ਜਿਵੇਂ ਕਿ ਹੋਰ ਕੈਦੀਆਂ ਨੂੰ ਦਿੱਤਾ ਜਾਂਦਾ ਹੈ। ਹਰਿਆਣਾ ਸਰਕਾਰ ਦੇ ਜਵਾਬ ਨੂੰ ਰਿਕਾਰਡ 'ਤੇ ਲੈਂਦੇ ਹੋਏ ਹਾਈ ਕੋਰਟ ਨੇ ਪਟੀਸ਼ਨ 'ਤੇ ਸੁਣਵਾਈ



ਮੁਲਤਵੀ ਕਰ ਦਿੱਤੀ। ਪਟੀਸ਼ਨ ਵਿੱਚ ਦੋਸ਼ ਲਗਾਇਆ ਹੈ ਕਿ ਹਰਿਆਣਾ ਸਰਕਾਰ ਨੇ ਰਾਮ ਰਹੀਮ ਨੂੰ 40 ਦਿਨਾਂ ਦੀ ਪੈਰੋਲ ਦਿੰਦੇ ਹੋਏ ਨਿਯਮਾਂ ਦੀ ਸਿੱਧੀ ਉਲੰਘਣਾ ਹੈ। ਪਟੀਸ਼ਨ ਵਿੱਚ ਕਿਹਾ ਹੈ ਕਿ ਡੇਰਾ ਮੁਖੀ ਜਬਰ ਜਿਨਾਹ ਅਤੇ ਕਤਲ ਵਰਗੇ ਮਾਮਲਿਆਂ 'ਚ ਸਜ਼ਾ ਕੱਟ ਰਿਹਾ ਹੈ। ਪੰਜਾਬ ਵਿੱਚ ਵੀ ਉਸ ਖ਼ਿਲਾਫ਼ ਕਈ ਮਾਮਲੇ ਦਰਜ ਹਨ। ਰਾਮ ਰਹੀਮ ਨੂੰ ਵਾਰ-ਵਾਰ ਇਸ ਤਰ੍ਹਾਂ ਪੈਰੋਲ ਦੇ ਕੇ ਹਰਿਆਣਾ ਸਰਕਾਰ ਨਾ ਸਿਰਫ਼ ਹਰਿਆਣਾ 'ਚ ਸਗੋਂ ਪੂਰੇ ਖੇਤਰ ਵਿਚ ਕਾਨੂੰਨ ਵਿਵਸਥਾ ਲਈ ਸੰਕਟ ਪੈਦਾ ਕਰਨ ਵਾਲੀ ਸਥਿਤੀ ਬਣਾ ਰਹੀ ਹੈ। ਪਟੀਸ਼ਨ ਵਿੱਚ ਕੋਰਟ ਤੋਂ ਮੰਗ ਕੀਤੀ ਗਈ ਕਿ ਇਸ ਪਟੀਸ਼ਨ ਦੇ ਵਿਚਾਰ ਅਧੀਨ ਰਹਿਣ ਤੱਕ ਡੇਰਾ ਮੁਖੀ ਦੀ ਪੈਰੋਲ ਰੱਦ ਕਰ ਕੇ ਉਸ ਨੂੰ ਜੇਲ੍ਹ ਵਾਪਸ ਭੇਜਿਆ ਜਾਵੇ। ਪਟੀਸ਼ਨ ਵਿੱਚ ਦੱਸਿਆ ਗਿਆ ਕਿ ਸੌਦਾ ਸਾਧ ਨੂੰ ਕਈ ਗੰਭੀਰ ਅਪਰਾਧਾਂ 'ਚ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ ਅਤੇ ਕਈ ਮਾਮਲਿਆਂ ਵਿੱਚ ਉਨ੍ਹਾਂ ਖ਼ਿਲਾਫ਼ ਟ੍ਰਾਇਲ ਜਾਰੀ ਹੈ। ਇਸ ਤਰ੍ਹਾਂ ਦੇ ਅਪਰਾਧੀ ਨੂੰ ਪੈਰੋਲ ਦਾ ਲਾਭ ਦੇਣਾ ਠੀਕ ਨਹੀਂ ਹੈ। ਨਾਲ ਹੀ ਪਟੀਸ਼ਨ 'ਚ ਦੱਸਿਆ ਗਿਆ ਕਿ ਸੌਦਾ ਸਾਧ ਨੂੰ ਪੈਰੋਲ ਦਿੰਦੇ ਹੋਏ ਹਰਿਆਣਾ ਸਰਕਾਰ ਨੇ ਤੈਅ ਨਿਯਮਾਂ ਦੀ ਵੀ ਪਾਲਣਾ ਨਹੀਂ ਕੀਤੀ ਸੀ।

## ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਸਮੂਹ 'ਚ ਵਿਦੇਸ਼ੀਆਂ ਲਈ ਸਹਾਇਤਾ ਕੇਂਦਰ ਬਣਾਇਆ

ਅੰਮ੍ਰਿਤਸਰ/ਏ.ਟੀ.ਨਿਊਜ਼ :- ਵਿਦੇਸ਼ਾਂ ਤੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜਦੀਆਂ ਸੰਗਤਾਂ ਦੀ ਸਹੂਲਤ ਲਈ ਸ਼੍ਰੋਮਣੀ ਕਮੇਟੀ ਵੱਲੋਂ ਇੱਥੇ ਇਕ ਸਹਾਇਤਾ ਕੇਂਦਰ ਸਥਾਪਤ ਕੀਤਾ ਗਿਆ ਹੈ। ਇਹ ਸਹਾਇਤਾ ਕੇਂਦਰ ਸ੍ਰੀ ਦਰਬਾਰ ਸਾਹਿਬ ਦੇ ਘੰਟਾ ਘਰ ਪ੍ਰਵੇਸ਼ ਦੁਆਰ ਵਾਲੇ ਪਾਸੇ ਬਣਾਇਆ ਗਿਆ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸੰਗਤ ਦੀ ਸਹੂਲਤ ਲਈ ਭਾਵੇਂ ਪਹਿਲਾਂ ਹੀ ਸੂਚਨਾ ਕੇਂਦਰ ਸਥਾਪਤ ਹੈ, ਜਿੱਥੇ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਬਾਰੇ ਵਡਮੁੱਲੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ। ਪਰ ਹੋਰਨਾਂ ਦੇਸ਼ਾਂ ਦੀ ਸੰਗਤ ਨੂੰ ਭਾਸ਼ਾ ਦੀ ਸਮੱਸਿਆ ਬਣੀ ਰਹਿੰਦੀ ਹੈ। ਇਸ ਲਈ ਵਿਦੇਸ਼ਾਂ ਤੋਂ ਆਉਣ ਵਾਲੀ ਸੰਗਤ ਨੂੰ ਜਾਣਕਾਰੀ ਦੇਣ ਲਈ ਵਿਸ਼ੇਸ਼ ਸਹਾਇਤਾ ਕੇਂਦਰ ਖੋਲ੍ਹਿਆ ਗਿਆ ਹੈ। ਇੱਥੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੇ ਇਤਿਹਾਸ, ਇੱਥੇ ਸਥਿਤ ਹੋਰਨਾਂ ਅਸਥਾਨਾਂ, ਲੰਗਰ, ਸਰਾਵਾਂ ਤੇ ਹੋਰ ਲੋੜੀਂਦੀਆਂ ਸੇਵਾਵਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

## ਚੰਡੀਗੜ੍ਹ ਪ੍ਰਸ਼ਾਸਨ ਵਲੋਂ ਗੁਰਮੀਤ ਸਿੰਘ ਦੀ ਅਗਾਊਂ ਰਿਹਾਈ ਨੂੰ ਰੱਦ ਕਰਨ ਦੇ ਆਦੇਸ਼ ਨੂੰ ਹਾਈਕੋਰਟ ਵਲੋਂ ਨਾਂਹ

ਚੰਡੀਗੜ੍ਹ- ਹਾਈ ਕੋਰਟ ਨੇ ਚੰਡੀਗੜ੍ਹ ਪ੍ਰਸ਼ਾਸਨ ਦੇ ਉਸ ਹੁਕਮ ਨੂੰ ਰੱਦ ਕਰ ਦਿੱਤਾ ਹੈ, ਜਿਸ ਤਹਿਤ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਦੇ ਦੋਸ਼ੀਆਂ ਵਿਚੋਂ ਇਕ ਭਾਈ ਗੁਰਮੀਤ ਸਿੰਘ ਦੀ ਅਗਾਊਂ ਰਿਹਾਈ ਨੂੰ ਰੱਦ ਕਰ ਦਿੱਤਾ ਗਿਆ ਸੀ ।ਹਾਈਕੋਰਟ ਨੇ ਕਿਹਾ ਕਿ ਇਸ ਤਰ੍ਹਾਂ ਦੇ ਹੁਕਮ ਨੂੰ ਰੱਦ ਕਰ ਦਿੱਤਾ ਗਿਆ ਹੈ ਅਤੇ ਸੰਬੰਧਤ ਅਧਿਕਾਰੀਆਂ ਨੂੰ ਅੱਜ ਤੋਂ 3 ਮਹੀਨਿਆਂ ਦੀ ਮਿਆਦ ਅੰਦਰ ਜਲਦੀ ਹੀ ਤਰਜੀਹੀ ਤੌਰ 'ਤੇ ਸੰਬੰਧਤ ਸੈਸ਼ਨ ਜੱਜ ਦੀ ਰਾਏ ਮੰਗਣ ਤੋਂ ਬਾਅਦ ਮਾਮਲੇ 'ਤੇ ਦੁਬਾਰਾ ਵਿਚਾਰ ਕਰਨ ਲਈ ਨਿਰਦੇਸ਼ ਦਿੱਤੇ ਗਏ ਹਨ । ਪਟੀਸ਼ਨਰ ਭਾਈ ਗੁਰਮੀਤ ਸਿੰਘ 'ਤੇ 31 ਅਗਸਤ 1995 ਨੂੰ ਚੰਡੀਗੜ੍ਹ ਦੇ ਥਾਣੇ ਵਿਚ ਧਾਰਾ 302, 307 ਆਈ.ਪੀ.ਸੀ ਅਤੇ ਧਾਰਾ 3 ਅਤੇ 4 ਦੇ ਨਾਲ ਧਾਰਾ 120-ਬੀ ਦਾ ਮਾਮਲਾ ਦਰਜ ਕੀਤਾ ਗਿਆ ਸੀ ਅਤੇ 31 ਜੁਲਾਈ 2007 ਨੂੰ ਵਧੀਕ ਸੈਸ਼ਨ ਜੱਜ, ਚੰਡੀਗੜ੍ਹ ਦੁਆਰਾ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ।ਵਕੀਲ ਵਿਜੇ ਕੇ ਜਿੰਦਲ ਨੇ ਕਿਹਾ ਸੀ ਕਿ ਪਟੀਸ਼ਨਕਰਤਾ ਨੇ 25 ਸਾਲ ਤੋਂ ਵੱਧ ਦੀ ਸਜ਼ਾ ਕੱਟੀ ਹੈ ਅਤੇ ਲਗਭਗ 6 ਸਾਲ ਤੇ 9 ਮਹੀਨਿਆਂ ਦੀ ਮੁਆਫ਼ੀ ਵੀ ਪ੍ਰਾਪਤ ਕੀਤੀ ਹੈ ਅਤੇ ਇਸ ਤਰ੍ਹਾਂ ਉਹ ਸਮੇਂ ਤੋਂ ਪਹਿਲਾਂ ਰਿਹਾਅ ਹੋਣ ਦੇ ਹੱਕਦਾਰ ਹਨ । ਜਸਟਿਸ ਗੁਰਵਿੰਦਰ ਸਿੰਘ ਗਿੱਲ ਦੇ ਬੈਂਚ ਨੇ ਸੁਣਵਾਈ ਕਰਨ ਤੋਂ ਬਾਅਦ ਇਹ ਹੁਕਮ ਦਿੱਤਾ।



# ਨੌਸ਼ਹਿਰਾ ਵਿਖੇ ਅਕਾਲੀ ਫੂਲਾ ਸਿੰਘ ਦੀ ਸਮਾਧ ਤੇ ਛਾਉਣੀ 'ਬਣੀ ਖੰਡਰ



ਅੰਮ੍ਰਿਤਸਰ/ਏ.ਟੀ.ਨਿਊਜ਼ :- ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਸ਼ਹਿਰ ਨੌਸ਼ਹਿਰਾ ਦੇ ਪੀਰ ਸਬਾਕ ਇਲਾਕੇ 'ਚ ਦਰਿਆ ਲੁੰਡੇ (ਦਰਿਆ-ਏ-ਕਾਬੁਲ) ਦੇ ਕੰਡੇ 'ਤੇ ਮੌਜੂਦ ਜਥੇਦਾਰ ਅਕਾਲੀ ਫੂਲਾ ਸਿੰਘ ਦੀ ਖੰਡਰ 'ਚ ਤਬਦੀਲ ਹੋ ਚੁੱਕੀ ਸਮਾਧ ਅਤੇ ਛਾਉਣੀ ਦੀ ਇਮਾਰਤ ਦੀ ਨਵਉਸਾਰੀ ਸ਼ੁਰੂ ਨਹੀਂ ਕਰਵਾਈ ਜਾ ਸਕੀ। ਜਦਕਿ ਪਿਸ਼ਾਵਰੀ ਸਿੱਖ ਸੰਗਤ ਪਿਛਲੇ ਲੰਬੇ ਸਮੇਂ ਤੋਂ ਪਾਕਿ ਸਰਕਾਰ ਤੋਂ ਇਨ੍ਹਾਂ ਸਮਾਰਕਾਂ ਦੀ ਨਵਉਸਾਰੀ ਦੀ ਮੰਗ ਕਰਦੀ ਆ ਰਹੀ ਹੈ। ਉਕਤ ਸਮਾਧ ਦਰਿਆ-ਏ-ਕਾਬੁਲ ਦੇ ਕਿਨਾਰੇ ਲਗਭਗ 5 ਫੁੱਟ ਉੱਚੇ ਥੜ੍ਹੇ 'ਤੇ ਉਸਾਰੀ ਗਈ ਹੈ ਅਤੇ ਇਸ ਦੇ ਨਾਲ ਹੀ ਛਾਉਣੀ ਨਿਹੰਗ ਸਿੰਘਾਂ ਦੇ ਖੰਡਰ ਵੀ ਮੌਜੂਦ ਹਨ। ਇਤਿਹਾਸਕਾਰਾਂ ਮੁਤਾਬਿਕ 1822 ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਖ਼ਬਰ ਮਿਲੀ ਕਿ ਅਫ਼ਗਾਨੀ ਫ਼ੌਜ ਦਾ ਵੱਡਾ ਲਸ਼ਕਰ ਹਮਲੇ ਲਈ ਨੌਸ਼ਹਿਰਾ ਦੇ ਪਾਸ ਲੁੰਡੇ ਦਰਿਆ 'ਤੇ ਪਹੁੰਚ ਰਿਹਾ ਹੈ ਤਾਂ ਉਨ੍ਹਾਂ ਨੇ ਅਕਾਲੀ ਫੂਲਾ ਸਿੰਘ ਨੂੰ ਜੰਗ-ਏ-ਮੈਦਾਨ ਵੱਲ ਕੂਚ ਕਰਨ ਲਈ ਕਿਹਾ। ਇਸ ਯੁੱਧ ਵਿਚ 5000 ਦੇ ਲਗਭਗ ਸਿੱਖ ਸੈਨਿਕ ਸ਼ਹੀਦ ਹੋਏ, ਜਦਕਿ ਅਫ਼ਗਾਨੀ ਲਸ਼ਕਰ ਦੇ ਮਾਰੇ ਗਏ ਸੈਨਿਕਾਂ ਦੀ ਗਿਣਤੀ ਇਨ੍ਹਾਂ ਤੋਂ ਦੋ-ਗੁਣਾ ਵਧੇਰੇ ਸੀ। ਜਦੋਂ ਸਿੱਖ ਫ਼ੌਜ ਆਪਣੇ ਕੈਂਪ ਵੱਲ ਪਰਤ ਰਹੀ ਸੀ ਤਾਂ ਰਸਤੇ ਵਿਚ ਇਕ ਪੱਥਰ ਪਿੱਛੇ ਲੁਕੇ ਜਿਹਾਦੀ ਨੌਰੋਜ਼ ਖ਼ਾਨ ਖਟਕ ਨੇ ਬਾਬਾ ਫੂਲਾ ਸਿੰਘ 'ਤੇ ਗੋਲੀ ਚਲਾ ਦਿੱਤੀ, ਜੋ ਉਨ੍ਹਾਂ ਦੀ ਛਾਤੀ ਵਿਚ ਲੱਗੀ ਅਤੇ ਉਨ੍ਹਾਂ ਨੇ ਦਮ ਤੋੜ ਦਿੱਤਾ। ਅਗਲੇ ਦਿਨ ਮੌਜੂਦਾ ਸਮਾਧ ਵਾਲੇ ਸਥਾਨ 'ਤੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ ਅਤੇ ਬਾਅਦ ਵਿਚ ਉਥੇ ਹੀ ਉਨ੍ਹਾਂ ਦੀ ਸੋਹਣੀ ਸਮਾਧ ਤਿਆਰ ਕਰਵਾਈ ਗਈ। ਇਸ ਦੇ ਨਾਲ ਹੀ ਸ਼ੇਰ-ਏ-ਪੰਜਾਬ ਨੇ ਸਮਾਧ ਅਤੇ ਉਸ ਦੇ ਨਾਲ ਲੱਗਦੀ ਛਾਉਣੀ ਨਿਹੰਗ ਸਿੰਘਾਂ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਦੇ ਨਿਰਵਾਹ ਅਤੇ ਲੰਗਰ ਆਦਿ ਦੇ ਪ੍ਰਬੰਧ ਲਈ 30 ਹਜ਼ਾਰ ਕਨਾਲ ਜਗੀਰ ਇਸ ਅਸਥਾਨ ਦੇ ਨਾਂ ਲਗਵਾਈ, ਜੋ ਦੇਸ਼ ਦੀ ਵੰਡ ਤੱਕ ਜਾਰੀ ਰਹੀ। ਜਦਕਿ ਹੁਣ ਇਸ 'ਤੇ ਵੱਖ-ਵੱਖ ਅਦਾਰਿਆਂ ਦੇ ਕਬਜ਼ੇ ਹਨ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh  Manager: Pardeep Singh  Sub: Editor: Balwinderpal Singh, Sarbjeet Kaur Sarb  Online Interview Host: Balraj Pannu

Proof Editor: Prabhjot Kaur  Designer: Anil Kumar  Content Composer: Amritpal Singh  US Distributor: Amritsar Times Inc.  Owner: Amritsar Times Pvt Ltd

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਬੰਦੀ ਸਿੰਘਾਂ ਦੀ ਰਿਹਾਈ ਲਈ ਲੱਗੇ ਕੌਮੀ ਇਨਸਾਫ਼ ਮੋਰਚੇ ਵਿਰੁੱਧ ਹੋਏ ਭਾਈ ਰਾਜੋਆਣਾ

## ਕਿਹਾ ਸੀ ਕਿ ਉਨ੍ਹਾਂ ਦਾ ਕੌਮੀ ਇਨਸਾਫ਼ ਮੋਰਚੇ ਨਾਲ ਕੋਈ ਲੈਣਾ-ਦੇਣਾ ਨਹੀਂ

## ਰਾਜੋਆਣਾ ਦੇ ਸਾਡੀ ਹਿਮਾਇਤ ਨਾ ਕਰਨ ਨਾਲ ਕੋਈ ਫ਼ਰਕ ਨਹੀਂ ਪੈਂਦਾ-ਚਾਹਲ

ਪਟਿਆਲਾ : ਬੀਤੇ ਦਿਨੀਂ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਵਿਚ ਪਟਿਆਲਾ ਦੀ ਸੈਂਟਰਲ ਜੇਲ੍ਹ ਵਿਚ ਬੰਦ ਬਲਵੰਤ ਸਿੰਘ ਰਾਜੋਆਣਾ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਲਗਾਏ ਗਏ ਕੌਮੀ ਇਨਸਾਫ ਮੋਰਚੇ ਵਿਰੁਧ ਬਿਆਨ ਦਿੱਤਾ ਸੀ। ਬਲਵੰਤ ਸਿੰਘ ਰਾਜੋਆਣਾ ਨੇ ਕਿਹਾ ਸੀ ਕਿ ਉਨ੍ਹਾਂ ਦਾ ਕੌਮੀ ਇਨਸਾਫ਼ ਮੋਰਚੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਸ ਮੋਰਚੇ ਵਿਚ ਬਹੁਤੇ ਕਾਂਗਰਸੀ ਤੁਰੇ ਫ਼ਿਰਦੇ ਹਨ ਅਤੇ ਸਾਡਾ ਬਾਪੂ ਇਕ ਹੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ। ਉਨ੍ਹਾਂ ਕਿਹਾ ਕਿ ਮੋਰਚਾ ਲਾਉਣ ਵਾਲੇ ਸਪੱਸ਼ਟ ਕਰਨ ਕਿ ਉਹ ਕਿਸ ਪਾਰਟੀ ਨਾਲ ਸਬੰਧਤ ਹਨ। ਇਸ ਦੇ ਨਾਲ ਹੀ ਰਾਜੋਆਣਾ ਨੇ ਕਿਹਾ ਕਿ ਮੋਰਚੇ ਨੂੰ ਉਨ੍ਹਾਂ ਦੇ ਅਕਾਲੀ ਹੋਣ 'ਤੇ ਇਤਰਾਜ਼ ਹੈ ਪਰ ਉਹ ਅਕਾਲੀ ਹਨ ਅਤੇ ਅਕਾਲੀ ਹੀ ਰਹਿਣਗੇ। ਉਨ੍ਹਾਂ ਕਿਹਾ ਕਿ ਇਸ ਮੋਰਚੇ ਵਿਚ ਕਾਂਗਰਸ ਵਲੋਂ ਕੀਤੇ ਗਏ ਤਸ਼ੱਦਦਾਂ ਦੀ ਗੱਲ ਕਿਉਂ ਨਹੀਂ ਕੀਤੀ ਜਾਂਦੀ।

ਉਨ੍ਹਾਂ ਕਿਹਾ ਕਿ ਕੁਝ ਲੋਕਾਂ ਵੱਲੋਂ ਮੇਰੇ ਬਾਰੇ ਘਟੀਆ ਬਿਆਨਬਾਜ਼ੀ ਕੀਤੀ ਜਾ ਰਹੀ ਹੈ। ਜੋ ਨਹੀਂ ਕਰਨੀ ਚਾਹੀਦੀ ਸੀ। ਉਨ੍ਹਾਂ ਆਖਿਆ ਕਿ ਅਮਰ ਸਿੰਘ ਚਾਹਲ ਏਜੰਸੀਆਂ ਦਾ ਬੰਦਾ ਹੈ। ਇਥੇ ਇਹ ਵੀ ਦੱਸਣਯੋਗ ਹੈ ਕਿ ਬਲਵੰਤ ਸਿੰਘ ਰਾਜੋਆਣਾ ਨੂੰ ਭਾਰੀ ਪੁਲਸ ਸੁਰੱਖਿਆ ਹੇਠ ਪਟਿਆਲਾ ਕੇਂਦਰੀ ਜੇਲ੍ਹ ਤੋਂ ਸਰਕਾਰੀ



ਰਾਜਿੰਦਰਾ ਹਸਪਤਾਲ ਲਿਆਂਦਾ ਗਿਆ ਸੀ, ਜਿੱਥੇ ਉਨ੍ਹਾਂ ਦੇ ਦੰਦਾਂ ਦਾ ਇਲਾਜ ਚੱਲ ਰਿਹਾ ਹੈ।ਵਕੀਲ ਅਮਰ ਸਿੰਘ ਚਾਹਲ ਨੇ ਬਲਵੰਤ ਸਿੰਘ ਰਾਜੋਆਣਾ ਦੇ ਬਿਆਨ ਦਾ ਜਵਾਬ ਦਿੰਦਿਆਂ ਕਿਹਾ,÷ਰਾਜੋਆਣਾ ਦੇ ਸਾਡੀ ਹਿਮਾਇਤ ਨਾ ਕਰਨ ਨਾਲ ਕੋਈ ਫ਼ਰਕ ਨਹੀਂ ਪੈਂਦਾ।ਮੇਰੇ ਖ਼ਿਲਾਫ਼ ਉਨ੍ਹਾਂ ਜੋ ਕਿਹਾ ਉਹ ਬਿਲਕੁਲ ਝੂਠ ਹੈ। ਮੈਨੂੰ ਏਜੰਸੀਆਂ ਨਾਲ ਸਬੰਧਿਤ ਹੋਣਾ ਦੱਸਣਾ ਬਿਲਕੁਲ ਗ਼ਲਤ ਹੈ।ਉਨ੍ਹਾਂ ਕਿਹਾ ਕਿ ਇਸ ਦਾ ਕਾਰਨ ਮੇਰੇ ਵਲੋਂ ਬਲਵੰਤ ਸਿੰਘ ਰਾਜੋਆਣਾ ਦੀ ਭੈਣ ਦਾ ਉਸ ਸਮੇਂ ਵਿਰੋਧ ਕਰਨਾ ਹੋ ਸਕਦਾ ਹੈ ਜਦੋਂ ਉਹ ਬਾਦਲ ਦਲ ਵਲੋਂ ਚੋਣਾਂ ਲੜ ਰਹੀ ਸੀ।ਚਾਹਲ ਨੇ ਕਿਹਾ ਕਿ ਰਾਜੋਆਣਾ ਨੂੰ ਅਜਿਹਾ ਬਿਆਨ ਨਹੀਂ ਦੇਣਾ ਚਾਹੀਦਾ ਸੀ। ਇਸ ਨਾਲ ਜੇਲ੍ਹਾਂ ਵਿੱਚ ਬੰਦ ਹੋਰ ਮੁਲਜ਼ਮਾਂ ਦੀ ਮੁਸ਼ਕਲ ਵਧੇਗੀ।ਉਨ੍ਹਾਂ ਰਾਜੋਆਣਾ ਦੇ ਅਜਿਹੇ ਬਿਆਨ ਪਿੱਛੇ ਸਿਆਸੀ ਕਾਰਨ ਹੋਣ ਦਾ ਖ਼ਦਸ਼ਾ ਵੀ ਜ਼ਾਹਰ ਕੀਤਾ ਹੈ।

ਕੌਮੀ ਇਨਸਾਫ਼ ਮੋਰਚੇ ਦਾ ਪ੍ਰਤੀਕਰਮ

ਕੌਮੀ ਇਨਸਾਫ਼ ਮੋਰਚੇ ਦੇ ਪ੍ਰਬੰਧਕ ਬਲਵਿੰਦਰ ਸਿੰਘ ਨੇ ਕਿਹਾ, "ਅਸੀਂ ਕੇਵਲ ਇੰਨਾ ਕਹਿਣਾ ਚਾਹਾਂਗੇ ਕਿ ਰਾਜੋਆਣਾ ਉੱਨੇ ਹੀ ਸਤਿਕਾਰਯੋਗ ਹਨ, ਜਿੰਨੇ ਭਾਈ ਜਗਤਾਰ ਸਿੰਘ ਹਵਾਰਾ।ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸਨਮਾਨ ਉਨ੍ਹਾਂ ਵਲੋਂ ਕੀਤੇ ਕਾਰਜਾਂ ਕਰਕੇ ਹੈ।ਬਲਵਿੰਦਰ ਸਿੰਘ ਨੇ ਅੱਗੇ ਕਿਹਾ, "ਅਕਾਲੀ ਹੋਣ ਉੱਤੇ ਕਿਸੇ ਨੂੰ ਇਤਰਾਜ਼ ਨਹੀਂ ਸਾਨੂੰ ਇਤਰਾਜ਼ ਬਾਦਲਕੇ ਹੋਣ ਉੱਤੇ ਹਨ। ਜਿਨ੍ਹਾਂ ਰਾਜੋਆਣਾ ਦੀ ਭੈਣ ਨੂੰ ਚੋਣਾਂ ਵਿਚ ਖੜੀ ਕਰਕੇ



ਹਰਾਇਆ।"ਉਨ੍ਹਾਂ ਦਾ ਕਹਿਣਾ ਹੈ ਕਿ ਜਦੋਂ ਉਹ ਬਾਹਰ ਆ ਗਏ ਤਾਂ ਫੈਸਲਾ ਕਰ ਲੈਣ ਕਿ ਉਨ੍ਹਾਂ ਬਾਬਰ ਕਿਆਂ ਨਾਲ ਖੜ੍ਹਨਾ ਹੈ ਜਾਂ ਬਾਬੇ ਕਿਆਂ ਨਾਲ।

## ਸਾਨੂੰ ਬੰਦੀ ਸਿੰਘਾਂ ਦੀ ਕੋਈ ਸੂਚੀ ਐੱਸ. ਜੀ. ਪੀ. ਸੀ. ਤੋਂ ਨਹੀਂ ਮਿਲੀ : ਗਜੇਂਦਰ ਸ਼ੇਖਾਵਤ

ਜਲੰਧਰ : ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਵਿਚਾਲੇ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਦੇ ਬਿਆਨ ਕਾਰਨ ਪੰਜਾਬ ਦੀ ਸਿਆਸਤ ਭੱਖ ਗਈ ਹੈ। ਬੀਤੇ ਦਿਨ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਜਲੰਧਰ ਵਿਖੇ ਕਿਹਾ ਕਿ ਸਾਨੂੰ ਬੰਦੀ ਸਿੰਘਾਂ ਦੀ ਕੋਈ ਸੂਚੀ ਸ਼੍ਰੋਮਣੀ ਕਮੇਟੀ. ਤੋਂ ਨਹੀਂ ਮਿਲੀ। ਕੇਂਦਰ ਦੇ ਕੋਲ ਸਿਰਫ਼ 9 ਨਾਮਾਂ ਦੀ ਲਿਸਟ ਹੈ, ਜਿਸ ਵਿੱਚੋਂ 6 ਨੂੰ ਰਿਹਾਅ ਕਰ ਦਿੱਤਾ ਗਿਆ ਸੀ ਅਤੇ ਇਕ ਦੀ



ਸਜ਼ਾ ਘੱਟ ਕਰਨ ਦੀ ਪਟੀਸ਼ਨ ਦਾਇਰ ਕੀਤੀ ਗਈ ਹੈ ਜਦਕਿ ਇਕ ਦਾ ਕੇਸ ਦਿੱਲੀ ਅਤੇ ਇਕ ਹੋਰ ਦਾ ਕੇਸ ਕਰਨਾਟਕ 'ਵਿਚ ਚੱਲ ਰਿਹਾ ਹੈ।

## ਬੀਬੀਆਂ ਨੇ ਮੁਹਾਲੀ 'ਚ ਸੰਭਾਲਿਆ ਪੱਕਾ ਮੋਰਚਾ, ਕਿਸਾਨ ਮੋਰਚਾ ਬੰਦੀ ਸਿੱਖਾਂ ਦੇ ਹੱਕ ਵਿਚ ਡਟਿਆ

ਐਸ.ਏ.ਐਸ. ਨਗਰ (ਮੁਹਾਲੀ)- ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਸਮੇਤ ਹੋਰ ਸਿੱਖ ਮਸਲਿਆਂ ਨੂੰ ਲੈ ਕੇ ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਦਾ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ ਉੱਤੇ ਪੱਕਾ ਮੋਰਚਾ ਜਾਰੀ ਹੈ। ਇੱਥੇ ਬੀਬੀਆਂ ਨੇ ਮੋਰਚਾ ਸੰਭਾਲਿਆ। ਕੌਮੀ ਇਨਸਾਫ਼ ਮੋਰਚੇ ਦੇ ਬੈਨਰ ਹੇਠ ਬੀਬੀ ਰਾਜਿੰਦਰ ਕੌਰ ਦੀ ਅਗਵਾਈ ਵਿੱਚ ਔਰਤਾਂ ਦੇ 31 ਮੈਂਬਰੀ ਵਫ਼ਦ ਨੇ ਮੁੱਖ ਮੰਤਰੀ ਦੀ ਚੰਡੀਗੜ੍ਹ ਸਥਿਤ ਸਰਕਾਰੀ ਰਿਹਾਇਸ਼ ਵੱਲ ਵਧਣ ਦਾ ਯਤਨ ਕੀਤਾ ਪਰ ਮੁਹਾਲੀ-ਯੂਟੀ ਦੇ ਐਂਟਰੀ ਪੁਆਇੰਟ 'ਤੇ ਤਾਇਨਾਤ ਪੁਲੀਸ ਬਲ ਨੇ ਪ੍ਰਦਰਸ਼ਨਕਾਰੀ ਬੀਬੀਆਂ ਦਾ ਰਾਹ ਡੱਕ ਲਿਆ। ਪੁਲੀਸ ਵੱਲੋਂ ਰੋਕੇ ਜਾਣ 'ਤੇ ਬੀਬੀਆਂ ਉੱਥੇ ਹੀ ਧਰਨੇ 'ਤੇ ਬੈਠ ਗਈਆਂ। ਉਧਰ, ਪੱਕੇ ਮੋਰਚੇ 'ਤੇ ਡਟੇ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਸਰਕਾਰਾਂ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਨਹੀਂ ਕਰ ਲੈਂਦੀਆਂ ਅਤੇ ਬੰਦੀ ਸਿੰਘ ਰਿਹਾਅ ਹੋ ਕੇ ਪੱਕੇ ਮੋਰਚੇ 'ਤੇ ਨਹੀਂ ਪਹੁੰਚਦੇ, ਉਦੋਂ ਤਕ ਸੰਘਰਸ਼ ਜਾਰੀ ਰਹੇਗਾ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ ਨੇ ਦੱਸਿਆ ਕਿ ਬੰਦੀ ਸਿੰਘ ਦੀ ਰਿਹਾਈ ਲਈ ਚੱਲ ਰਹੇ ਪੱਕੇ ਮੋਰਚੇ ਦੀ ਹਮਾਇਤ ਵਿੱਚ ਸੰਯੁਕਤ ਕਿਸਾਨ ਮੋਰਚਾ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਅਤੇ ਕੌਮੀ ਇਨਸਾਫ਼ ਮੋਰਚੇ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ।

ਪੱਕੇ ਮੋਰਚੇ ਵਿੱਚ ਸ਼ਾਮਲ ਹੋਏ ਪੰਜਾਬ ਦੇ ਕਿਸਾਨਾਂ ਦਾ ਕੌਮੀ ਇਨਸਾਫ਼ ਮੋਰਚੇ ਦੇ ਪ੍ਰਬੰਧਕਾਂ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਮਹਿਮਾ, ਆਲ ਇੰਡੀਆ (ਬਾਕੀ ਸਫ਼ਾ 30 'ਤੇ)

### ਮਾਮਲਾ ਐੱਨ. ਆਈ. ਏ.ਵਲੋਂ ਗੁਜਰਾਤ ਮੁਦਰਾ ਪੋਰਟ 'ਤੇ ਫੜੀ ਗਈ 3000 ਕਿਲੋ ਡਰਗ ਦਾ

# ਐਨ.ਆਈ.ਏ. ਵੱਲੋਂ ਪੰਜਾਬ ਤੇ ਹਰਿਆਣਾ ਸਮੇਤ 8 ਸੂਬਿਆਂ 'ਚ ਗੈਂਗਸਟਰਾਂ 'ਤੇ ਛਾਪੇ

### * ਐੱਨ. ਆਈ. ਏ. ਵੱਲੋਂ 22 ਮੁਲਜ਼ਮਾਂ ਸਮੇਤ ਕਈ ਕੰਪਨੀਆਂ ਖ਼ਿਲਾਫ਼ ਚਲਾਨ ਪੇਸ਼ * ਦੋਸ਼ੀਆਂ ਵਿੱਚ ਕਈ ਅਫਗਾਨ ਨਾਗਰਿਕ ਵੀ ਸ਼ਾਮਲ

ਲੁਧਿਆਣਾ : ਸਤੰਬਰ 2021 ਵਿਚ ਗੁਜਰਾਤ ਦੇ ਮੁਦਰਾ ਪੋਰਟ ਅਤੇ ਡੀ. ਆਰ. ਆਈ. ਅਤੇ ਕਸਟਮ ਵਿਭਾਗ ਦੀਆਂ ਟੀਮਾਂ ਵਲੋਂ ਸਾਂਝੇ ਤੌਰ 'ਤੇ ਕਾਰਵਾਈ ਕਰਦਿਆਂ ਵਿਦੇਸ਼ ਤੋਂ ਦੋ ਕੰਟੇਨਰਾਂ 'ਚ ਭੇਜੀ ਗਈ ਲਗਭਗ 3000 ਕਿਲੋ ਹੈਰੋਇਨ ਦੀ ਖੇਪ ਬਰਾਮਦ ਕੀਤੀ ਗਈ ਸੀ। ਉਸ ਮਾਮਲੇ ਵਿਚ ਜਾਂਚ ਕਰ ਰਹੀ ਐੱਨ. ਆਈ. ਏ. ਨੇ ਲੰਮੀ ਚੱਲੀ ਜਾਂਚ ਤੋਂ ਬਾਅਦ 22 ਮੁਲਜ਼ਮਾਂ ਸਮੇਤ ਕਈ ਕੰਪਨੀਆਂ ਖ਼ਿਲਾਫ਼ ਚਲਾਨ ਪੇਸ਼ ਕਰ ਦਿੱਤਾ ਹੈ, ਜਿਨ੍ਹਾਂ ਵਿਚ ਕਈ ਅਫਗਾਨ ਨਾਗਰਿਕ ਵੀ ਸ਼ਾਮਲ ਹਨ।ਐੱਨ. ਆਈ. ਏ. ਵਲੋਂ ਆਪਣੀ ਜਾਂਚ ਵਿਚ ਜੋ ਖ਼ੁਲਾਸੇ ਕੀਤੇ ਗਏ ਹਨ, ਉਨ੍ਹਾਂ ਤੋਂ ਸਾਫ਼ ਹੋ ਗਿਆ ਹੈ ਕਿ ਦੇਸ਼ 'ਚ ਕਿਸ ਤਰ੍ਹਾਂ ਵੱਡੇ ਪੱਧਰ 'ਤੇ ਨਸ਼ਿਆਂ ਦਾ ਕਾਲਾ ਕਾਰੋਬਾਰ ਵਧ-ਫੁੱਲ ਚੁੱਕਾ ਹੈ ਅਤੇ ਡਰੱਗ ਮਨੀ ਦਾ ਜ਼ਿਆਦਾਤਰ ਹਿੱਸਾ ਅੱਤਵਾਦੀ ਜਥੇਬੰਦੀ ਲਹੱਕਰ-ਏ-ਤੋਇਬਾ ਨੂੰ ਦੇਸ਼ 'ਚ ਅੱਤਵਾਦੀ ਗਤੀਵਿਧੀਆਂ ਲਈ ਭੇਜਿਆ ਜਾ ਰਿਹਾ ਸੀ।



ਹੈਰੋਇਨ ਦੀ ਇਹ ਖੇਪ ਕੰਧਾਰ ਤੋਂ ਹਸਨ ਹੁਸੈਨ ਨਾਮੀ ਇਕ ਕੰਪਨੀ ਵੱਲੋਂ ਆਸ਼ੀ ਟ੍ਰੇਡਿੰਗ ਕੰਪਨੀ ਨੂੰ ਭੇਜੀ ਗਈ ਸੀ। ਹਸਨ ਅਤੇ ਹੁਸੈਨ, ਦੋ ਭਰਾ ਹਨ ਜੋ ਕੰਧਾਰ ਤੋਂ ਆਪਣੇ ਨਾਮ 'ਤੇ ਫਰਮ ਚਲਾਉਂਦੇ ਹਨ। ਦਿੱਲੀ ਵਿਚ ਜਿਸ ਹੱਕਸ ਨੂੰ ਇਹ ਖੇਪ ਭੇਜੀ ਗਈ ਸੀ, ਉਸ ਦਾ ਨਾਮ ਹਰਪ੍ਰੀਤ ਸਿੰਘ ਤਲਵਾਰ ਉਰਫ ਕਰੀਬ ਹੈ ਜੋ ਕਿ ਪਲੇਬੁਆਏ ਨਾਮ ਨਾਲ ਇਕ ਨਾਈਟ ਕਲੱਬ ਚਲਾਉਣ ਦੇ ਨਾਲ ਹੀ ਵੱਡਾ ਕਾਰੋਬਾਰੀ ਵੀ ਹੈ, ਜਿਸ ਨੇ ਕਈ ਫਰਮਾਂ ਬਣਾ ਰੱਖੀਆਂ ਹਨ ਅਤੇ ਲਗਜ਼ਰੀ ਗੱਡੀਆਂ ਦਾ ਸ਼ੌਕੀਨ ਹੈ।

ਰਾਸ਼ਟਰੀ ਜਾਂਚ ਏਜੰਸੀ (ਐਨ. ਆਈ. ਏ.) ਨੇ ਗੈਂਗਸਟਰ ਅਤੇ ਉਨ੍ਹਾਂ ਦੇ ਅਪਰਾਧਕ ਨੈੱਟਵਰਕ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਪੰਜਾਬ, ਹਰਿਆਣਾ ਸਮੇਤ 8 ਰਾਜਾਂ 'ਚ 76 ਥਾਵਾਂ 'ਤੇ ਛਾਪੇਮਾਰੀ ਕੀਤੀ। ਇਹ ਛਾਪੇਮਾਰੀ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਉਸ ਦੇ ਕਰੀਬੀਆਂ ਦੇ ਟਿਕਾਣਿਆਂ 'ਤੇ ਕੀਤੀ ਗਈ।ਹਲਕਿਆਂ ਮੁਤਾਬਿਕ ਛਾਪੇਮਾਰੀ ਦੌਰਾਨ ਕਈ ਹਥਿਆਰ ,ਨਸ਼ੇ ਅਤੇ ਡੇਢ ਕਰੋੜ ਤੋਂ ਵੱਧ ਦੀ ਨਕਦੀ ਬਰਾਮਦ ਹੋਈ।ਹਾਸਲ ਜਾਣਕਾਰੀ ਮੁਤਾਬਿਕ ਐਨ. ਆਈ. ਏ. ਦੀ ਟੀਮ ਨੇ ਪੰਜਾਬ, ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼, ਦਿੱਲੀ ਅਤੇ ਚੰਡੀਗੜ੍ਹ, ਵਿਚ 76 ਥਾਵਾਂ 'ਤੇ ਛਾਪੇਮਾਰੀ ਕੀਤੀ।ਇਨ੍ਹਾਂ ਵਿਚ ਪੰਜਾਬ ਦੇ 30 ਤੋਂ ਵੱਧ ਟਿਕਾਣੇ ਸ਼ਾਮਿਲ ਹਨ।ਬਠਿੰਡਾ ਦੇ ਪਿੰਡ ਮਛਾਨਾ ਦੇ ਵਸਨੀਕ ਗੱਮੀ ਮਛਾਨਾ ਅਤੇ ਮੌੜ ਮੰਡੀ 'ਚ ਰਹਿਣ ਵਾਲੇ ਇਕ ਵਿਅਕਤੀ ਦੇ ਘਰ ਵੀ ਛਾਪੇਮਾਰੀ ਕੀਤੀ, ਜਿਸ ਬਾਰੇ ਐਸ. ਐਸ. ਪੀ. ਬਠਿੰਡਾ ਗੁਲਨੀਤ ਸਿੰਘ ਖੁਰਾਨਾ ਨੇ ਪੁਸ਼ਟੀ ਕੀਤੀ। ਹਾਲਾਂਕਿ ਛਾਪੇਮਾਰੀ 'ਵਿਚ ਬਰਾਮਦਗੀ ਨੂੰ ਲੈ ਕੇ ਉਨ੍ਹਾਂ ਕੋਈ ਜਾਣਕਾਰੀ ਨਹੀਂ ਦਿੱਤੀ।

**ਗਿੱਦੜਬਾਹਾ 'ਚ ਯੂਥ ਅਕਾਲੀ ਦਲ ਦੇ ਨੇਤਾ ਦੇ ਘਰ ਵੀ ਛਾਪੇਮਾਰੀ**

ਮੁਕਤਸਰ ਜ਼ਿਲ੍ਹੇ ਦੇ ਗਿੱਦੜਬਾਹਾ ਖੇਤਰ 'ਚ ਐਨ. ਆਈ. ਏ. ਦੀ ਟੀਮ ਨੇ ਯੂਥ ਅਕਾਲੀ ਦਲ ਦੇ ਨੇਤਾ ਅਤੇ ਟਰੱਕ ਯੂਨੀਅਨ ਦੇ ਸਾਬਕਾ ਪ੍ਰਧਾਨ ਲਖਵੀਰ ਸਿੰਘ ਲੱਖੀ ਕਿੰਗਰਾ ਦੀ ਰਿਹਾਇਸ਼ ਅਤੇ ਫਾਰਮ ਹਾਊਸ 'ਤੇ ਵੀ ਛਾਪੇਮਾਰੀ ਕੀਤੀ। ਹਲਕਿਆਂ ਮੁਤਾਬਿਕ ਲੱਖੀ ਕਿੰਗਰਾ ਦੇ ਹਰਿਆਣਾ ਦੇ ਗੈਂਗਸਟਰ ਛੋਟੂ ਭਾਠ ਦੇ ਨਾਲ ਸੰਬੰਧ ਹਨ।ਉਕਤ ਗੈਂਗਸਟਰ 'ਤੇ ਕਤਲ ਦੇ ਕਈ ਮਾਮਲੇ ਦਰਜ ਹਨ।ਹਾਲਾਂਕਿ ਛਾਪੇਮਾਰੀ ਨੂੰ ਲੈ ਕੇ ਹਾਲੇ ਤੱਕ ਕੋਈ ਅਧਿਕਾਰਕ ਪੁਸ਼ਟੀ ਨਹੀਂ ਹੋਈ।ਲੱਖੀ ਕਿੰਗਰਾ ਤੋਂ ਇਲਾਵਾ ਲੁਧਿਆਣਾ, ਫਿਰੋਜ਼ਪੁਰ ਦੇ ਜ਼ੀਰਾ, ਗੁਰੂ ਹਰਸਹਾਏ ਅਤੇ ਤਲਵੰਡੀ ਭਾਈ 'ਵਿਚ ਵੀ ਵੱਖ-ਵੱਖ ਥਾਵਾਂ 'ਤੇ ਪੜਤਾਲੀਆਂ ਏਜੰਸੀ ਨੇ ਛਾਪੇਮਾਰੀ ਕੀਤੀ। ਮੋਗਾ ਦੇ ਐਸ. ਐਸ. ਪੀ. ਜੇ. ਈਲੇਨਚੇਲਿਅਨ ਨੇ ਵੀ ਉੱਥੇ ਛਾਪੇਮਾਰੀ ਹੋਣ ਦੀ ਪੁਸ਼ਟੀ ਕੀਤੀ।

**ਅਬੋਹਰ ਅਤੇ ਬੱਲੂਆਣਾ 'ਚ ਵੀ ਕੀਤੀ ਛਾਪੇਮਾਰੀ**

ਐਨ. ਆਈ. ਏ. ਦੀ ਟੀਮ ਨੇ ਅਬੋਹਰ ਦੇ (ਬਾਕੀ ਸਫ਼ਾ 30 'ਤੇ)

## ਪੰਜਾਬ ਪੁਲਿਸ ਨੇ ਨਸ਼ਾ ਤਸਕਰਾਂ ਖ਼ਿਲਾਫ਼ ਚਲਾਈ ਮੁਹਿੰਮ

**205 ਵਿਅਕਤੀ ਗ੍ਰਿਫਤਾਰ ਤੇ 187 ਐਫ.ਆਈ.ਆਰ. ਦਰਜ ਕੀਤੀਆਂ**

ਚੰਡੀਗੜ੍ਹ -ਪੰਜਾਬ ਪੁਲਿਸ ਵਲੋਂ ਨਸ਼ਾ ਤਸਕਰਾਂ ਤੇ ਸਮਾਜ-ਵਿਰੋਧੀ ਤੱਤਾਂ ਖਿਲਾਫ ਵੱਡਾ ਆਪ੍ਰੇਸ਼ਨ 28 ਪੁਲਿਸ ਜ਼ਿਲ੍ਹਿਆਂ ਵਿਚ ਚਲਾਇਆ ਗਿਆ।ਏ.ਡੀ.ਜੀ.ਪੀ. ਆਰਪਿਤ ਸ਼ੁਕਲਾ ਨੇ ਦੱਸਿਆ ਕਿ ਸੂਬੇ ਦੇ ਲੋਕਾਂ 'ਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਪੰਜਾਬ ਪੁਲਿਸ ਦੀ ਮੁੱਖ ਤਰਜੀਹ ਹੈ। ਏ.ਡੀ.ਜੀ.ਪੀ. ਨੇ ਕਿਹਾ ਕਿ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 324 ਹੌਟਸਪੌਟ ਖੇਤਰਾਂ ਨੂੰ ਘੇਰ ਕੇ 5781 ਵਿਅਕਤੀਆਂ ਦੀ ਤਲਾਸ਼ੀ ਲਈ, ਜਿਨ੍ਹਾਂ 'ਚੋਂ 205 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਤੇ 187 ਐਫ.ਆਈ.ਆਰ. ਦਰਜ ਕੀਤੀਆਂ ਸਨ।ਉਨ੍ਹਾਂ ਦੱਸਿਆ ਕਿ ਇਨ੍ਹਾਂ 'ਚ 9 ਘੋਸ਼ਿਤ ਕੀਤੇ ਅਪਰਾਧੀ ਵੀ ਸ਼ਾਮਿਲ ਹਨ। ਇਸ ਤੋਂ ਇਲਾਵਾ 2.8 ਕਿੱਲੋਗ੍ਰਾਮ ਹੈਰੋਇਨ ਅਤੇ 2.20 ਲੱਖ ਦੀ ਡਰੱਗ ਮਨੀ ਤੋਂ ਇਲਾਵਾ ਹੋਰ ਨਸ਼ੀਲੇ ਪਦਾਰਥ ਬਰਾਮਦ ਕੀਤੇ ਸਨ।

# ਬਾਇਡਨ ਨੇ ਯੂਕਰੇਨ ਦੀ ਯਾਤਰਾ ਤੋਂ ਬਾਅਦ ਨਾਟੋ ਸਹਿਯੋਗੀਆਂ ਨਾਲ ਪੋਲੈਂਡ ’ਚ ਕੀਤੀ ਮੀਟਿੰਗ

* ਬਿਡੇਨ ਵੱਲੋਂ ਕੀਵ ਦੀ ਆਪਣੀ ਯਾਤਰਾ ਦੌਰਾਨ ਯੂਕਰੇਨ ਨੂੰ ਵਾਧੂ ਫੌਜੀ ਸਹਾਇਤਾ ਦਾ ਐਲਾਨ
* ਰੂਸ ਵੱਲੋਂ ਧਮਕੀਆਂ ਮਿਲਣ ਲੱਗੀਆਂ ,ਪੁਤਿਨ ਬੋਲਿਆ ਕਿ ਰੂਸ ਦੀ ਤਬਾਹੀ ਚਾਹੁੰਦੇ ਨੇ ਪੱਛਮੀ ਦੇਸ਼

ਵਾਰਸਾ : ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ 20 ਫਰਵਰੀ ਨੂੰ ਯੂਕਰੇਨ ਦਾ ਦੌਰਾ ਕੀਤਾ ਸੀ। ਇੱਥੇ ਉਨ੍ਹਾਂ ਨੇ ਯੂਕਰੇਨ ਦੇ ਰਾਸ਼ਟਰਪਤੀ ਵਲੋਦੋਮੀਰ ਜ਼ੇਲੈਂਸਕੀ ਨਾਲ ਮੁਲਾਕਾਤ ਕੀਤੀ ਸੀ। ਬਿਡੇਨ ਨੇ ਕੀਵ ਦੀ ਆਪਣੀ ਯਾਤਰਾ ਦੌਰਾਨ ਯੂਕਰੇਨ ਨੂੰ ਵਾਧੂ ਫੌਜੀ ਸਹਾਇਤਾ ਦਾ ਐਲਾਨ ਕੀਤਾ ਸੀ।ਜਦੋਂ ਬਾਇਡਨ ਕਿਯੇਵ ਵਿੱਚ ਸੀ, ਯੂਐਸ ਸਟੇਟ ਡਿਪਾਰਟਮੈਂਟ ਨੇ ਯੂਕਰੇਨ ਨੂੰ ਅਮਰੀਕੀ ਸਹਾਇਤਾ ਵਿੱਚ £ 460 ਮਿਲੀਅਨ ਦੀ ਘੋਸ਼ਣਾ ਕੀਤੀ ਸੀ। ਇਸ ਵਿੱਚੋਂ 450 ਮਿਲੀਅਨ ਡਾਲਰ ਦੇ ਤੋਪਖਾਨੇ, ਹਥਿਆਰ ਵਿਰੋਧੀ ਪ੍ਰਣਾਲੀ ਅਤੇ ਹਵਾਈ ਰੱਖਿਆ ਰਾਡਾਰ ਦਿੱਤੇ ਜਾਣਗੇ। ਇਸ ਤੋਂ ਇਲਾਵਾ ਊਰਜਾ ਬੁਨਿਆਦੀ ਢਾਂਚੇ ਲਈ £10 ਮਿਲੀਅਨ ਦਿੱਤੇ ਜਾਣਗੇ।

ਯਾਦ ਰਹੇ ਕਿ ਯੁੱਧ ਦੀ ਸ਼ੁਰੂਆਤ ਤੋਂ, ਸੰਯੁਕਤ ਰਾਜ ਅਮਰੀਕਾ ਨੇ ਯੂਕਰੇਨ ਦੀ ਮਦਦ ਲਈ £24 ਬਿਲੀਅਨ ਤੋਂ ਵੱਧ ਦੀ ਸੁਰੱਖਿਆ ਸਹਾਇਤਾ ਭੇਜੀ ਸੀ।ਅਗਲੇ ਕੁਝ ਮਹੀਨਿਆਂ ਦੌਰਾਨ ਯੂਕਰੇਨ ਨੂੰ ਵੱਡੇ ਪੱਧਰ ’ਤੇ ਪੱਛਮੀ ਦੇਸ਼ਾਂ ਤੋਂ ਹਥਿਆਰਾਂ ਦੀ ਸਪਲਾਈ ਦਿੱਤੀ ਜਾਵੇਗੀ ਤਾਂ ਜੋ ਉਹ ਜਵਾਬੀ ਹਮਲੇ ਤੇਜ਼ ਕਰ ਸਕੇ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਇਹ ਜੰਗ ਛੇਤੀ ਮੁੱਕਣ ਵਾਲੀ ਨਹੀਂ।



ਇਹ ਜੰਗ ਇੱਕ ਭਿਆਨਕ ਸੰਘਰਸ਼ ਬਣ ਚੁੱਕੀ ਹੈ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮਹੀਨਿਆਂ ਜਾਂ ਸਾਲਾਂ ਤੱਕ ਜਾਰੀ ਰਹਿ ਸਕਦਾ ਹੈ।

ਕੀਵ ਦੇ ਅਚਾਨਕ ਦੌਰੇ ਤੋਂ ਬਾਅਦ ਬਾਇਡਨ ਬੀਤੇ ਦਿਨੀਂ ਪੋਲੈਂਡ ਦੀ ਰਾਜਧਾਨੀ ਵਾਰਸਾ ਪਹੁੰਚੇ। ਇੱਥੇ ਉਹ ਅਮਰੀਕਾ ਦੇ ਸਹਿਯੋਗੀਆਂ ਨੂੰ ਦੱਸਣਗੇ ਕਿ ਉਹ ਅਮਰੀਕਾ ਪੂਰੀ ਤਰ੍ਹਾਂ ਯੂਕਰੇਨ



ਦੇ ਨਾਲ ਖੜ੍ਹਾ ਹੈ। ਇਸ ਦੇ ਨਾਲ ਹੀ ਉਹ ਨਾਟੋ ਦੇ ਪੂਰਬੀ ਹਿੱਸੇ ਲਈ ਅਮਰੀਕੀ ਸਮਰਥਨ ’ਤੇ ਜ਼ੋਰ ਦੇਵੇਗਾ।ਬਾਇਡਨ ਯੂਕਰੇਨ ਦੇ ਸਮਰਥਨ ਲਈ ਸਮੂਹਿਕ ਯਤਨਾਂ ’ਤੇ ਚਰਚਾ ਕਰਨ ਲਈ ਪੋਲਿਸ਼ ਰਾਸ਼ਟਰਪਤੀ ਆਂਦਰੇਜ ਡੂਡਾ ਨਾਲ ਮੁਲਾਕਾਤ ਕਰਨਗੇ। ਉਹ ਫੌਜੀ ਅਤੇ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਵਿੱਚ ਸੰਯੁਕਤ ਰਾਜ ਅਤੇ ਹੋਰ ਦੇਸ਼ਾਂ ਦੀ ਮਦਦ ਕਰਨ ਲਈ ਪੋਲੈਂਡ ਦਾ ਧੰਨਵਾਦ ਕਰੇਗਾ।

ਬਾਇਡਨ ਦਾ ਕਹਿਣਾ ਹੈ ਕਿ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦਾ ਇਹ ਸੋਚਣਾ ਬਿਲਕੁਲ ਗ਼ਲਤ ਸੀ ਕਿ ਯੂਕਰੇਨ ਕਮਜ਼ੋਰ ਹੈ। ਦੂਜੇ ਪਾਸੇ ਪੂਤਿਨ ਨੇ ਵੀ ਦੁਹਰਾਇਆ ਹੈ ਕਿ ਉਹ ਝੁਕਣਗੇ ਨਹੀਂ ਅਤੇ ਮਾਸਕੋ ਪੱਛਮੀ ਪਾਬੰਦੀਆਂ ਸਮੇਤ ਕਿਸੇ ਵੀ ਹਾਲਤ ਦੇ ਟਾਕਰੇ ਵਾਸਤੇ ਤਿਆਰ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੀ ਅਗਵਾਈ ਵਾਲਾ ਪੱਛਮੀ ਜਗਤ ਰੂਸ ਨੂੰ ਤਬਾਹ ਕਰਨ ਵਾਸਤੇ ਪੂਰੀ ਦੁਨੀਆ ’ਤੇ ਜੰਗ ਥੋਪ ਰਿਹਾ ਹੈ। ਪੂਤਿਨ ਨੇ ਕਿਹਾ ਕਿ ਰੂਸ ਤੇ ਯੂਕਰੇਨ, ਪੱਛਮ ਦੀ ਦੋਗਲੀ ਨੀਤੀ ਦੇ ਪੀੜਤ ਹਨ, ਅਤੇ ਯੂਕਰੇਨ ਨਹੀਂ ਬਲਕਿ ਰੂਸ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ। ਪੂਤਿਨ ਨੇ ਕਿਹਾ, ‘ਅਸੀਂ ਯੂਕਰੇਨੀ ਲੋਕਾਂ ਨਾਲ ਨਹੀਂ ਲੜ ਰਹੇ। ਯੂਕਰੇਨ ਨੂੰ ਕੀਵ ਦੇ ਸ਼ਾਸਨ ਤੇ ਇਸ ਦੇ ਪੱਛਮੀ ਮਾਲਕਾਂ ਨੇ ਬੰਧਕ ਬਣਾ ਲਿਆ ਹੈ, ਜਿਨ੍ਹਾਂ ਅਸਰਦਾਰ ਢੰਗ ਨਾਲ ਮੁਲਕ ਉੱਤੇ ਕਬਜ਼ਾ ਕਰ ਲਿਆ ਹੈ।’ ਦੱਸਣਯੋਗ ਹੈ ਕਿ ਪੂਤਿਨ ਸ਼ੁਰੂ ਤੋਂ ਹੀ ਕਈ ਹਿੱਕਾਇਤਾਂ ਕਰ ਕੇ ਜੰਗ ਨੂੰ ਜਾਇਜ਼ ਠਹਿਰਾਉਂਦੇ ਆ ਰਹੇ ਹਨ, ਤੇ ਤਿੱਖੀ ਕੌਮਾਂਤਰੀ ਆਲੋਚਨਾ ਦੇ ਬਾਵਜੂਦ ਉਨ੍ਹਾਂ ਯੂਕਰੇਨ ਵਿਚੋਂ ਫ਼ੌਜ ਬਾਹਰ ਨਹੀਂ ਕੱਢੀ ਹੈ। ਰੂਸੀ ਆਗੂ ਨੇ ਉਨ੍ਹਾਂ ਯੂਕਰੇਨੀ ਖੇਤਰ ’ਚੋਂ ਫ਼ੌਜ ਨਾ ਕੱਢਣ ਦਾ ਅਹਿਦ ਕੀਤਾ ਹੈ ਜਿਨ੍ਹਾਂ ਦਾ ਰੂਸ ਨੇ ਗੈਰਕਾਨੂੰਨੀ ਢੰਗ ਨਾਲ ਰਲੇਵਾਂ ਕਰ ਲਿਆ ਸੀ। ਉਨ੍ਹਾਂ ਕਿਸੇ ਵੀ ਤਰ੍ਹਾਂ ਦੇ ਸ਼ਾਂਤੀ ਸਮਝੌਤੇ ਦਾ ਸੰਕੇਤ ਨਹੀਂ ਦਿੱਤਾ ਜਿਸ ਨਾਲ ਠੰਢੀ ਜੰਗ ਦੀ ਸੰਭਾਵਨਾ ਹੋਰ ਮਜ਼ਬੂਤ ਹੋ ਗਈ ਹੈ। ਪੂਤਿਨ ਨੇ ਕਿਹਾ, ‘ਪੱਛਮੀ ਤਾਕਤਾਂ ਆਪਣੇ ਮੰਤਵ ਜ਼ਾਹਿਰ ਕਰਨ ਦੀ ਕੋਸ਼ਿਸ਼ ਨਹੀਂ ਕਰ ਰਹੀਆਂ, ਜਿਨ੍ਹਾਂ ਵਿਚ ਰੂਸ ’ਤੇ ਰਣਨੀਤਕ ਹਾਰ ਨੂੰ ਥੋਪਣਾ ਸ਼ਾਮਲ ਹੈ। ਉਹ ਇਕ ਸਥਾਨਕ ਟਕਰਾਅ ਨੂੰ ਆਲਮੀ ਲੜਾਈ ਵਿਚ ਬਦਲਣ ’ਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਰੂਸ ਜਵਾਬ ਦੇਣ ਲਈ ਤਿਆਰ ਹੈ ਕਿਉਂਕਿ ਇਹ ਸਾਡੇ ਮੁਲਕ ਦੀ ਹੋਂਦ ਦਾ ਮੁੱਦਾ ਹੈ।’ ਪੂਤਿਨ ਨੇ ਨਾਲ ਹੀ ਕਿਹਾ, ‘ਉਨ੍ਹਾਂ ਨੇ ਜੰਗ ਛੇੜੀ ਸੀ ਤੇ ਅਸੀਂ ਇਸ ਨੂੰ ਤਾਕਤ ਦਾ ਇਸਤੇਮਾਲ ਕਰ ਕੇ ਖ਼ਤਮ ਕਰ ਰਹੇ ਹਾਂ।’ ਰੂਸੀ ਰਾਸ਼ਟਰਪਤੀ ਨੇ ਦੋਸ਼ ਲਾਇਆ ਕਿ ਪੱਛਮੀ ਮੁਲਕ ‘ਸੂਚਨਾਵਾਂ ਦੀ ਜੰਗ’ ਛੇੜ ਕੇ ਰੂਸ ਦੇ ਸਭਿਆਚਾਰ, ਧਰਮ ਤੇ ਕਦਰਾਂ-ਕੀਮਤਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ‘ਰੂਸ ਨੂੰ ਜੰਗ ਦੇ ਮੈਦਾਨ ਵਿਚ ਤਾਂ ਹਰਾਇਆ ਨਹੀਂ ਜਾ ਸਕਦਾ।’ ਉਨ੍ਹਾਂ ਨਾਲ ਹੀ ਇਲਜ਼ਾਮ ਲਾਇਆ ਕਿ ਪੱਛਮੀ ਮੁਲਕ ਪਾਬੰਦੀਆਂ ਨਾਲ ਰੂਸ ਦੀ ਆਰਥਿਕਤਾ ਉੱਤੇ ਹੱਲਾ ਬੋਲ ਰਹੇ ਹਨ, ਪਰ ਉਨ੍ਹਾਂ ਹੱਥ ਕੁਝ ਨਹੀਂ ਲੱਗਿਆ ਤੇ ਨਾ ਲੱਗੇਗਾ। -

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com ’ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ ’ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਪੂਤਿਨ ਵੱਲੋਂ ਅਮਰੀਕਾ ਨਾਲ ਹੋਇਆ ਪਰਮਾਣੂ ਸਮਝੌਤਾ ਰੱਦ

ਮਾਸਕੋ: ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅਮਰੀਕਾ ਨਾਲ ਹੋਇਆ ਪਰਮਾਣੂ ਸਮਝੌਤਾ ਰੱਦ ਕਰ ਦਿੱਤਾ ਹੈ। ਇਹ ਸਮਝੌਤਾ ਪਰਮਾਣੂ ਹਥਿਆਰਾਂ ਦਾ ਵਿਸਤਾਰ ਬੰਦ ਕਰਨ ਨਾਲ ਸਬੰਧਤ ਸੀ। ਦੋਵਾਂ ਮੁਲਕਾਂ ਨੇ 2010 ਵਿਚ ਇਹ ਸਮਝੌਤਾ ਕੀਤਾ ਸੀ। ਸਮਝੌਤੇ ਵਿਚ ਲੰਮੀ ਦੂਰੀ ਤੱਕ ਮਾਰ ਕਰਨ ਵਾਲੇ ਪਰਮਾਣੂ ਹਥਿਆਰਾਂ ਦੀ ਤਾਇਨਾਤੀ ਨੂੰ ਸੀਮਤ ਕਰਨਾ ਤੇ ਉਨ੍ਹਾਂ ਮਿਜ਼ਾਈਲਾਂ ਦੀ ਵਰਤੋਂ ਨੂੰ ਸੀਮਤ ਕਰਨਾ ਸ਼ਾਮਲ ਸੀ ਜੋ ਪਰਮਾਣੂ ਹਥਿਆਰ ਲਿਜਾ ਸਕਦੀਆਂ ਹਨ। ਪੂਤਿਨ ਨੇ ਭਾਸ਼ਣ ਵਿਚ ਕਿਹਾ ਕਿ ਰੂਸ



ਇਸ ਸਮਝੌਤੇ ਵਿਚੋਂ ਪੂਰੀ ਤਰ੍ਹਾਂ ਬਾਹਰ ਨਹੀਂ ਆ ਰਿਹਾ ਪਰ ਜੇ ਅਮਰੀਕਾ ਪ੍ਰੀਖਣ ਕਰਦਾ ਹੈ ਤਾਂ ਰੂਸ ਨੂੰ ਵੀ ਪਰਮਾਣੂ ਹਥਿਆਰ ਪਰਖਣ ਲਈ ਤਿਆਰ ਰਹਿਣਾ ਚਾਹੀਦਾ ਹੈ। -ਏਪੀ

ਚਾਹੇ ਪੁਤਿਨ ਨੂੰ ਆਪਣੀ ਇੱਛਾ ਮੁਤਾਬਿਕ ਇਸ ਜੰਗ ਵਿਚ ਵੱਡੀ ਸਫ਼ਲਤਾ ਤਾਂ ਨਹੀਂ ਮਿਲੀ ਪਰ ਉਸ ਵਲੋਂ ਆਉਂਦੇ ਦਿਨਾਂ ਵਿਚ ਇਸ ਨੂੰ ਖ਼ਤਮ ਕਰਨ ਦੇ ਆਸਾਰ ਵੀ ਨਜ਼ਰ ਨਹੀਂ ਆਉਂਦੇ ਹਨ। ਇਸ ਨਾਲ ਜਿਥੇ ਯੂਕਰੇਨ ਦੀ ਹੋਰ ਤਬਾਹੀ ਹੋਵੇਗੀ, ਉਥੇ ਦੁਨੀਆ ਭਰ ਵਿਚ ਖ਼ੁਰਾਕ ਅਤੇ ਤੇਲ ਦੀ ਕਿੱਲਤ ਵੀ ਹੋਰ ਵਧ ਜਾਏਗੀ ਅਤੇ ਇਸ ਤੋਂ ਵੀ ਅਹਿਮ ਗੱਲ ਇਹ ਕਿ ਪੈਦਾ ਹੋਇਆ ਅਜਿਹਾ ਤਣਾਅ ਕਦੇ ਵੀ ਪ੍ਰਮਾਣੂ ਜੰਗ ਵਿਚ ਬਦਲ ਸਕਦਾ ਹੈ, ਜੋ ਦੁਨੀਆ ਲਈ ਇਕ ਭਿਆਨਕ ਸੁਨੇਹਾ ਹੋਵੇਗਾ।

## ਸ਼ਾਂਤੀ ਵਾਰਤਾ ਰਾਹੀਂ ਹੱਲ ਲੱਭਣ ਵਿੱਚ ਚੀਨ ਸਰਗਰਮ

ਬੀਜਿੰਗ : ਚੀਨ ਦੇ ਵਿਦੇਸ਼ ਮੰਤਰੀ ਕਿਨ ਗੈਂਗ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਰੂਸ ਅਤੇ ਯੂਕਰੇਨ ਵਿਚਾਲੇ ਸੰਘਰਸ਼ ਨੂੰ ਖ਼ਤਮ ਕਰਨ ਲਈ ਭੂਮਿਕਾ ਨਿਭਾਉਣਾ ਚਾਹੁੰਦਾ ਹੈ। ਬੀਜਿੰਗ ’ਚ ਇਕ ਸੁਰੱਖਿਆ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਗੈਂਗ ਨੇ ਕਿਹਾ ਕਿ ਚੀਨ ਨੂੰ ਚਿੰਤਾ ਹੈ ਕਿ ਲਗਭਗ ਇਕ ਸਾਲ ਤੋਂ ਚੱਲ ਰਹੀ ਜੰਗ ਵਧ ਸਕਦੀ ਹੈ ਅਤੇ ਕੰਟਰੋਲ ਤੋਂ ਬਾਹਰ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਚੀਨ ਸ਼ਾਂਤੀ ਵਾਰਤਾ ਲਈ ਅਪੀਲ ਕਰਦਾ ਰਹੇਗਾ ਅਤੇ ਚਾਹੇਗਾ ਕਿ ਸਿਆਸੀ ਹੱਲ



ਕੱਢਣ ਲਈ ਚੀਨ ਦੀ ਸਮਝਦਾਰੀ ਦਾ ਫ਼ਾਇਦਾ ਲਿਆ ਜਾਵੇ। ਜ਼ਿਕਰਯੋਗ ਹੈ ਕਿ ਰੂਸ ਨੂੰ ਯੂਕਰੇਨ ’ਤੇ ਹਮਲੇ ਵਿਚ ਚੀਨ ਦਾ ਮਜ਼ਬੂਤ ਸਿਆਸੀ ਸਮਰਥਨ ਹਾਸਲ ਹੈ।

ਗੈਂਗ ਨੇ ਸੰਭਵ ਤੌਰ ’ਤੇ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਦੁਆਰਾ ਯੂਕਰੇਨ ਨੂੰ ਦਿੱਤੀ ਜਾ ਰਹੀ ਮਿਲਟਰੀ ਮਦਦ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਸੀਂ ਸਬੰਧਤ ਦੇਸ਼ਾਂ ਨੂੰ ਵੀ ਅਪੀਲ ਕਰਦੇ ਹਾਂ ਕਿ ਉਹ ਤੁਰੰਤ ਅੱਗ ਵਿੱਚ ਘਿਓ ਪਾਉਣਾ ਬੰਦ ਕਰ ਦੇਣ, ਚੀਨ ਨੂੰ ਜਵਾਬਦੇਹ ਠਹਿਰਾਉਣਾ ਬੰਦ ਕਰ ਦੇਣ ਅਤੇ ਨਾਲ ਹੀ ਅੱਜ ਯੂਕਰੇਨ, ਕੱਲ੍ਹ ਤਾਈਵਾਨ ਦੇ ਵਿਚਾਰ ਵਟਾਂਦਰੇ ਨੂੰ ਹਵਾ ਦੇਣੀ ਬੰਦ ਕਰਨ।

# ਦੁਨੀਆਂ ਦੀਆਂ ਸਭ ਤੋਂ ਅਮੀਰ 5 ਔਰਤਾਂ

## ਕਾਰੋਬਾਰੀ ਦੁਨੀਆਂ 'ਚ ਚੱਲਦੈ ਇਨ੍ਹਾਂ ਦਾ ਸਿੱਕਾ



ਦੁਨੀਆਂ ਭਰ ਦੀਆਂ ਔਰਤਾਂ ਆਪਣੀ ਕਾਬਲੀਅਤ ਦਾ ਸਬੂਤ ਦੇ ਰਹੀਆਂ ਹਨ। ਉਹ ਹਰ ਖੇਤਰ ਵਿੱਚ ਮਰਦਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲ ਰਹੀਆਂ ਹਨ ਅਤੇ ਕਮਾਈ ਦੇ ਮਾਮਲੇ ਵਿੱਚ ਵੀ ਔਰਤਾਂ ਨੇ ਝੰਡੇ ਗੱਡੇ ਹਨ। ਦੁਨੀਆਂ ਭਰ ਦੇ ਅਮੀਰ ਲੋਕਾਂ ਦੀ ਸੂਚੀ 'ਚ ਵੱਡੀ ਗਿਣਤੀ 'ਚ ਔਰਤਾਂ ਨੇ ਆਪਣੀ ਮੌਜੂਦਗੀ ਦਰਜ ਕਰਵਾਈ ਹੈ। ਫੋਰਬਸ ਦੀ ਸਭ ਤੋਂ ਅਮੀਰ ਲੋਕਾਂ ਦੀ ਸੂਚੀ 'ਤੇ ਨਜ਼ਰ ਮਾਰੀਏ ਤਾਂ 3 ਔਰਤਾਂ ਦੇ ਨਾਂ ਟਾਪ 20 'ਚ ਸ਼ਾਮਲ ਹਨ। ਇੱਕ ਫ੍ਰੈਂਕੋਇਸ ਬੇਟਨਕੋਰਟ ਮੇਅਰਸ, ਦੂਜੀ ਐਲਿਸ ਵਾਲਟਨ ਅਤੇ ਤੀਜੀ ਜੂਲੀਆ ਕੋਚ। ਇਨ੍ਹਾਂ ਔਰਤਾਂ ਦੀ ਕੁੱਲ ਜਾਇਦਾਦ 200 ਅਰਬ ਡਾਲਰ ਤੋਂ ਵੱਧ ਹੈ। ਆਓ ਜਾਣਦੇ ਹਾਂ ਫੋਰਬਸ ਮੁਤਾਬਕ ਦੁਨੀਆਂ ਦੀਆਂ ਸਭ ਤੋਂ ਅਮੀਰ 5 ਔਰਤਾਂ, ਫੋਰਬਸ ਵਿਸ਼ਵ ਅਰਬਪਤੀਆਂ ਦੀ ਸੂਚੀ 2023 ਵਿੱਚ ਕੌਣ ਹਨ ਅਤੇ ਉਨ੍ਹਾਂ ਦੀ ਕੁੱਲ ਜਾਇਦਾਦ ਕਿੰਨੀ ਹੈ?

**ਫ੍ਰੈਂਕੋਇਸ ਬੇਟਨਕੋਰਟ ਮੇਅਰਸ**

ਫ੍ਰੈਂਕੋਇਸ ਬੇਟਨਕੋਰਟ ਮੇਅਰਸ ਇਸ ਸਮੇਂ ਫੋਰਬਸ ਦੀ ਸਭ ਤੋਂ ਅਮੀਰ ਔਰਤਾਂ ਦੀ ਸੂਚੀ ਵਿੱਚ ਸਿਖਰ 'ਤੇ ਹੈ। ਉਸ ਨੂੰ ਲੋਰੀਅਲ ਲੇਡੀ ਵਜੋਂ ਵੀ ਜਾਣਿਆ ਜਾਂਦਾ ਹੈ। ਫ੍ਰੈਂਕੋਇਸ ਬੇਟਨਕੋਰਟ ਮੇਅਰਸ ਫਰਾਂਸ ਦੀ ਨਿਵਾਸੀ ਹੈ ਅਤੇ ਫ੍ਰੈਂਕੋਇਸ ਲੋਰੀਅਲ ਦੇ ਸੰਸਥਾਪਕ ਦੀ ਪੋਤੀ ਹੈ। 20 ਫਰਵਰੀ 2023 ਤੱਕ ਉਸਦੀ ਕੁੱਲ ਜਾਇਦਾਦ 82.0 ਬਿਲੀਅਨ ਡਾਲਰ ਹੈ। ਫਰਾਂਸ ਦੀ ਕੰਪਨੀ 'ਲੋਰੀਅਲ' ਦੀ ਮਾਲਕਣ ਆਪਣੀ ਮਾਂ ਤੋਂ ਬਾਅਦ ਇਸ ਕੰਪਨੀ ਦਾ ਕੰਮ ਦੇਖਣ ਲੱਗੀ। ਦਰਅਸਲ, ਇਸ ਕੰਪਨੀ ਦੀ ਸਥਾਪਨਾ ਉਨ੍ਹਾਂ ਦੇ ਨਾਨੇ ਨੇ ਕੀਤੀ ਸੀ। ਉਸ ਦੀ ਮੌਤ ਤੋਂ ਬਾਅਦ, ਮੇਅਰਸ ਦੀ ਮਾਂ ਨੇ ਕੰਮ ਦੇਖਣਾ ਸ਼ੁਰੂ ਕੀਤਾ ਅਤੇ ਉਸ ਤੋਂ ਬਾਅਦ ਉਹ ਖੁਦ ਇਸ ਕੰਪਨੀ ਦੀ ਵਾਗਡੋਰ ਸੰਭਾਲ ਰਹੀ ਹੈ। ਉਹ ਸਭ ਤੋਂ ਅਮੀਰ ਲੋਕਾਂ ਦੀ ਸੂਚੀ 'ਚ 11ਵੇਂ ਨੰਬਰ 'ਤੇ ਮੌਜੂਦ ਹੈ।

**ਐਲਿਸ ਵਾਲਟਨ**

ਐਲਿਸ ਵਾਲਟਨ 60.2 ਬਿਲੀਅਨ ਡਾਲਰ ਦੀ ਜਾਇਦਾਦ ਨਾਲ ਦੁਨੀਆਂ ਦੀਆਂ ਸਭ ਤੋਂ ਅਮੀਰ ਔਰਤਾਂ ਦੀ ਸੂਚੀ ਵਿੱਚ ਦੂਜੇ ਨੰਬਰ 'ਤੇ ਹੈ। ਅਮਰੀਕੀ ਲੇਡੀ ਐਲਿਸ ਵਾਲਟਨ ਵਾਲਮਾਰਟ ਦੇ ਸੰਸਥਾਪਕ ਸੈਮ ਵਾਲਟਨ ਦੀ ਧੀ ਹੈ। ਉਹ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿਚ 19ਵੇਂ ਨੰਬਰ 'ਤੇ ਮੌਜੂਦ ਹੈ। ਐਲਿਸ ਆਪਣੇ ਪਿਤਾ ਦੀ ਇਕਲੌਤੀ ਧੀ ਹੈ। ਐਲਿਸ ਵਾਲਟਨ ਦਾ ਰਿਟੇਲ ਸੈਕਟਰ ਵਿੱਚ ਇੱਕ ਤਰਫ਼ਾ ਰਾਜ ਮੰਨਿਆ ਜਾਂਦਾ ਹੈ।



**ਜੂਲੀਆ ਕੋਚ**

ਅਰਬਪਤੀਆਂ ਦੀ ਸੂਚੀ ਵਿੱਚ ਤੀਜੇ ਨੰਬਰ 'ਤੇ ਰਹੀ ਜੂਲੀਆ ਕੋਚ ਦੀ ਕੁੱਲ ਜਾਇਦਾਦ 59.6 ਬਿਲੀਅਨ ਡਾਲਰ ਹੈ। ਜੂਲੀਆ ਕਈ ਚੈਰਿਟੀ ਪ੍ਰੋਜੈਕਟ ਵੀ ਚਲਾਉਂਦੀਹੈ। ਅਮਰੀਕਾ ਦੀ ਕੋਚ ਇੰਡਸਟਰੀਜ਼ ਦੇ ਮਾਲਕ ਡੇਵਿਡ ਕੋਚ ਦੀ ਮੌਤ ਤੋਂ ਬਾਅਦ ਉਨ੍ਹਾਂ ਦੀ ਪਤਨੀ ਅਤੇ ਉਨ੍ਹਾਂ ਦੇ ਤਿੰਨ ਬੱਚਿਆਂ ਨੂੰ ਕੰਪਨੀ ਦੀ 42 ਫੀਸਦੀ ਮਾਲਕੀ ਮਿਲ ਗਈ। ਜੂਲੀਆ ਕੋਚ ਉਦੋਂ ਤੋਂ ਹੀ ਕੰਪਨੀ ਦੇ ਮੁਖੀ ਵਜੋਂ ਕੰਮ ਕਰ ਰਹੀ ਹੈ। ਉਹ ਸਭ ਤੋਂ ਅਮੀਰ ਲੋਕਾਂ ਦੀ ਸੂਚੀ 'ਚ 20ਵੇਂ ਨੰਬਰ 'ਤੇ ਮੌਜੂਦ ਹੈ।

**ਜੈਕਲੀਨ ਮਾਰਸ**

ਸਭ ਤੋਂ ਅਮੀਰ ਔਰਤਾਂ ਦੀ ਸੂਚੀ ਵਿੱਚ ਅਮਰੀਕਾ ਦੀ ਜੈਕਲੀਨ ਮਾਰਸ ਦਾ ਨਾਂ ਵੀ ਸ਼ਾਮਲ ਹੈ। ਅਮੀਰ ਔਰਤਾਂ ਦੀ ਸੂਚੀ 'ਚ ਚੌਥੇ ਨੰਬਰ 'ਤੇ ਰਹਿਣ ਵਾਲੀ ਜੈਕਲੀਨ ਮਾਰਸ ਦੀ ਕੁੱਲ ਜਾਇਦਾਦ 38.0 ਅਰਬ ਡਾਲਰ ਹੈ। ਉਹ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ 32ਵੇਂ ਨੰਬਰ 'ਤੇ ਮੌਜੂਦ ਹੈ। ਜੈਕਲੀਨ, ਕੈਂਡੀ ਅਤੇ ਪੈੱਟ ਫ਼ੂਡ ਤੋਂ ਕਮਾਈ ਕਰਦੀ ਹੈ। ਉਨ੍ਹਾਂ ਦੀ ਕੰਪਨੀ 100 ਸਾਲ ਪਹਿਲਾਂ ਸ਼ੁਰੂ ਹੋਈ ਸੀ ਅਤੇ ਅੱਜ ਵੀ ਕੰਪਨੀ ਦੀ ਵਾਗਡੋਰ ਪਰਿਵਾਰ ਦੇ ਹੱਥਾਂ ਵਿੱਚ ਹੈ। ਮਾਰਸ ਨੂੰ ਦੁਨੀਆਂ ਦੀ ਸਭ ਤੋਂ ਵੱਡੀ ਕੈਂਡੀ ਕੰਪਨੀ ਮੰਨਿਆ ਜਾਂਦਾ ਹੈ।

**ਮਿਰੀਅਮ ਐਡਲਸਨ ਅਤੇ ਪਰਿਵਾਰ**

ਸਭ ਤੋਂ ਅਮੀਰ ਔਰਤਾਂ ਦੀ ਸੂਚੀ 'ਚ ਮਿਰੀਅਮ ਐਡਲਸਨ ਦਾ ਨਾਂ ਪੰਜਵੇਂ ਸਥਾਨ 'ਤੇ ਹੈ। ਉਸਦੀ ਕੁੱਲ ਜਾਇਦਾਦ 35.0 ਬਿਲੀਅਨ ਡਾਲਰ ਹੈ। ਉਹ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ 36ਵੇਂ ਨੰਬਰ 'ਤੇ ਮੌਜੂਦ ਹੈ। ਮਿਰੀਅਮ ਐਡਲਸਨ ਦੀ ਆਮਦਨ ਦਾ ਸਰੋਤ ਕੈਸੀਨੋ ਕੰਪਨੀ 'ਲਾਸ ਵੇਗਾਸ ਸੈਂਡਜ਼' ਹੈ। ਉਸ ਕੋਲ ਇਸ ਕੰਪਨੀ ਦੇ ਸਭ ਤੋਂ ਵੱਧ ਸ਼ੇਅਰ ਹਨ। ਮਿਰੀਅਮ ਦੇ ਪਤੀ ਸ਼ੈਲਡਨ ਐਡਲਸਨ ਨੇ ਇਹ ਕੰਪਨੀ ਸ਼ੁਰੂ ਕੀਤੀ ਸੀ, ਪਰ ਉਸ ਦੀ ਮੌਤ ਤੋਂ ਬਾਅਦ ਮਿਰੀਅਮ ਨੇ ਇਸ ਦੀ ਵਾਗਡੋਰ ਸੰਭਾਲ ਲਈ।

# ਅਮੀਰ ਦੇਸ਼ਾਂ 'ਚ ਕਾਰਾਂ ਲਈ ਨੌਜਵਾਨਾਂ ਦੇ ਰੁਝਾਨ 'ਚ ਆ ਰਹੀ ਹੈ ਕਮੀ

ਅਮਰੀਕਾ ਦੇ ਪੋਰਟਲੈਂਡ, ਓਰੇਗਨ ਦੀ ਹਾਈ ਸਕੂਲ ਦੀ ਵਿਦਿਆਰਥਣ ਐਡਾਹ ਕੇਂਡਲ ਨੂੰ ਗੱਡੀ ਚਲਾਉਣਾ ਸਿੱਖਣ ਵਿੱਚ ਕੋਈ ਦਿਲਚਸਪੀ ਨਹੀਂ ਹੈ। ਉਹ 16 ਸਾਲਾਂ ਦੀ ਹੈ ਅਤੇ ਕਾਰਾਂ ਲਈ ਆਪਣੇ ਸ਼ਹਿਰ ਦੀ ਯੋਜਨਾ ਦੇ ਵਿਰੁੱਧ ਬੋਲਦੀ ਹੈ। ਉਹ ਡਰਾਈਵਿੰਗ ਲਾਇਸੰਸ ਨਹੀਂ ਲੈਣਾ ਚਾਹੁੰਦੀ। ਦੁਨੀਆ ਦੀਆਂ ਸੜਕਾਂ ਤੇ ਗੱਡੀ ਚਲਾਉਣ ਵਾਲਿਆਂ ਦੀ ਗਿਣਤੀ ਵਧ ਰਹੀ ਹੈ। ਅਮਰੀਕੀਆਂ ਨੇ ਪਿਛਲੇ ਸਾਲ ਮੋਟਰ ਕਾਰਾਂ ਵਿੱਚ ਰਿਕਾਰਡ ਦੂਰੀ ਤੈਅ ਕੀਤੀ। ਫਿਰ ਵੀ, ਕੈਂਡਲ ਵਰਗੇ ਲੋਕਾਂ ਦੀ ਗਿਣਤੀ ਵਧ ਰਹੀ ਹੈ. ਪਹਿਲਾਂ ਡਰਾਈਵਿੰਗ ਲਾਇਸੈਂਸ ਨੂੰ ਬਾਲਗ ਬਣਨ ਦੇ ਰਾਹ ਵਿੱਚ ਇੱਕ ਅਧਿਕਾਰ ਮੰਨਿਆ ਜਾਂਦਾ ਸੀ। ਹੁਣ 20 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕ ਡਰਾਈਵਿੰਗ ਲਾਇਸੈਂਸ ਨਹੀਂ ਚਾਹੁੰਦੇ ਹਨ।



ਨਿਊਯਾਰਕ ਸਿਟੀ ਤੋਂ ਨਾਰਵੇ ਤੱਕ ਬਹੁਤ ਸਾਰੇ ਸ਼ਹਿਰਾਂ ਵਿੱਚ ਸਥਾਨਕ ਸਿਆਸਤਦਾਨ ਕਾਰ ਵਿਰੋਧੀ ਕਾਨੂੰਨ ਪਾਸ ਕਰ ਰਹੇ ਹਨ। ਉਹ ਪਾਰਕਿੰਗ ਸਥਾਨਾਂ ਨੂੰ ਖਤਮ ਕਰਨ ਅਤੇ ਪੈਦਲ ਚੱਲਣ ਵਾਲਿਆਂ ਦੀ ਸਹੂਲਤ ਲਈ ਨਿਯਮ ਬਣਾ ਰਹੇ ਹਨ। ਅਮੀਰ ਦੇਸ਼ਾਂ ਵਿੱਚ ਕਾਰਾਂ ਦੇ 100 ਸਾਲਾਂ ਦੇ ਦਬਦਬੇ ਤੋਂ ਬਾਅਦ, ਹੁਣ ਹਵਾ ਉਲਟ ਦਿਸ਼ਾ ਵਿੱਚ ਵਗ ਰਹੀ ਹੈ। 1997 ਵਿੱਚ, ਦੇਸ਼ ਵਿੱਚ 16 ਸਾਲ ਦੀ ਉਮਰ ਦੇ 43% ਲੋਕਾਂ ਕੋਲ ਡਰਾਈਵਿੰਗ ਲਾਇਸੈਂਸ ਸੀ। 2020 ਵਿੱਚ, ਇਹ ਗਿਣਤੀ ਘੱਟ ਕੇ 25% ਰਹਿ ਗਈ ਸੀ। 20 ਤੋਂ 24 ਸਾਲ ਦੀ ਉਮਰ ਦੇ ਪੰਜਾਂ ਵਿੱਚੋਂ ਇੱਕ ਅਮਰੀਕੀ ਕੋਲ ਲਾਇਸੈਂਸ ਨਹੀਂ ਸੀ। ਤਾਜ਼ਾ ਅੰਕੜਿਆਂ ਦੇ ਅਨੁਸਾਰ 40 ਸਾਲ ਤੋਂ ਘੱਟ ਉਮਰ ਦੇ ਹਰ ਵਰਗ ਵਿੱਚ ਲਾਇਸੈਂਸਾਂ ਦੀ ਗਿਣਤੀ ਘਟ ਰਹੀ ਹੈ। ਜਿਨ੍ਹਾਂ ਲੋਕਾਂ ਕੋਲ ਲਾਇਸੰਸ ਹਨ, ਉਹ ਘੱਟ ਗੱਡੀਆਂ ਚਲਾ ਰਹੇ ਹਨ। 1990 ਅਤੇ 2017 ਦੇ ਵਿਚਕਾਰ ਅਮਰੀਕਾ ਵਿੱਚ ਕਿਸ਼ੋਰ ਡਰਾਈਵਰਾਂ ਦੁਆਰਾ ਯਾਤਰਾ ਕੀਤੀ ਦੂਰੀ ਵਿੱਚ 35% ਅਤੇ 29-34 ਸਾਲ ਦੀ ਉਮਰ ਦੇ ਲੋਕਾਂ ਵਿੱਚ 18% ਦੀ ਕਮੀ ਆਈ ਹੈ। ਬਜ਼ੁਰਗ ਲੋਕ ਜ਼ਿਆਦਾ ਗੱਡੀ ਚਲਾ ਰਹੇ ਹਨ। ਯੂਰਪ ਵਿੱਚ ਵੀ ਅਜਿਹਾ ਹੀ ਰੁਝਾਨ ਹੈ। ਯੂਕੇ ਵਿੱਚ ਡ੍ਰਾਈਵਿੰਗ ਕਰਨ ਵਾਲੇ ਨੌਜਵਾਨਾਂ ਦਾ ਅਨੁਪਾਤ ਲਗਭਗ ਅੱਧਾ ਹੋ ਗਿਆ ਹੈ। ਇਹ ਪਿਛਲੇ ਵੀਹ ਸਾਲਾਂ ਵਿੱਚ 41% ਤੋਂ ਵਧਿਆ ਹੈ 21% ਤੱਕ ਡਿੱਗ ਗਿਆ. ਯੂਰਪੀਅਨ ਯੂਨੀਅਨ ਦੇ ਦੇਸ਼ਾਂ ਵਿੱਚ ਅੱਜ ਪਹਿਲਾਂ ਨਾਲੋਂ ਵੱਧ ਕਾਰਾਂ ਹਨ। ਫਿਰ ਵੀ, ਸਦੀ ਦੇ ਸ਼ੁਰੂ ਤੋਂ ਬਾਅਦ ਹਰ ਦੇਸ਼ ਵਿੱਚ ਕਾਰ ਦੁਆਰਾ ਔਸਤ ਯਾਤਰਾ ਵਿੱਚ ਦਸ ਪ੍ਰਤੀਸ਼ਤ ਤੋਂ ਵੱਧ ਦੀ ਗਿਰਾਵਟ ਆਈ ਹੈ। ਪੰਜ ਯੂਰਪੀ ਰਾਜਧਾਨੀਆਂ - ਬਰਲਿਨ, ਕੋਪੇਨਹੇਗਨ, ਲੰਡਨ, ਪੈਰਿਸ ਅਤੇ ਵਿਏਨਾ ਵਿੱਚ ਕੰਮ ਕਰਨ ਵਾਲੇ ਲੋਕਾਂ ਦੀ ਡਰਾਈਵਿੰਗ ਘਟੀ ਹੈ।

ਡਰਾਈਵਿੰਗ ਵਿੱਚ ਗਿਰਾਵਟ ਦੇ ਕਈ ਕਾਰਨ ਹਨ। ਇੰਟਰਨੈੱਟ ਦਾ ਵਿਸਤਾਰ ਇੱਕ ਕਾਰਨ ਹੈ। ਆਨਲਾਈਨ ਖਰੀਦਦਾਰੀ, ਘਰ ਬੈਠੇ ਫਿਲਮਾਂ ਦੇਖਣ ਨਾਲ ਬਾਹਰ ਜਾਣ ਦੀ ਜ਼ਰੂਰਤ ਘੱਟ ਗਈ ਹੈ। ਵੈਸਟ ਆਫ ਇੰਗਲੈਂਡ ਯੂਨੀਵਰਸਿਟੀ ਦੀ ਡਾਕਟਰ ਕਿਰਨ ਚੈਟਰਜੀ ਦੀ ਰਿਪੋਰਟ ਅਨੁਸਾਰ ਅਜਿਹਾ ਨੌਕਰੀ ਵਿਚ ਅਸੁਰੱਖਿਆ, ਘੱਟ ਤਨਖਾਹ, ਪੜ੍ਹਾਈ ਤੇ ਜ਼ਿਆਦਾ ਖਰਚ, ਆਪਣਾ ਘਰ ਨਾ ਹੋਣ ਕਾਰਨ ਹੋ ਰਿਹਾ ਹੈ। ਉਬੇਰ, ਲਿਫਟ ਵਰਗੀਆਂ ਟੈਕਸੀ ਐਪਾਂ ਦਾ ਉਭਾਰ ਅਤੇ ਨੌਜਵਾਨ ਡਰਾਈਵਰਾਂ ਲਈ ਉੱਚ ਬੀਮਾ ਪ੍ਰੀਮੀਅਮ ਵੀ ਇੱਕ ਭੂਮਿਕਾ ਨਿਭਾਉਂਦੇ ਹਨ। ਜਲਵਾਯੂ ਪਰਿਵਰਤਨ ਬਾਰੇ ਚਿੰਤਾਵਾਂ ਨੇ ਵੀ ਕਾਰਾਂ ਵਿੱਚ ਦਿਲਚਸਪੀ ਘਟਾ ਦਿੱਤੀ ਹੈ।

### ਭੀੜ-ਭੜੱਕੇ ਵਾਲੇ ਖੇਤਰਾਂ 'ਚ ਕਾਰਾਂ ਦੀ ਆਵਾਜਾਈ 'ਤੇ ਪਾਬੰਦੀ

ਬਹੁਤ ਸਾਰੇ ਸ਼ਹਿਰਾਂ ਨੇ ਭੀੜ-ਭੜੱਕੇ ਵਾਲੇ ਖੇਤਰਾਂ ਵਿੱਚ ਕਾਰਾਂ ਨੂੰ ਕੰਟਰੋਲ ਕਰਨ ਲਈ ਉਪਾਅ ਕੀਤੇ ਹਨ। ਲੰਡਨ, ਮਿਲਾਨ ਅਤੇ ਸਟਾਕਹੋਮ ਵਿੱਚ ਕੁਝ ਸ਼ਹਿਰ ਦੇ ਖੇਤਰਾਂ ਵਿੱਚ ਕਾਰ ਲਿਜਾਣ ਲਈ ਇੱਕ ਫੀਸ ਹੈ। ਇਸ ਨਾਲ ਕਾਰਾਂ ਦੀ ਆਵਾਜਾਈ ਘਟੀ ਹੈ। ਇਹ ਸਕੀਮ ਇਸ ਸਾਲ ਨਿਊਯਾਰਕ ਵਿੱਚ ਸ਼ੁਰੂ ਹੋ ਰਹੀ ਹੈ। ਸੈਂਟਰਲ ਪਾਰਕ ਚ ਕਾਰਾਂ ਦੇ ਦਾਖਲੇ ਤੇ ਪਾਬੰਦੀ ਹੈ। ਮਿਨੀਆਪੋਲਿਸ, ਬੋਸਟਨ ਸਮੇਤ ਅਮਰੀਕਾ ਦੇ ਕਈ ਸ਼ਹਿਰਾਂ ਨੇ ਇਮਾਰਤਾਂ ਵਿੱਚ ਪਾਰਕਿੰਗ ਲਈ ਖਾਲੀ ਥਾਂ ਬਣਾਉਣ ਦੇ ਨਿਯਮਾਂ ਨੂੰ ਖਤਮ ਕਰ ਦਿੱਤਾ ਹੈ। ਯੂਕੇ ਦੇ ਕਈ ਸ਼ਹਿਰਾਂ ਵਿੱਚ ਘੱਟ ਆਵਾਜਾਈ ਵਾਲੇ ਖੇਤਰ ਬਣਾਏ ਗਏ ਹਨ। 2020 ਵਿੱਚ ਨਾਰਵੇ ਦੀ ਰਾਜਧਾਨੀ ਓਸਲੋ ਵਿੱਚ ਸਿਟੀ ਸੈਂਟਰ ਵਿੱਚ ਆਨ ਸਟ੍ਰੀਟ ਪਾਰਕਿੰਗ ਬੰਦ ਹੈ।

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇਡੀਅਨ ਪਾਸਪੋਰਟ
- ਇਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਪੰਜਾਬ 'ਚ ਗੈਂਗਸਟਰਾਂ ਕਾਰਨ ਸਨਅਤਕਾਰ ਦਹਿਸ਼ਤ ਵਿੱਚ, ਦੂਜੇ ਰਾਜਾਂ ਵੱਲ ਲੈ ਕੇ ਜਾਣ ਲੱਗੇ ਸਨਅਤ

## ਗੈਂਗਸਟਰਾਂ ਦੀ ਦਹਿਸ਼ਤ ਦੇ ਕਾਰਨ ਅਮਨ ਕਾਨੂੰਨ ਦੀ ਸਥਿਤੀ ਚਿੰਤਾਜਨਕ

### ☛ ਨਾ ਪੰਜਾਬ ਸਰਕਾਰ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਦੇ ਦੋਸ਼ੀਆਂ ਨੂੰ ਲੱਭ ਸਕੀ ਹੈ ਤੇ ਨਾ ਹੀ ਉਨ੍ਹਾਂ ਦੇ ਪੁੱਤਰ ਦੇ ਅਸਲ ਕਾਤਲਾਂ ਨੂੰ : ਬਲਕੌਰ ਸਿੰਘ ਸਿੱਧੂ



ਇਕ ਪਾਸੇ ਪੰਜਾਬ ਸਰਕਾਰ ਰਾਜ ਵਿੱਚ ਸਨਅੱਤੀ ਨਿਵੇਸ਼ ਵਧਾਉਣ ਲਈ 23, 24 ਫਰਵਰੀ ਨੂੰ ਮੋਹਾਲੀ 'ਚ ਇਨਵੈਸਟਮੈਂਟ ਪੰਜਾਬ ਸੰਮੇਲਨ ਕਰਵਾਉਣ ਲਈ ਜ਼ੋਰਾਂ-ਸ਼ੋਰਾਂ ਨਾਲ ਤਿਆਰੀਆਂ ਕਰ ਰਹੀ ਹੈ ਪਰ ਦੂਜੇ ਪਾਸੇ ਮੁੱਖ ਵਿਰੋਧੀ ਪਾਰਟੀਆਂ ਵਲੋਂ ਪੰਜਾਬ ਵਿਚ ਕਰਾਈਮ ਵਧਣ ਬਾਰੇ ਲਗਾਤਾਰ ਚਿੰਤਾ ਜ਼ਾਹਿਰ ਕੀਤੀ ਜਾ ਰਹੀ ਹੈ ਤੇ ਪੰਜਾਬ ਦੇ ਸਨਅੱਤੀ ਖੇਤਰਾਂ ਵਿਚ ਇਸ ਨੂੰ ਕਾਫ਼ੀ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਕੇਂਦਰ ਸਰਕਾਰ ਵਲੋਂ ਪੰਜਾਬ ਦੇ ਖ਼ਰਾਬ ਹੋਏ ਮਾਹੌਲ ਬਾਰੇ ਚਿੰਤਾ ਜ਼ਾਹਿਰ ਕੀਤੀ ਜਾ ਚੁਕੀ ਹੈ। ਪੰਜਾਬ ਸਰਕਾਰ ਵਲੋਂ ਮਾਹੌਲ ਸੁਖਾਵਾਂ ਹੋਣ ਦੀ ਵਾਰ-ਵਾਰ ਗੱਲ ਕਰਨ 'ਤੇ ਵੀ ਸਨਅੱਤਕਾਰ ਵਰਗ ਭਰੋਸਾ ਕਰਨ ਲਈ ਤਿਆਰ ਨਹੀਂ ਹੈ ।ਕੁਝ ਦਿਨ ਪਹਿਲਾਂ ਹੀ ਕੇਂਦਰੀ ਰਾਜ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਆਗੂ ਸੋਮ ਪ੍ਰਕਾਸ਼ ਨੇ ਰਾਜ ਦੇ ਮੌਜੂਦਾ ਮਾਹੌਲ ਨੂੰ ਸਨਅੱਤੀ ਨਿਵੇਸ਼ ਲਈ ਅਨੁਕੂਲ ਨਹੀਂ ਸੀ ਦੱਸਿਆ ਤੇ ਕਿਹਾ ਸੀ ਕਿ ਜੇ ਸੂਬੇ ਵਿਚ ਸਨਅੱਤੀ ਨਿਵੇਸ਼ ਕਰਵਾਉਣਾ ਹੈ ਤੇ ਇਸ ਲਈ ਪਹਿਲਾਂ ਮਾਹੌਲ ਸੁਖਾਵਾਂ ਹੋਣਾ ਜ਼ਰੂਰੀ ਹੈ।

ਬੀਤੇ ਦਿਨੀਂ ਪੰਜਾਬ ਪ੍ਰਦੇਸ਼ ਕਾਂਗਰਸ ਨੇ ਸੂਬੇ ਦੇ ਮੌਜੂਦਾ ਖ਼ਰਾਬ ਮਾਹੌਲ 'ਤੇ ਚਿੰਤਾ ਜ਼ਾਹਿਰ ਕੀਤੀ ਸੀ ਤੇ ਨਕੋਦਰ ਵਿਚ ਇਕ ਕਾਰੋਬਾਰੀ ਨੂੰ ਫਿਰੌਤੀ ਲਈ ਗੋਲੀ ਮਾਰਨ ਅਤੇ ਸਨਅੱਤਕਾਰਾਂ ਨੂੰ ਗੈਂਗਸਟਰਾਂ ਦੀਆਂ ਧਮਕੀਆਂ ਦੇ ਫ਼ੋਨ ਆਉਣ ਦਾ ਮਸਲਾ ਉਠਾਇਆ ਸੀ । ਸ਼੍ਰੋਮਣੀ ਅਕਾਲੀ ਦਲ ਵਲੋਂ ਪਹਿਲਾਂ ਹੀ ਪੰਜਾਬ ਦੇ ਮਾਹੌਲ 'ਤੇ ਵੀ ਸਵਾਲੀਆ ਨਿਸ਼ਾਨ ਉਠਾਏ ਜਾ ਚੁੱਕੇ ਹਨ । ਇਸ ਦਹਿਸ਼ਤ ਕਾਰਨ ਪੰਜਾਬ ਦੀਆਂ ਕਈ ਸਨਅਤੀ ਇਕਾਈਆਂ ਛੋਟਾਂ ਤੋਂ ਇਲਾਵਾ ਚੰਗੇ ਮਾਹੌਲ ਕਰਕੇ ਉੱਤਰ ਪ੍ਰਦੇਸ਼ ਵੱਲ ਰੁਖ ਕਰ ਰਹੀਆਂ ਹਨ ਅਤੇ ਜੇਕਰ ਆਉਣ ਵਾਲੇ ਸਮੇਂ ਵਿਚ ਹੋਰ ਦੂਜੇ ਰਾਜ ਪੰਜਾਬ ਦੇ ਸਨਅੱਤਕਾਰਾਂ ਨੂੰ ਆਕਰਸ਼ਕ ਛੋਟਾਂ ਦੇ ਕੇ ਆਪਣੇ ਵੱਲ ਲੈ ਜਾਂਦੇ ਹਨ ਤਾਂ ਇਹ ਪੰਜਾਬ ਦੀ ਅਰਥ-ਵਿਵਸਥਾ ਲਈ ਬਹੁਤ ਨੁਕਸਾਨਦਾਇਕ ਹੋਵੇਗਾ।

**ਪੰਜਾਬ 'ਚ ਅਮਨ ਕਾਨੂੰਨ ਦੀ ਸਥਿਤੀ ਬਹੁਤ ਚਿੰਤਾਜਨਕ**

ਪੰਜਾਬ 'ਚ ਅਮਨ ਕਾਨੂੰਨ ਦੀ ਸਥਿਤੀ ਬਹੁਤ ਚਿੰਤਾਜਨਕ ਬਣ ਚੁੱਕੀ ਹੈ। ਪਿਛਲੇ ਦਿਨਾਂ ਵਿੱਚ ਸੂਬੇ 'ਚ ਗੈਂਗਸਟਰਾਂ ਦੀ ਦਹਿਸ਼ਤ, ਲੁੱਟਾਂ-ਖੋਹਾਂ ਬੈਂਕ-ਡਕੈਤੀਆਂ, ਹੱਤਿਆਵਾਂ, ਗ਼ੈਰ-ਕਾਨੂੰਨੀ ਹਥਿਆਰਾਂ ਦੀ ਬਰਾਮਦਗੀ ਦੀਆਂ ਘਟਨਾਵਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ। ਹੁਣੇ ਜਿਹੇ ਅੰਮ੍ਰਿਤਸਰ ਵਿਚ ਵਾਪਰੀ ਬੈਂਕ-ਡਕੈਤੀ ਦੀ ਖ਼ੌਫ਼ਨਾਕ ਘਟਨਾ ਵੀ ਸੂਬੇ ਦੀ ਅਮਨ-ਕਾਨੂੰਨ ਦੀ ਪਰਦਾਫਾਸ਼ ਕਰ ਦਿੱਤਾ ਹੈ। ਜੇਲ੍ਹਾਂ ਵਿਚੋਂ ਛਾਪੇਮਾਰੀ ਦੌਰਾਨ ਕੈਦੀਆਂ ਕੋਲੋਂ ਮੋਬਾਈਲ ਤੇ ਨਸ਼ੇ ਬਰਾਮਦ ਹੋ ਰਹੇ ਹਨ। ਇੱਥੋਂ ਤੱਕ ਕਿ ਜੇਲ੍ਹਾਂ ਵਿੱਚ ਬੰਦ ਅਪਰਾਧੀਆਂ ਅਤੇ ਗੈਂਗਸਟਰਾਂ ਵਲੋਂ ਸੁਪਾਰੀ ਲੈ ਕੇ ਆਪਣੇ ਸਾਥੀਆਂ ਰਾਹੀਂ ਹੱਤਿਆਵਾਂ ਤੱਕ ਕਰਵਾ ਦਿੱਤੀਆਂ ਜਾਂਦੀਆਂ ਹਨ। ਪਿਛਲੇ ਦਿਨੀਂ ਜੇਲ੍ਹ ਵਿੱਚ ਬੰਦ ਗੈਂਗਸਟਰਾਂ ਅਤੇ ਅਪਰਾਧੀਆਂ ਵਲੋਂ ਨਾਜਾਇਜ਼ ਹਥਿਆਰਾਂ ਦੇ ਇਕ ਵੱਡੇ ਸੌਦੇ ਅਤੇ ਹੱਤਿਆ ਦੀ ਸਾਜ਼ਿਸ਼ ਰਚੇ ਜਾਣ ਦੀ ਇਕ ਵੱਡੀ ਡੀਲ ਦਾ ਪਰਦਾਫਾਸ਼ ਹੋਣ ਤੋਂ ਬਾਅਦ ਦੋ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ ਛੇ ਹਥਿਆਰ ਵੀ ਬਰਾਮਦ ਕੀਤੇ ਗਏ ਸਨ। ਇਸ ਤਰ੍ਹਾਂ ਪੰਜਾਬ ਦੀਆਂ ਜੇਲ੍ਹਾਂ ਅਪਰਾਧੀਆਂ ਲਈ ਸੁਧਾਰ ਘਰ ਬਣਨ ਦੀ ਥਾਂ ਗੈਂਗਸਟਰਾਂ ਦਾ ਅੱਡਾ ਬਣ ਗਈਆਂ ਹਨ। ਅਜਿਹੀਆਂ ਘਟਨਾਵਾਂ ਲਈ ਜੇਲ੍ਹ ਅਧਿਕਾਰੀਆਂ ਦੀ ਮਿਲੀਭੁਗਤ ਦੇ ਦੋਸ਼ਾਂ ਨੂੰ ਰੱਦ ਨਹੀਂ ਜਾ ਸਕਦਾ।ਪੰਜਾਬ 'ਚ ਹਾਲਾਤ ਇਹ ਬਣ ਗਏ ਹਨ ਕਿ ਹਰ ਦੂਜੇ-ਚੌਥੇ ਦਿਨ ਪੁਲਿਸ ਅਤੇ ਗੈਂਗਸਟਰਾਂ ਵਿਚਾਲੇ ਝੜਪਾਂ ਹੋਣ ਦੀਆਂ ਖ਼ਬਰਾਂ ਮਿਲ ਰਹੀਆਂ ਹਨ। ਇਸ ਤੋਂ ਇਲਾਵਾ ਸੂਬੇ ਵਿਚ ਨਸ਼ਿਆਂ ਦੀ ਤਸਕਰੀ ਦੀਆਂ ਘਟਨਾਵਾਂ ਤੇ ਨਸ਼ੇ ਕਾਰਨ ਵਧ ਰਹੀਆਂ ਮੌਤਾਂ ਵਿਚ ਵੀ ਵਾਧਾ ਹੋਇਆ ਹੈ। ਨਸ਼ਿਆਂ ਨਾਲ ਸਬੰਧਤ ਤੱਤ ਅਕਸਰ ਅਪਰਾਧ ਅਤੇ ਗੈਂਗਸਟਰਵਾਦ ਤੇ ਭ੍ਰਿਸ਼ਟ ਅਫਸਰਸ਼ਾਹੀ ਤੇ ਸਿਆਸਤਦਾਨਾਂ ਜੁੜੇ ਪਾਏ ਜਾਂਦੇ ਹਨ। ਇਸ ਦਾ ਵੱਡਾ ਸਬੂਤ ਪੰਜਾਬ-ਹਰਿਆਣਾ ਹਾਈਕੋਰਟ ਵਲੋਂ ਨਸ਼ਾ ਤਸਕਰੀ ਕਰਨ ਵਾਲੇ ਅਪਰਾਧੀਆਂ ਨੂੰ ਲੈ ਕੇ ਵੱਧ ਰਹੀ ਹੁਕਮ ਅਦੂਲੀ ਦੀ ਭਾਵਨਾ ਲਈ ਸਰਕਾਰ ਨੂੰ ਪਈ ਝਾੜਾਂ ਤੋਂ ਵੀ ਮਿਲਦਾ ਹੈ। ਅਦਾਲਤਾਂ ਪੰਜਾਬ ਵਿੱਚ ਨਸ਼ਾ ਤਸਕਰਾਂ, ਗੈਂਗਸਟਰਾਂ ਅਤੇ ਪੁਲਿਸ ਤੰਤਰ ਵਿਚਾਲੇ ਉਪਜੇ ਨਾਪਾਕ ਤਿਕੋਣੀ ਗੱਠਜੋੜ 'ਤੇ ਵੀ ਕਈ ਵਾਰ ਝਾੜਾਂ ਪਾ ਚੁੱਕੀਆਂ ਹਨ। ਇਸੇ ਤਰ੍ਹਾਂ ਪਿਛਲੇ ਦਿਨੀਂ ਪਟਿਆਲਾ ਜ਼ਿਲ੍ਹੇ ਦੇ ਲਾਲੜੂ ਵਿੱਚ ਮਾਈਨਿੰਗ ਮਾਫੀਆ ਵਲੋਂ ਨਾਜਾਇਜ਼ ਮਾਈਨਿੰਗ ਦਾ ਵਿਰੋਧ ਕਰ ਰਹੇ ਕਿਸਾਨ ਯੂਨੀਅਨ ਦੇ ਇਕ ਮੈਂਬਰ ਨੂੰ ਟਰੈਕਟਰ ਹੇਠ ਕੁਚਲ ਕੇ ਮਾਰ ਦਿੱਤਾ ਸੀ। ਪੰਜਾਬ ਸਰਕਾਰ ਕ੍ਰਾਈਮ ਤੇ ਗੈਂਗਸਟਰਾਂ ਉਪਰ ਨਕੇਲ ਪਾਉਣ ਵਿਚ ਅਸਫਲ ਸਿੱਧ ਹੋਈ ਹੈ।

ਹੁਣੇ ਜਿਹੇ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਉਹ ਪੁੱਤ ਦੀ ਮੌਤ ਦਾ ਇਨਸਾਫ਼ ਲੈ ਕੇ ਰਹਿਣਗੇ। ਉਹ ਬੀਤੇ ਦਿਨੀਂ ਪਿੰਡ ਮੂਸਾ ਵਿੱਚ ਪਹੁੰਚੇ ਗਾਇਕ ਦੇ ਚਾਹੁਣ ਵਾਲਿਆਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਸੀ ਕਿ ਉਹ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਰਾਹੁਲ ਗਾਂਧੀ, ਮੁੱਖ ਮੰਤਰੀ ਭਗਵੰਤ ਮਾਨ ਸਣੇ ਵੱਖ-ਵੱਖ ਆਗੂਆਂ ਨੂੰ ਮਿਲ ਚੁੱਕੇ ਹਨ, ਪਰ ਹੁਣ ਇਨਸਾਫ਼ ਦੀ ਉਮੀਦ ਖ਼ਤਮ ਹੋ ਗਈ ਹੈ। ਉਨ੍ਹਾਂ ਕਿਹਾ ਸੀ ਕਿ ਸਿੱਧੂ ਮੂਸੇਵਾਲਾ 'ਤੇ ਗੋਲੀਆਂ ਚਲਾਉਣ ਵਾਲਿਆਂ ਨੂੰ ਗ੍ਰਿਫ਼ਤਾਰ ਕਰ ਕੇ ਸਿਰਫ਼ ਉਨ੍ਹਾਂ ਦੀਆਂ ਅੱਖਾਂ ਪੂੰਝੀਆਂ ਜਾ ਰਹੀਆਂ ਹਨ, ਪਰ ਜਿਨ੍ਹਾਂ ਨੇ ਕਤਲ ਦੀ ਸਾਜ਼ਿਸ਼ ਰਚੀ, ਉਨ੍ਹਾਂ ਨੂੰ ਨਾ ਤਾਂ ਅੱਜ ਤੱਕ ਫੜਿਆ ਗਿਆ ਅਤੇ ਨਾ ਹੀ ਫੜੇ ਜਾਣ ਦੀ ਆਸ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਗੈਂਗਸਟਰਾਂ ਕਾਰਨ ਦਹਿਸ਼ਤ ਦਾ ਮਾਹੌਲ ਹੈ। ਗੈਂਗਸਟਰਾਂ ਦਾ ਰਾਜ ਹੈ। ਨਾ ਪੰਜਾਬ ਸਰਕਾਰ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਦੇ ਦੋਸ਼ੀਆਂ ਨੂੰ ਲਭ ਸਕੀ ਹੈ ਤੇ ਨਾ ਹੀ ਉਨ੍ਹਾਂ ਦੇ ਪੁੱਤਰ ਦੇ ਅਸਲ ਕਾਤਲਾਂ ਨੂੰ। ਉਹ ਅਗਲੇ ਮਹੀਨੇ ਆਪਣੇ ਪੁੱਤ ਦੀ ਬਰਸੀ ਮਨਾਉਣਗੇ, ਜਿਸ ਮੌਕੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਸਿੱਧੂ ਮੂਸੇਵਾਲਾ ਦੀ ਥਾਰ ਗੱਡੀ ਨੂੰ ਪੰਜਾਬ ਭਰ ਵਿੱਚ ਲਿਜਾਣਗੇ ਤਾਂ ਜੋ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਸਰਕਾਰ ਪਰਿਵਾਰ ਨੂੰ ਅੱਜ ਤੱਕ ਇਨਸਾਫ਼ ਨਹੀਂ ਦੇ ਸਕੀ ਇਸ ਤੋਂ ਸਪੱਸ਼ਟ ਹੈ ਕਿ ਸੂਬੇ ਵਿਚ ਅਮਨ-ਕਾਨੂੰਨ ਦੀ ਹਾਲਤ ਠੀਕ ਨਹੀਂ ਹੈ।ਇਸ ਨੂੰ ਦੇਖ ਕੇ ਆਮ ਆਦਮੀ ਪਾਰਟੀ ਦੀ ਇਸ ਸਰਕਾਰ ਤੋਂ ਪੰਜਾਬੀਆਂ ਦਾ ਮੋਹ ਭੰਗ ਹੁੰਦਾ ਦਿਖਾਈ ਦੇ ਰਿਹਾ ਹੈ।

# ਪੰਜਾਬੀ ਪਿਆਰਿਆਂ ਨੇ ਫਗਵਾੜਾ ਵਿਖੇ ਪੰਜਾਬੀ ਮਾਂ ਬੋਲੀ ਚੇਤਨਾ ਮਾਰਚ ਕੱਢਿਆ

## ਲੋਕਾਂ ਨੂੰ ਆਪਣੇ ਕਾਰੋਬਾਰੀ ਬੋਰਡ ਪੰਜਾਬੀ 'ਚ ਲਿਖਣੇ ਚਾਹੀਦੇ ਹਨ : ਡਾ. ਨਯਨ ਜੱਸਲ

ਫਗਵਾੜਾ/ਏ.ਟੀ.ਨਿਊਜ਼ :- ਅੰਤਰਰਾਸ਼ਟਰੀ ਮਾਂ ਬੋਲੀ ਦਿਵਸ 'ਤੇ ਪੰਜਾਬੀ ਮਾਂ ਬੋਲੀ ਪ੍ਰਤੀ ਚੇਤਨਾ ਮਾਰਚ ਬਲੱਡ ਬੈਂਕ, ਗੁਰੂ ਹਰਿਗੋਬਿੰਦ ਨਗਰ, ਫਗਵਾੜਾ ਤੋਂ ਸ਼ੁਰੂ ਹੋ ਕੇ ਸੈਂਟਰ ਟਾਊਨ, ਗੁੜ ਮੰਡੀ, ਗਾਂਧੀ ਚੌਕ, ਸਰਾਫਾ ਬਜ਼ਾਰ, ਗਊਸ਼ਾਲਾ ਰੋਡ, ਝਟਕਈ ਚੌਕ, ਰੇਲਵੇ ਰੋਡ ਤੋਂ ਹੁੰਦਾ ਹੋਇਆ ਟਾਊਨ ਹਾਲ ਫਗਵਾੜਾ ਵਿਖੇ ਪਹੁੰਚਿਆ, ਜਿਸ ਵਿੱਚ ਸ਼ਹਿਰ ਦੀਆਂ ਪੰਜਾਬੀ ਸਾਹਿਤਕ, ਸਭਿਆਚਾਰਕ, ਧਾਰਮਿਕ, ਸਮਾਜਿਕ ਸੰਸਥਾਵਾਂ ਦੇ ਕਾਰਕੁੰਨਾਂ ਅਤੇ ਸਕੂਲ ਵਿਦਿਆਰਥੀਆਂ ਨੇ ਹਿੱਸਾ ਲਿਆ। ਪੰਜਾਬੀ ਕਲਾ ਅਤੇ ਸਾਹਿਤ ਕੇਂਦਰ, ਸੰਗੀਤ ਦਰਪਨ ਅਤੇ ਪੰਜਾਬੀ ਵਿਰਸਾ ਟਰੱਸਟ ਦੀ ਪਹਿਲਕਦਮੀ 'ਤੇ ਵੱਖੋ-ਵੱਖਰੀਆਂ ਸੰਸਥਾਵਾਂ ਦੀ ਸਹਾਇਤਾ ਨਾਲ ਇਹ ਮਾਰਚ ਕੱਢਿਆ ਗਿਆ। ਮਾਰਚ 'ਚ ਹਾਜ਼ਰ ਲੋਕਾਂ ਨੇ ਪੰਜਾਬੀ ਮਾਂ ਬੋਲੀ ਪ੍ਰਤੀ ਚੇਤਨਾ ਪੈਦਾ ਕਰਨ ਲਈ ਬੈਨਰ ਅਤੇ ਤਖਤੀਆਂ ਚੁੱਕੀਆਂ ਹੋਈਆਂ ਸਨ, ਜਿਨ੍ਹਾਂ ਵਿੱਚ ਮਾਂ ਬੋਲੀ ਦਾ ਸਤਿਕਾਰ ਕਰੋ, ਪੰਜਾਬ, ਪੰਜਾਬੀ, ਪੰਜਾਬੀਅਤ ਦਾ ਮਾਣ ਸਾਡੀ ਮਾਂ ਬੋਲੀ ਪੰਜਾਬੀ, ਪੰਜਾਬ ਦਾ ਮਹਾਨ ਵਿਰਸਾ-ਮਾਂ ਬੋਲੀ ਪੰਜਾਬੀ, ਪੰਜਾਬੀ ਬੋਲੀ ਸਭ ਧਰਮਾਂ ਦੀ ਭਾਸ਼ਾ ਹੈ, ਦੇਖਿਓ ਪੰਜਾਬੀਓ, ਪੰਜਾਬੀ




ਨਾ ਭੁਲਾ ਦਿਓ, ਪੰਜਾਬੀ ਮੇਰੀ ਜਾਨ ਵਰਗੀ, ਪੰਜਾਬੀ ਮੇਰੀ ਪਹਿਚਾਣ ਵਰਗੀ ਆਦਿ ਬੈਨਰਾਂ ਨਾਲ ਬਜ਼ਾਰਾਂ ਵਿੱਚ ਲੋਕਾਂ ਨੂੰ ਆਪਣੇ ਕਾਰੋਬਾਰ ਦੀਆਂ ਤਖਤੀਆਂ ਪੰਜਾਬੀ 'ਚ ਲਿਖਣ ਲਈ ਪ੍ਰੇਰਿਆ ਗਿਆ। ਇਸ ਮਾਰਚ ਨੂੰ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ, ਆਮ ਆਦਮੀ ਪਾਰਟੀ ਦੇ ਇਲਾਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਅਤੇ ਸੰਤ ਬਾਬਾ ਗੁਰਬਚਨ ਸਿੰਘ ਪੰਡਵਾ ਨੇ ਹਰੀ ਝੰਡੀ ਦਿੱਤੀ ।

ਮਾਰਚ ਦੇ ਟਾਊਨ ਹਾਲ ਫਗਵਾੜਾ ਵਿਖੇ ਪਹੁੰਚਣ 'ਤੇ ਡਾ. ਨਯਨ ਜੱਸਲ ਏ.ਡੀ.ਸੀ. ਫਗਵਾੜਾ ਕਮ ਕਮਿਸ਼ਨਰ ਮਿਊਂਸੀਪਲ ਕਾਰਪੋਰੇਸ਼ਨ ਨੇ ਮਾਰਚ ਨੂੰ ਸੰਬੋਧਨ ਕੀਤਾ ਅਤੇ ਲੋਕਾਂ ਨੂੰ ਪੰਜਾਬੀ ਦੀ ਵਰਤੋਂ ਕਰਨ ਅਤੇ ਆਪਣੇ ਕਾਰੋਬਾਰੀ ਬੋਰਡ ਪੰਜਾਬੀ 'ਚ ਲਿਖਣ ਦਾ ਸੰਦੇਸ਼ ਦਿੱਤਾ।

ਪ੍ਰੋ. ਜਸਵੰਤ ਸਿੰਘ ਗੰਡਮ ਨੇ ਇਸ ਮੌਕੇ ਪੰਜਾਬੀ ਮਾਂ ਬੋਲੀ ਦੀ ਮਹੱਤਤਾ ਬਾਰੇ ਦੱਸਦਿਆਂ 'ਮੇਰਾ ਦਾਗਿਸਤਾਨ' ਪੁਸਤਕ ਦਾ ਵਰਨਣ ਕੀਤਾ। ਉਨ੍ਹਾਂ ਨੇ ਮਾਂ ਬੋਲੀ ਪੰਜਾਬੀ ਸਬੰਧੀ ਗੱਲ ਕਰਦਿਆਂ ਕਿਹਾ ਕਿ ਕੋਈ ਵੀ ਬੋਲੀ ਸਿੱਖਣਾ ਮਾੜਾ ਨਹੀਂ ਹੈ, ਪਰ

# ਨਸ਼ਿਆਂ ਬਾਰੇ ਹਾਈਕੋਰਟ ਵਿਰੁੱਧ ਟਿਪਣੀ ਕਾਰਨ ਸਾਬਕਾ ਡੀ.ਐੱਸ.ਪੀ. ਸੇਖੋਂ ਗ੍ਰਿਫ਼ਤਾਰ

ਲੁਧਿਆਣਾ/ਏ.ਟੀ.ਨਿਊਜ਼ :- ਨਸ਼ਿਆਂ ਬਾਰੇ ਹਾਈਕੋਰਟ ਵਿਰੁੱਧ ਸਖਤ ਟਿਪਣੀ ਕਾਰਨ ਹਾਈਕੋਰਟ ਦੇ ਹੁਕਮਾਂ ਤੋਂ ਬਾਅਦ ਪੰਜਾਬ ਪੁਲਿਸ ਦੇ ਸਾਬਕਾ ਡੀ.ਐੱਸ.ਪੀ. ਬਲਵਿੰਦਰ ਸਿੰਘ ਸੇਖੋਂ ਨੂੰ ਬੀਤੇ ਦਿਨੀਂ ਗ੍ਰਿਫ਼ਤਾਰ ਕੀਤਾ ਗਿਆ ਸੀ।



ਦਰਅਸਲ ਸੇਖੋਂ ਨੇ ਸੂਬੇ ਵਿੱਚ ਵੱਧ ਰਹੇ ਨਸ਼ੇ ਨੂੰ ਲੈ ਕੇ ਹਾਈਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ, ਜਿਸ ਵਿੱਚ ਉਨ੍ਹਾਂ ਨੇ ਪੰਜਾਬ ਦੇ ਦੋ ਸਾਬਕਾ ਡੀਜੀਪੀ ਸੁਰੇਸ਼ ਅਰੋੜਾ, ਦਿਨਕਰ ਗੁਪਤਾ ਅਤੇ ਅਕਾਲੀ ਦਲ ਸਮੇਤ ਕਈ ਪਾਰਟੀਆਂ ਦੇ ਆਗੂਆਂ 'ਤੇ ਨਸ਼ਾ ਵੇਚਣ ਦੇ ਦੋਸ਼ ਲਾਏ ਹਨ। ਸੇਖੋਂ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਦਾਲਤ ਵੱਲੋਂ ਕਾਰਵਾਈ ਨਹੀਂ ਕੀਤੀ ਜਾ ਰਹੀ ਤੇ ਪੰਜਾਬ ਦੀ ਜਵਾਨੀ ਬਰਬਾਦ ਕੀਤੀ ਜਾ ਰਹੀ ਹੈ। ਪ੍ਰੈੱਸ ਕਾਨਫਰੰਸ ਦੌਰਾਨ ਸੇਖੋਂ ਨੇ ਕਿਹਾ ਸੀ ਕਿ ਅਜਿਹੇ ਜੱਜ ਡੁੱਬ ਕੇ ਮਰ ਜਾਣ ਜੋ ਡਰੱਗ ਮਾਫੀਆ ਵਿਰੁੱਧ ਫੈਸਲਾ ਨਹੀਂ ਸੁਣਾ ਰਹੇ ਤੇ ਇਨ੍ਹਾਂ ਨਾਲ ਮਿਲੇ ਹੋਏ ਹਨ, ਜਿਸ ਕਾਰਨ ਸੇਖੋਂ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਗਏ ਸਨ ਅਤੇ ਕੁਝ ਸਮੇਂ ਬਾਅਦ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਦੂਜੇ ਪਾਸੇ ਸੇਖੋਂ ਦਾ ਕਹਿਣਾ ਹੈ ਕਿ ਉਹ ਪੰਜਾਬ ਦੇ ਲੋਕਾਂ ਦੇ ਹਿੱਤ ਵਿੱਚ ਲੜ ਰਹੇ ਹਨ। ਉਹ ਕਿਸੇ ਤੋਂ ਡਰਨ ਵਾਲੇ ਨਹੀਂ ਹਨ। ਵਰਨਣਯੋਗ ਹੈ ਕਿ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਖ਼ੂਬ ਵਾਇਰਲ ਹੋ ਰਹੀ ਹੈ ਜਿਸ ਵਿੱਚ ਹਾਈ ਕੋਰਟ ਲਈ ਸੇਖੋਂ ਨੇ ਅਪਮਾਨਜਨਕ ਸ਼ਬਦ ਵਰਤੇ ਗਏ ਸਨ। ਹਾਈ ਕੋਰਟ ਦਾ ਕਹਿਣਾ ਹੈ ਕਿ ਹਾਈ ਕੋਰਟ ਲਈ ਅਪਮਾਨਜਨਕ ਸ਼ਬਦਾਵਲੀ ਵਰਤਣੀ ਮੰਦਭਾਗੀ ਹੈ।

ਦਰਪਣ ਝੂਠ ਨਹੀਂ ਬੋਲਦਾ

# ਅਮਰੀਕੀ ਕਾਰੋਬਾਰੀ ਜਾਰਜ ਸੋਰੋਸ ਨੇ ਮੋਦੀ ਦੀ ਆਲੋਚਨਾ ਕਰਕੇ ਭਾਜਪਾ 'ਚ ਹਲਚਲ ਮਚਾਈ

## ਜਾਰਜ ਸੋਰੋਸ ਨੇ ਕਿਹਾ ਕਿ 'ਭਾਰਤ ਇੱਕ ਲੋਕਤੰਤਰਿਕ ਦੇਸ਼ ਹੈ ਪਰ ਪ੍ਰਧਾਨ ਮੰਤਰੀ ਮੋਦੀ ਲੋਕਤੰਤਰਿਕ ਨਹੀਂ'

## ਇਹ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼: ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ

ਜਾਰਜ ਸੋਰੋਸ ਖ਼ਿਲਾਫ਼ ਅਮਰੀਕਾ, ਅਰਮਾਨੀਆ, ਆਸਟ੍ਰੇਲੀਆ, ਰੂਸ, ਫਿਲੀਪਾਈਨਜ਼ ਵਿੱਚ ਵੀ ਮੁਹਿੰਮਾਂ ਚਲਾਈਆਂ ਜਾਂਦੀਆਂ ਰਹੀਆਂ ਹਨ। ਬੀਤੇ ਦਿਨੀਂ ਭਾਰਤੀ ਜਨਤਾ ਪਾਰਟੀ ਨੇ ਅਮਰੀਕੀ ਕਾਰੋਬਾਰੀ ਜਾਰਜ ਸੋਰੋਸ 'ਤੇ ਤਿੱਖਾ ਹਮਲਾ ਕੀਤਾ ਸੀ, ਕਿਉਂਕਿ ਜਾਰਜ ਸੋਰੋਸ ਨੇ ਜਰਮਨੀ ਦੇ ਮਿਊਨਿਖ ਰੱਖਿਆ ਸੰਮੇਲਨ ਵਿੱਚ ਕਿਹਾ ਸੀ, 'ਭਾਰਤ ਇੱਕ ਲੋਕਤੰਤਰਿਕ ਦੇਸ਼ ਹੈ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲੋਕਤੰਤਰਿਕ ਨਹੀਂ ਹਨ। ਮੋਦੀ ਦੇ ਵੱਡਾ ਆਗੂ ਬਣਨ ਦਾ ਕਾਰਨ ਭਾਰਤੀ ਮੁਸਲਮਾਨਾਂ ਖ਼ਿਲਾਫ਼ ਹੋਈ ਹਿੰਸਾ ਹੈ।ਉਨ੍ਹਾਂ ਵਿਵਾਦਾਂ ਵਿੱਚ ਘਿਰੇ ਹੋਏ ਭਾਰਤੀ ਕਾਰੋਬਾਰੀ ਗੌਤਮ ਅਡਾਨੀ ਬਾਰੇ ਵੀ ਆਪਣੇ ਪੱਖ ਰਖਦਿਆਂ ਕਿਹਾ ਸੀ ਕਿ ਮੋਦੀ ਹਾਲ ਦੀ ਘੜੀ ਗੌਤਮ ਅਡਾਨੀ ਮਾਮਲੇ ਵਿੱਚ ਚੁੱਪ ਹਨ ਪਰ ਉਨ੍ਹਾਂ ਨੂੰ ਵਿਦੇਸ਼ੀ ਨਿਵੇਸ਼ਕਾਂ ਦੇ ਸਵਾਲਾਂ ਦਾ ਜਵਾਬ ਸੰਸਦ ਵਿਚ ਦੇਣਾ ਹੋਵੇਗਾ। ਇਸ ਨਾਲ ਸਰਕਾਰ 'ਤੇ ਉਨ੍ਹਾਂ ਦੀ ਪਕੜ ਕਮਜ਼ੋਰ ਹੋਵੇਗੀ। ਉਨ੍ਹਾਂ ਨੇ ਇੱਥੋਂ ਤੱਕ ਦਾਅਵਾ ਕੀਤਾ ਕਿ ਇਸ ਨਾਲ ਭਾਰਤ ਵਿੱਚ ਲੋਕਤੰਤਰਿਕ ਪ੍ਰਕਿਰਿਆ ਦਾ 'ਪੁਨਰ-ਉਥਾਨ' ਹੋਵੇਗਾ। ਇਸ ਤੋਂ ਪਹਿਲਾਂ ਜਨਵਰੀ 2020 ਵਿੱਚ ਦਾਵੋਸ ਵਿਚ ਹੋਈ ਵਿਸ਼ਵ ਆਰਥਿਕ ਫੋਰਮ ਦੀ ਬੈਠਕ ਦੇ ਇਕ ਪ੍ਰੋਗਰਾਮ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਸੋਰੋਸ ਨੇ ਕਿਹਾ ਸੀ, 'ਭਾਰਤ ਨੂੰ ਹਿੰਦੂ ਰਾਸ਼ਟਰਵਾਦੀ' ਦੇਸ਼ ਬਣਾਇਆ ਜਾ ਰਿਹਾ ਹੈ। ਭਾਰਤ ਲਈ ਇਹ ਸਭ ਤੋਂ ਵੱਡਾ ਅਤੇ ਭਿਆਨਕ ਝਟਕਾ ਹੈ, ਜਿੱਥੇ ਲੋਕਤੰਤਰਿਕ ਢੰਗ ਨਾਲ ਚੁਣੇ ਗਏ ਮੋਦੀ ਭਾਰਤ ਨੂੰ ਹਿੰਦੂ ਰਾਸ਼ਟਰਵਾਦੀ ਦੇਸ਼ ਬਣਾ ਰਹੇ ਹਨ।ਉਨ੍ਹਾਂ ਇਹ ਵੀ ਕਿਹਾ ਸੀ ਕਿ ਮੋਦੀ ਕਸ਼ਮੀਰ ਦੇ ਲੋਕਾਂ ਨੂੰ ਪਾਬੰਦੀਆਂ ਲਗਾ ਕੇ ਸਜ਼ਾ ਦੇ ਰਹੇ ਹਨ ਅਤੇ ਨਾਗਰਿਕਤਾ ਕਾਨੂੰਨ (ਸੀਏਏ) ਰਾਹੀਂ ਲੱਖਾਂ ਮੁਸਲਮਾਨਾਂ ਤੋਂ ਨਾਗਰਿਕਤਾ ਖੋਹਣ ਦੀ ਧਮਕੀ ਦੇ ਰਹੇ ਹਨ।



ਬੀਤੇ ਦਿਨੀਂ ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਜਾਰਜ ਸੋਰੋਸ ਦੇ ਬਿਆਨ ਖ਼ਿਲਾਫ਼ ਪ੍ਰੈੱਸ ਕਾਨਫਰੰਸ ਕੀਤੀ ਤੇ ਕਿਹਾ ਸੀ ਕਿ ਇਹ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਹੈ।ਸਮ੍ਰਿਤੀ ਇਰਾਨੀ ਨੇ ਕਿਹਾ ਕਿ ਵਿਦੇਸ਼ੀ ਧਰਤੀ 'ਤੇ ਬੈਠੇ ਕੇ ਭਾਰਤ ਦੇ ਲੋਕਤੰਤਰਿਕ ਢਾਂਚੇ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਭਾਰਤ ਦੇ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ, 'ਮਿਸਟਰ ਸੋਰੋਸ ਨਿਊਯਾਰਕ ਵਿੱਚ ਬੈਠੇ ਇੱਕ ਬਜ਼ੁਰਗ, ਅਮੀਰ ਤੇ ਵਿਸ਼ੇਸ਼ ਵਿਚਾਰਧਾਰਾ ਵਾਲੇ ਵਿਅਕਤੀ ਹਨ ਜੋ ਅਜੇ ਵੀ ਸੋਚਦੇ ਹਨ ਕਿ ਪੂਰੀ ਦੁਨੀਆਂ ਉਨ੍ਹਾਂ ਦੇ ਵਿਚਾਰਾਂ ਅਨੁਸਾਰ ਕੰਮ ਕਰੇ।'

ਸ਼ਿਵ ਸੈਨਾ ਦੀ ਰਾਜ ਸਭਾ ਮੈਂਬਰ ਪ੍ਰਿਅੰਕਾ ਚਤੁਰਵੇਦੀ ਨੇ ਇਸ ਬਾਰੇ ਭਾਜਪਾ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਕਿਹਾ ਸੀ ਕਿ , 'ਜਾਰਜ ਸੋਰੋਸ ਕੌਣ ਹੈ ਅਤੇ ਭਾਜਪਾ ਦਾ ਟ੍ਰੋਲ ਮੰਤਰਾਲਾ ਉਸ 'ਤੇ ਪ੍ਰੈੱਸ ਕਾਨਫਰੰਸ ਕਿਉਂ ਕਰ ਰਿਹਾ ਹੈ ?'

ਉਨ੍ਹਾਂ ਲਿਖਿਆ, 'ਵੈਸੇ, ਮੰਤਰੀ ਜੀ, ਤੁਸੀਂ ਭਾਰਤ ਦੀ ਚੋਣ ਪ੍ਰਕਿਰਿਆ 'ਚ ਇਜ਼ਰਾਈਲੀ ਏਜੰਸੀ ਦੀ ਦਖਲਅੰਦਾਜ਼ੀ 'ਤੇ ਕੁਝ ਕਹਿਣਾ ਚਾਹੋਗੇ, ਜੋ ਭਾਰਤ ਦੇ ਲੋਕਤੰਤਰ ਲਈ ਵੱਡਾ ਖ਼ਤਰਾ ਹੈ।'

ਤ੍ਰਿਣਮੂਲ ਕਾਂਗਰਸ ਦੀ ਲੋਕ ਸਭਾ ਮੈਂਬਰ ਮਹੂਆ ਮੋਇਤਰਾ ਨੇ ਸਮ੍ਰਿਤੀ ਇਰਾਨੀ 'ਤੇ ਵਿਅੰਗ ਕਰਦਿਆਂ ਕਿਹਾ, 'ਸਤਿਕਾਰਯੋਗ ਕੈਬਨਿਟ ਮੰਤਰੀ ਨੇ ਹਰ ਭਾਰਤੀ ਨੂੰ ਜਾਰਜ ਸੋਰੋਸ ਨੂੰ ਮੂੰਹ-ਤੋੜ ਜਵਾਬ ਦੇਣ ਲਈ ਕਿਹਾ ਹੈ। ਕ੍ਰਿਪਾ ਕਰਕੇ ਅੱਜ ਸ਼ਾਮ 6 ਵਜੇ ਥਾਲੀਆਂ ਵਜਾਓ।'

ਯਾਦ ਰਹੇ ਕਿ ਜਾਰਜ ਸੋਰੋਸ ਇੱਕ ਅਮਰੀਕੀ ਅਰਬਪਤੀ ਉਦਯੋਗਪਤੀ ਹਨ ਅਤੇ ਉਨ੍ਹਾਂ ਦਾ ਜਨਮ ਹੰਗਰੀ ਵਿੱਚ ਇੱਕ ਯਹੂਦੀ ਪਰਿਵਾਰ ਵਿਚ ਹੋਇਆ ਸੀ। ਜਦੋਂ ਹਿਟਲਰ ਦੇ ਨਾਜ਼ੀ ਜਰਮਨੀ ਵਿੱਚ ਯਹੂਦੀਆਂ ਨੂੰ ਮਾਰਿਆ ਜਾ ਰਿਹਾ ਸੀ ਤਾਂ ਉਹ ਕਿਸੇ ਤਰ੍ਹਾਂ ਬਚ ਗਏ ਸਨ। ਬਾਅਦ ਵਿੱਚ ਉਹ ਕਮਿਊਨਿਸਟ ਦੇਸ਼ ਛੱਡ ਕੇ ਪੱਛਮੀ ਦੇਸ਼ ਆ ਗਏ। ਉਹ ਸਟਾਕ ਮਾਰਕੀਟ ਵਿੱਚ ਪੈਸਾ ਲਗਾਉਂਦੇ ਸਨ ਤੇ ਇਸ ਤੋਂ ਉਨ੍ਹਾਂ ਨੇ ਕਰੀਬ 44 ਬਿਲੀਅਨ ਡਾਲਰ ਕਮਾਏ ਸਨ।1979 ਵਿੱਚ, ਉਨ੍ਹਾਂ ਨੇ ਓਪਨ ਸੋਸਾਇਟੀ ਫਾਊਂਡੇਸ਼ਨ ਦੀ ਸਥਾਪਨਾ ਕੀਤੀ ਸੀ, ਜੋ ਹੁਣ ਕਰੀਬ 120 ਦੇਸ਼ਾਂ

(ਬਾਕੀ ਸਫ਼ਾ 30 'ਤੇ)

# ਭਾਰਤ ਨਿਰੰਕੁਸ਼ ਰਾਜ ਵਧਿਆ

## ਵਿਸ਼ਵ ਇਮਿਊਨਿਟੀ ਇੰਡੈਕਸ 'ਚ 46ਵੇਂ ਸਥਾਨ 'ਤੇ ਪੁੱਜਿਆ



ਭਾਰਤ ਨਿਰੰਕੁਸ਼ ਰਾਜ ਵਜੋਂ ਵਿਸ਼ਵ ਇਮਿਊਨਿਟੀ ਇੰਡੈਕਸ ਵਿੱਚ 46ਵੇਂ ਥਾਂ ਪੁੱਜ ਚੁੱਕਾ ਹੈ। ਬੀਤੇ ਦਿਨੀਂ ਇੰਗਲੈਂਡ ਦੇ ਸਾਬਕਾ ਵਿਦੇਸ਼ ਮੰਤਰੀ ਡੇਵਿਡ ਮਿਲੀਬੰਦ ਅਤੇ ਯੂਨੀਵਰਸਿਟੀ ਆਫ ਬਿਊਨਿਸ ਆਇਰਸ ਦੀ ਪ੍ਰੋਫੈਸਰ ਮੋਨਿਕਾ ਪਿੰਟੋ ਨੇ ਯੂਰੇਸ਼ੀਆ ਗਰੁੱਪ ਤੇ ਸ਼ਿਕਾਗੋ ਕੌਂਸਲ ਆਫ ਗਲੋਬਲ ਅਫੇਅਰ ਨਾਲ ਮਿਲ ਕੇ ਦੁਨੀਆ ਦਾ ਪਹਿਲਾ ਨਿਰੰਕੁਸ਼ ਸੱਤਾ ਇੰਡੈਕਸ ਜਾਰੀ ਕੀਤਾ ਹੈ। ਇਸ ਵਿੱਚ 163 ਦੇਸ਼ਾਂ ਦੀ ਪੁਜ਼ੀਸ਼ਨ ਦੱਸੀ ਗਈ ਹੈ। ਇਸ ਵਿੱਚ ਸਭ ਤੋਂ ਨਿਰੰਕੁਸ਼ ਦੇਸ਼ ਨੂੰ ਪਹਿਲਾ ਤੇ ਸਭ ਤੋਂ ਘੱਟ ਨੂੰ ਅੰਤਮ ਸਥਾਨ ਉੱਤੇ ਰੱਖਿਆ ਗਿਆ ਹੈ। ਇਸ ਇੰਡੈਕਸ ਦਾ ਪੈਮਾਨਾ ਮਨੁੱਖੀ ਅਧਿਕਾਰਾਂ ਨੂੰ ਕੁਚਲਣ, ਬਿਨਾਂ ਜਵਾਬਦੇਹੀ ਵਾਲੀ ਸੱਤਾ, ਹਿੰਸਾ, ਸੱਤਾ ਦਾ ਦੁਰਉਪਯੋਗ, ਆਰਥਿਕ ਸ਼ੋਸ਼ਣ ਤੇ ਵਾਤਾਵਰਣ ਦੀ ਤਬਾਹੀ ਸਮੇਤ 69 ਪੈਰਾਮੀਟਰਾਂ ਨੂੰ ਬਣਾਇਆ ਗਿਆ ਹੈ । ਹਰੇਕ ਦੇਸ਼ ਨੂੰ 0 ਤੋਂ 5 ਅੰਕ ਦਿੱਤੇ ਗਏ ਹਨ। ਸਭ ਤੋਂ ਵੱਧ ਅੰਕ ਦਾ ਮਤਲਬ ਸਭ ਤੋਂ ਵੱਧ ਨਿਰੰਕੁਸ਼ ਸੱਤਾ, ਸਭ ਤੋਂ ਘੱਟ ਅੰਕ ਯਾਨੀ ਜ਼ਿੰਮੇਵਾਰ ਲੋਕਤੰਤਰੀ ਸੱਤਾ ਹੈ। ਇਸ ਸੂਚੀ ਵਿੱਚ ਪਹਿਲੇ ਸਥਾਨ ਉੱਤੇ ਅਫ਼ਗਾਨਿਸਤਾਨ ਹੈ, ਜਿਸ ਨੂੰ 4.25 ਅੰਕ ਦਿੱਤੇ ਗਏ ਹਨ ਤੇ ਸਭ ਤੋਂ ਘੱਟ ਅੰਕ ਫਿਨਲੈਂਡ ਦੇ 0.29 ਹਨ।

ਅੰਮ੍ਰਿਤ ਕਾਲ ਦੌਰਾਨ ਜੀ-20 ਦੇਸ਼ਾਂ ਦੀ ਪ੍ਰਧਾਨਗੀ ਦਾ ਜਸ਼ਨ ਮਨਾ ਰਿਹਾ ਭਾਰਤ 2.89 ਅੰਕਾਂ ਨਾਲ 46ਵੇਂ ਸਥਾਨ ਉੱਤੇ ਬਿਰਾਜਮਾਨ ਹੈ। ਇਸ ਇੰਡੈਕਸ ਵਿੱਚ ਸਮਾਜਕ ਹਿੰਸਾ ਬਾਰੇ ਭਾਰਤ 7ਵੇਂ ਤੇ ਮਨੁੱਖੀ ਅਧਿਕਾਰਾਂ ਦੇ ਘਾਣ ਬਾਰੇ 37ਵੇਂ ਤੇ ਵਾਤਾਵਰਣ ਦੀ ਤਬਾਹੀ ਬਾਰੇ 20ਵੇਂ ਸਥਾਨ ਉੱਤੇ ਹੈ।

ਭਾਰਤ ਨਾਲੋਂ ਘੱਟ ਨਿਰੰਕੁਸ਼ ਦੇਸ਼ਾਂ ਵਿੱਚ ਫਿਨਲੈਂਡ ਤੋਂ ਇਲਾਵਾ ਡੈਨਮਾਰਕ, ਸਵੀਡਨ, ਨਾਰਵੇ, ਜਰਮਨੀ, ਆਇਰਲੈਂਡ, ਆਸਟਰੀਆ, ਸਵਿਟਜ਼ਰਲੈਂਡ ਤੇ ਨਿਊਜ਼ੀਲੈਂਡ ਆਦਿ ਹਨ। ਜਿਹੜੇ ਦੇਸ਼ ਭਾਰਤ ਤੋਂ ਵੀ ਵੱਧ ਨਿਰੰਕੁਸ਼ ਹਨ, ਉਨ੍ਹਾਂ ਵਿੱਚ ਅਫ਼ਗਾਨਿਸਤਾਨ ਤੋਂ ਇਲਾਵਾ ਸੀਰੀਆ, ਯਮਨ, ਮਿਆਂਮਾਰ, ਸੈਂਟਰਲ ਅਫ਼ਰੀਕਨ ਰਿਪਬਲਿਕ, ਸੁਡਾਨ, ਇਰਾਕ, ਬਰੂੰਡੀ, ਕਾਂਗੋ ਤੇ ਚਾਡ ਸ਼ਾਮਲ ਹਨ। ਭਾਰਤ ਦੇ ਗੁਆਂਢੀ ਦੇਸ਼ਾਂ ਵਿੱਚੋਂ ਪਾਕਿਸਤਾਨ 16ਵੇਂ ਤੇ ਬੰਗਲਾਦੇਸ਼ 20ਵੇਂ ਸਥਾਨ ਉੱਤੇ ਰਹਿੰਦਿਆਂ ਭਾਰਤ ਤੋਂ ਵੀ ਬਦਤਰ ਹਨ। ਸ੍ਰੀਲੰਕਾ,

(ਬਾਕੀ ਸਫ਼ਾ 30 'ਤੇ)

# ਸਿਆਸੀ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣ ਸਕਦੀ ਹੈ ਜਲੰਧਰ ਦੀ ਉਪ ਚੋਣ

ਸਿਆਸੀ ਮਾਹਿਰਾਂ ਦੀ ਰਾਇ ਇਹ ਹੈ ਕਿ ਜਲੰਧਰ ਲੋਕ ਸਭਾ ਦੀ ਉਪ ਚੋਣ ਦੇ ਨਤੀਜੇ 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਨੂੰ ਪ੍ਰਭਾਵਿਤ ਕਰਨ ਦੇ ਸਮਰੱਥ ਹੋ ਸਕਦੇ ਹਨ। ਇਹ ਨਤੀਜਾ ਪੰਜਾਬ ਵਿੱਚ ਕਾਂਗਰਸ, ਆਪ, ਅਕਾਲੀ ਦਲ ਤੇ ਭਾਜਪਾ ਦੀ ਸਥਿਤੀ ਅਤੇ ਭਵਿੱਖ ਦੀ ਰਾਜਨੀਤੀ ਦੀ ਦਸ਼ਾ ਅਤੇ ਦਿਸ਼ਾ ਤੈਅ ਕਰੇਗਾ। ਹੁਣ ਤੱਕ ਇਹ ਸੀਟ ਕਾਂਗਰਸ ਕੋਲ ਸੀ। ਇਸ ਲਈ ਜੇਕਰ ਕਾਂਗਰਸ ਆਪਣੀ ਇਹ ਸੀਟ ਉਪ ਚੋਣ ਵਿੱਚ ਬਚਾਅ ਨਾ ਸਕੀ ਤਾਂ ਉਸ ਦਾ ਗਰਾਫ਼ ਹੋਰ ਹੇਠਾਂ ਨੂੰ ਜਾਵੇਗਾ। ਉਂਜ ਹਾਲ ਦੀ ਘੜੀ ਤਾਂ ਇਹੀ ਸਮਝਿਆ ਜਾ ਰਿਹਾ ਹੈ ਕਿ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਨੇ ਪੰਜਾਬ ਦੀਆਂ ਕਾਂਗਰਸੀ ਸਫਾਂ 'ਚ ਉਤਸ਼ਾਹ ਪੈਦਾ ਕੀਤਾ ਹੈ। ਪਰ ਪੰਜਾਬ ਕਾਂਗਰਸ ਕੋਲ ਪੰਜਾਬ ਦੀ ਕਮਾਂਡ ਸੰਭਾਲਣ ਵਾਲਾ ਧੜੱਲੇਦਾਰ ਲੀਡਰ ਨਹੀਂ ਹੈ।ਜਿਥੋਂ ਤੱਕ ਆਮ ਆਦਮੀ ਪਾਰਟੀ ਦਾ ਸਬੰਧ ਹੈ, ਉਸ ਲਈ ਤਾਂ ਇਹ ਚੋਣ ਅਗਨੀ ਪ੍ਰੀਖਿਆ ਵਰਗੀ ਹੈ। ਕਿਉਂਕਿ ਸਰਕਾਰ ਬਣਦਿਆਂ ਹੀ ਉਹ ਆਪਣੇ ਗੜ੍ਹ ਸੰਗਰੂਰ ਦੀ ਲੋਕ ਸਭਾ ਦੀ ਉਪ ਚੋਣ ਹਾਰ ਚੁੱਕੀ ਹੈ। ਜੇਕਰ 'ਆਪ' ਜਲੰਧਰ ਉਪ ਚੋਣ ਵੀ ਹਾਰ ਜਾਂਦੀ ਹੈ ਤਾਂ ਨੈਤਿਕ ਤੌਰ 'ਤੇ ਤਾਂ ਆਪ ਲਈ ਵੱਡੀ ਮੁਸ਼ਕਿਲ ਖੜ੍ਹੀ ਹੋ ਸਕਦੀ ਹੈ। ਉਸ ਲਈ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਵਿਰੋਧੀ ਹਵਾ ਵਗਣ ਦੀ ਸੰਭਾਵਨਾ ਬਣ ਜਾਵੇਗੀ। ਹਾਲਾਂਕਿ 'ਆਪ' ਲਈ ਸੰਗਰੂਰ ਦੇ ਮੁਕਾਬਲੇ ਜਲੰਧਰ ਦੀ ਚੋਣ ਜ਼ਿਆਦਾ ਔਖੀ ਹੋਵੇਗੀ, ਕਿਉਂਕਿ ਸੰਗਰੂਰ ਜ਼ਿਲ੍ਹੇ ਵਿੱਚ ਸਾਰੇ ਵਿਧਾਇਕ 'ਆਪ' ਦੇ ਸਨ ਤੇ ਜਲੰਧਰ 'ਚ ਸਥਿਤੀ ਬਿਲਕੁਲ ਵੱਖਰੀ ਹੈ। ਜਿਥੋਂ ਤੱਕ ਅਕਾਲੀ ਦਲ ਦਾ ਸਬੰਧ ਹੈ, ਉਸ ਲਈ ਤੇ ਉਸ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਵੀ ਇਹ ਚੋਣ ਜਿਊਣ-ਮਰਨ ਦਾ ਸਵਾਲ ਹੈ। ਅਕਾਲੀ ਦਲ ਇਹ ਚੋਣ ਭਾਵੇਂ ਨਾ ਵੀ ਜਿੱਤੇ ਪਰ ਜੇਕਰ ਉਹ ਸਨਮਾਨਜਨਕ ਵੋਟਾਂ ਲੈ ਜਾਣ ਵਿਚ ਸਫਲ ਹੁੰਦਾ ਹੈ ਤਾਂ ਉਸ ਲਈ ਵੱਡੀ ਗੱਲ ਹੋਵੇਗੀ। ਪਰ ਜੇਕਰ ਇੱਥੇ ਅਕਾਲੀ ਦਲ ਸੰਗਰੂਰ ਵਾਂਗ ਭਾਜਪਾ ਤੋਂ ਵੀ ਪਿੱਛੇ ਚਲਾ ਗਿਆ ਤਾਂ ਫਿਰ ਉਸ ਦੇ ਘੱਟੋ-ਘੱਟ 2024 ਦੀਆਂ ਲੋਕ ਸਭਾ ਚੋਣਾਂ ਤੱਕ ਦੁਬਾਰਾ ਉੱਠਣ ਦੇ ਆਸਾਰ ਦਿਖਾਈ ਨਹੀਂ ਦੇਣਗੇ। ਜਦੋਂ ਕਿ ਭਾਜਪਾ ਦੀ 2024 ਦੀਆਂ ਚੋਣਾਂ ਲਈ ਸਾਰੀ ਰਣਨੀਤੀ ਹੀ ਇਸ ਚੋਣ ਦੇ ਨਤੀਜੇ 'ਤੇ ਨਿਰਭਰ ਕਰੇਗੀ।




ਜਲੰਧਰ ਉਪ ਚੋਣ ਵਿਚ ਟਿਕਟਾਂ ਦੇ ਚਾਹਵਾਨਾਂ ਦੀ ਭਰਮਾਰ ਹੈ। ਜਿਥੋਂ ਤੱਕ ਕਾਂਗਰਸ ਦਾ ਸਬੰਧ ਹੈ, ਇਥੋਂ ਪਹਿਲੇ ਨੰਬਰ 'ਤੇ ਸਾਬਕਾ ਲੋਕ ਸਭਾ ਮੈਂਬਰ ਸਵਰਗੀ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਚੌਧਰੀ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਨਾਂ ਚੱਲ ਰਿਹਾ ਹੈ। ਜਦੋਂਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੁਰਾਲ ਤੇ ਵਿਧਾਇਕ ਬਲਕਾਰ ਸਿੰਘ ਦੇ ਪਰਿਵਾਰਕ ਮੈਂਬਰਾਂ ਵਿਚੋਂ ਕਿਸੇ ਇਕ ਬਾਰੇ ਵਿਚਾਰ ਹੋਣ ਦੀ ਸੰਭਾਵਨਾ ਹੈ। ਪਰ ਪਤਾ ਲੱਗਾ ਹੈ ਕਿ ਆਪ ਕਾਂਗਰਸ ਦੇ ਸਾਬਕਾ ਐਮ.ਪੀ. ਮਹਿੰਦਰ ਸਿੰਘ ਕੇ.ਪੀ. ਨੂੰ ਵੀ ਪਾਰਟੀ ਵਿਚ ਸ਼ਾਮਿਲ ਕਰਕੇ ਉਮੀਦਵਾਰ ਬਣਾਉਣ ਸਬੰਧੀ ਸਰਵੇਖਣ ਕਰਵਾ ਰਹੀ ਹੈ।

ਅਕਾਲੀ ਦਲ ਕੋਲ ਪਹਿਲੇ ਨੰਬਰ 'ਤੇ ਪਵਨ ਟੀਨੂੰ ਨੂੰ ਹੀ ਮੰਨਿਆ ਜਾ ਰਿਹਾ ਹੈ। ਜਦੋਂ ਕਿ ਅਕਾਲੀ ਦਲ ਵਲੋਂ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਸਿਰਫ਼ 18-19 ਹਜ਼ਾਰ ਵੋਟਾਂ 'ਤੇ

(ਬਾਕੀ ਸਫ਼ਾ 30 'ਤੇ)

# ਗਊ ਰੱਖਿਆ ਦੀ ਆੜ ਹੇਠ ਦੋ ਮੁਸਲਿਮ ਨੌਜਵਾਨਾਂ ਦੀਆਂ ਝੁਲਸੀਆਂ ਲਾਸ਼ਾਂ ਜੀਪ 'ਚੋਂ ਮਿਲੀਆਂ

- ਮ੍ਰਿਤਕਾਂ ਦੇ ਪਰਿਵਾਰਾਂ ਦਾ ਕਹਿਣਾ ਹੈ ਕਿ ਬਜਰੰਗ ਦਲ ਦੇ ਗੁੰਡਿਆਂ ਵੱਲੋਂ ਅਗਵਾ ਕਰ ਕੇ ਮਾਰਿਆ ਗਿਆ
- ਪੰਜ ਮੁਲਜ਼ਮਾਂ ਵਿਰੁੱਧ ਅਗਵਾ ਤੇ ਕਤਲ ਕੇਸ ਦਾ ਮਾਮਲਾ ਦਰਜ
- ਸਿਆਸੀ ਪਾਰਟੀਆਂ ਬਹੁਗਿਣਤੀ ਫ਼ਿਰਕੇ ਦੀ ਨਾਰਾਜ਼ਗੀ ਦੇ ਡਰ ਤੋਂ ਚੁੱਪ





ਬੀਤੇ ਦਿਨੀਂ ਹਰਿਆਣਾ ਦੇ ਭਿਵਾਨੀ ਜ਼ਿਲ੍ਹੇ ਵਿੱਚ ਅੱਗ ਨਾਲ ਸੜੀ ਹੋਈ ਬੋਲੈਰੋ ਜੀਪ ਵਿਚੋਂ ਦੋ ਮੁਸਲਿਮ ਨੌਜਵਾਨਾਂ ਜੁਨੈਦ ਤੇ ਨਾਸਿਰ ਦੇ ਝੁਲਸੇ ਹੋਏ ਸਰੀਰ ਮਿਲੇ ਸਨ। ਇਨ੍ਹਾਂ ਮੁਸਲਿਮ ਨੌਜਵਾਨਾਂ ਨੂੰ ਰਾਜਸਥਾਨ ਦੇ ਭਰਤਪੁਰ ਜ਼ਿਲ੍ਹੇ ਵਿਚੋਂ ਅਗਵਾ ਕੀਤਾ ਗਿਆ ਸੀ। ਰੌਂਗਟੇ ਖੜ੍ਹੇ ਕਰ ਦੇਣ ਵਾਲੀ ਇਸ ਘਟਨਾ ਤੋਂ ਪਤਾ ਲੱਗਦਾ ਹੈ ਕਿ ਗਊ ਰੱਖਿਆ ਦੇ ਨਾਂ 'ਤੇ ਭਗਵੇਂ ਫਿਰਕੂਆਂ ਵਲੋਂ ਮੁਸਲਮਾਨਾਂ ਵਿਚ ਦਹਿਸ਼ਤ ਫੈਲਾਈ ਜਾ ਰਹੀ ਹੈ। ਮ੍ਰਿਤਕਾਂ ਦੇ ਪਰਿਵਾਰਾਂ ਨੇ ਦੋਸ਼ ਲਗਾਇਆ ਹੈ ਕਿ ਬਜਰੰਗ ਦਲ ਦੇ ਕੁਝ ਕਾਰਕੁਨਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਅਗਵਾ ਕਰ ਕੇ ਸਾੜ ਕੇ ਮਾਰਿਆ ਸੀ। ਰਿਸ਼ਤੇਦਾਰਾਂ ਨੇ ਦੱਸਿਆ ਕਿ ਜੁਨੈਦ ਦੀ ਉਮਰ ਪੈਂਤੀ ਸਾਲ ਅਤੇ ਨਾਸਿਰ ਤੀਹ ਸਾਲ ਦਾ ਸੀ। ਜੁਨੈਦ ਦੇ ਛੇ ਬੱਚੇ ਹਨ ਅਤੇ ਨਾਸਿਰ ਦਾ ਕੋਈ ਬੱਚਾ ਨਹੀਂ ਹੈ।

ਰਾਜਸਥਾਨ ਦੀ ਮੰਤਰੀ ਜ਼ਾਹਿਦਾ ਖ਼ਾਨ ਨੇ ਕਿਹਾ ਕਿ ਦੋਵਾਂ ਮ੍ਰਿਤਕਾਂ ਦੇ ਪਰਿਵਾਰ ਨੂੰ ਇੱਕ-ਇੱਕ ਸਰਕਾਰੀ ਨੌਕਰੀ ਅਤੇ ਮ੍ਰਿਤਕ ਦੇ ਵਾਰਸਾਂ ਨੂੰ 15-15 ਲੱਖ ਰੁਪਏ ਦਿੱਤੇ ਜਾਣਗੇ। ਮ੍ਰਿਤਕਾਂ ਦੇ ਪਰਿਵਾਰ ਵਾਲਿਆਂ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਕਿਹਾ ਸੀ ਕਿ ਉਨ੍ਹਾਂ ਨੂੰ ਗਊ ਰੱਖਿਅਕਾਂ ਵਲੋਂ ਅਗਵਾ ਕੀਤਾ ਗਿਆ ਸੀ।

ਭਰਤਪੁਰ ਦੇ ਆਈਜੀ ਗੌਰਵ ਸ੍ਰੀਵਾਸਤਵ ਨੇ ਕਿਹਾ, 'ਇਸ ਮਾਮਲੇ ਵਿੱਚ ਰਿਸ਼ਤੇਦਾਰਾਂ ਦੀ ਸ਼ਿਕਾਇਤ ਉਪਰ ਐੱਫ਼ਆਈਆਰ ਵੀ ਦਰਜ ਕੀਤੀ ਗਈ ਸੀ। ਸ੍ਰੀਵਾਸਤਵ ਨੇ ਦੱਸਿਆ ਕਿ ਸਾਰੇ ਸ਼ੱਕੀ ਹਰਿਆਣਾ ਦੇ ਰਹਿਣ ਵਾਲੇ ਹਨ। ਇੱਕ ਮੁਲਜ਼ਮ ਨੂੰ ਹਿਰਾਸਤ ਵਿੱਚ ਲਿਆ ਜਾ ਚੁੱਕਾ ਹੈ। ਸ੍ਰੀਵਾਸਤਵ ਅਨੁਸਾਰ ਪਰਿਵਾਰਕ ਮੈਂਬਰਾਂ ਦੀ ਸ਼ਿਕਾਇਤ ਦੇ ਆਧਾਰ 'ਤੇ ਪੰਜ ਮੁਲਜ਼ਮਾਂ ਅਨਿਲ, ਸ਼੍ਰੀ ਕਾਂਤ, ਰਿੰਕੂ ਸੈਣੀ, ਲੋਕੇਸ਼ ਸਿੰਘਲਾ ਤੇ ਮੋਨੂੰ ਵਿਰੁੱਧ ਅਗਵਾ ਤੇ ਕਤਲ ਕੇਸ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਐਫਆਈਆਰ ਵਿੱਚ ਦਰਜ ਮੁਲਜ਼ਮ ਮੋਨੂੰ ਨੇ ਸੋਸ਼ਲ ਮੀਡੀਆ ਰਾਹੀਂ ਇਸ ਮਾਮਲੇ ਵਿੱਚ ਲਗਾਏ ਗਏ ਸਾਰੇ ਇਲਜ਼ਾਮਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ। ਉਨ੍ਹਾਂ ਨੇ ਹਰਿਆਣਾ ਪੁਲਿਸ ਨੂੰ ਟੈਗ ਕਰਦੇ ਹੋਏ ਸੋਸ਼ਲ ਮੀਡੀਆ 'ਤੇ ਇੱਕ ਸੀਸੀਟੀਵੀ ਫੁਟੇਜ ਜਾਰੀ ਕੀਤੀ ਅਤੇ ਲਿਖਿਆ, 'ਗੋਪਾਲਗੜ੍ਹ ਥਾਣਾ ਖੇਤਰ ਵਿੱਚ ਜੋ ਘਟਨਾ ਵਾਪਰੀ ਹੈ, ਮੈਂ ਅਤੇ ਮੇਰੇ ਸਾਥੀ 14 ਤੋਂ 15 ਤਾਰੀਖ ਦੀ ਦੁਪਹਿਰ ਤੱਕ ਗੁਰੂਗ੍ਰਾਮ ਦੇ ਇੱਕ ਨਿੱਜੀ ਹੋਟਲ ਵਿੱਚ ਰੁਕੇ ਹੋਏ ਸਨ । ਸਾਡਾ ਇਸ ਘਟਨਾ ਨਾਲ ਕੋਈ ਸਬੰਧ ਨਹੀਂ ਹੈ।'

ਹਰਿਆਣਾ ਅਤੇ ਰਾਜਸਥਾਨ ਨਾਲ ਜੁੜੀ ਇਸ ਘਟਨਾ 'ਤੇ ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਟਵੀਟ ਕਰਕੇ ਘਟਨਾ ਨੂੰ ਮੰਦਭਾਗਾ ਦੱਸਿਆ ਹੈ। ਉਨ੍ਹਾਂ ਅਨੁਸਾਰ ਰਾਜਸਥਾਨ ਅਤੇ ਹਰਿਆਣਾ ਪੁਲਿਸ ਮਿਲ ਕੇ ਕਾਰਵਾਈ ਕਰ ਰਹੀ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਇਹ ਕੇਸ 2017 ਵਿਚ ਭੀੜ ਦੁਆਰਾ ਰਾਜਸਥਾਨ ਦੇ ਪਹਿਲੂ ਖ਼ਾਨ ਦੀ ਅਲਵਰ ਵਿੱਚ ਕੀਤੀ ਗਈ ਹੱਤਿਆ ਦੀ ਯਾਦ ਦਿਵਾਉਂਦਾ ਹੈ ਜਦੋਂ ਪਹਿਲੂ ਖ਼ਾਨ ਅਤੇ ਉਸ ਦੇ ਸਾਥੀ ਪਸ਼ੂਆਂ ਨੂੰ ਨੂਹ (ਹਰਿਆਣਾ) ਤੋਂ ਜੈਪੁਰ ਵਿਚ ਵੇਚਣ ਲਈ ਲਿਜਾ ਰਹੇ



ਮੁਲਜ਼ਮ ਮੋਨੂੰ

ਸਨ। ਪੁਲਿਸ ਦੁਆਰਾ ਕੀਤੀ ਗਈ ਗ਼ੈਰ-ਜ਼ਿੰਮੇਵਾਰਾਨਾ ਤਫ਼ਤੀਸ਼ ਕਾਰਨ ਮੁਲਜ਼ਮਾਂ ਵਿਰੁੱਧ ਦੋਸ਼ ਸਾਬਤ ਨਹੀਂ ਸਨ ਹੋ ਸਕੇ ਅਤੇ ਉਨ੍ਹਾਂ ਨੂੰ 2019 ਵਿਚ ਰਿਹਾਅ ਕਰ ਦਿੱਤਾ ਗਿਆ ਸੀ। ਇਹੀ ਨਹੀਂ, ਪੁਲਿਸ ਵਾਲਿਆਂ ਨੇ ਪਹਿਲੂ ਖ਼ਾਨ ਦੇ ਪੁੱਤਰਾਂ ਵਿਰੁੱਧ ਪਸ਼ੂਆਂ ਦੀ ਸਮਗਲਿੰਗ ਕਰਨ ਦਾ ਕੇਸ ਦਰਜ ਕੀਤਾ ਸੀ ਜਿਹੜਾ ਬਾਅਦ ਵਿਚ ਹਾਈ ਕੋਰਟ ਦੇ ਆਦੇਸ਼ਾਂ 'ਤੇ ਰੱਦ ਕਰ ਦਿੱਤਾ ਗਿਆ ਸੀ। ਇਸ ਤੋਂ ਭਾਰਤ ਵਿਚ ਫੈਲ ਰਹੀ ਭਗਵੀਂ ਦਹਿਸ਼ਤਗਰਦੀ ਦਾ ਪਤਾ ਲੱਗਦਾ ਹੈ।

ਕੇਂਦਰ ਸਰਕਾਰ ਨੇ 2016 ਵਿਚ ਸੂਬਾ ਸਰਕਾਰਾਂ ਨੂੰ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ ਕਿ ਆਪਣੇ ਆਪ ਨੂੰ ਗਊ ਰੱਖਿਅਕ ਦੱਸ ਕੇ ਕਾਨੂੰਨ ਨੂੰ ਆਪਣੇ ਹੱਥ ਵਿਚ ਲੈਣ ਵਾਲੇ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ (ਬਾਕੀ ਸਫ਼ਾ 30 'ਤੇ)

# ਹਿੰਦੂ ਰਾਸ਼ਟਰਵਾਦ ਦਾ ਨਾਹਰੇਬਾਜ਼ ਬਾਬਾ ਲੋਕਾਂ ਦੀ ਜਾਨ ਲੈਣ ਲੱਗਾ

## ਬਾਗੇਸ਼ਵਰ ਧਾਮ 'ਚ ਆਈ 10 ਸਾਲਾ ਬੱਚੀ ਦੀ ਮੌਤ

**ਪਰਿਵਾਰ ਨੇ ਕਿਹਾ- ਮਿਰਗੀ ਦੀ ਬਿਮਾਰੀ ਸੀ ਬੱਚੀ ਨੂੰ, ਬਾਬੇ ਨੇ ਭਭੂਤੀ ਦਿੱਤੀ, ਫਿਰ ਕਿਹਾ ਇਸ ਨੂੰ ਲੈ ਜਾਓ**



ਛਤਰਪੁਰ (ਮੱਧ ਪ੍ਰਦੇਸ਼)/ ਏ.ਟੀ.ਨਿਊਜ਼ :-ਰਾਜਸਥਾਨ ਦੇ ਬਾੜਮੇਰ ਦੀ ਰਹਿਣ ਵਾਲੀ ਦਸ ਸਾਲਾ ਲੜਕੀ ਵਿਸ਼ਨੂੰ ਕੁਮਾਰੀ ਮਿਰਗੀ ਤੋਂ ਪੀੜਤ ਸੀ। ਚਮਤਕਾਰ ਬਾਰੇ ਸੁਣ ਕੇ ਉਸਦੀ ਮਾਂ ਧੰਮੂ ਦੇਵੀ ਅਤੇ ਮਾਸੀ ਗੁੱਡੀ ਉਸ ਨੂੰ ਬਾਗੇਸ਼ਵਰ ਧਾਮ ਦੇ ਮਹੰਤ ਧੀਰੇਂਦਰ ਕ੍ਰਿਸ਼ਨ ਸ਼ਾਸਤਰੀ ਕੋਲ ਲੈ ਕੇ ਆਈ ਸੀ। ਬੱਚੀ ਦੀ ਬੀਤੇ ਦਿਨੀਂ ਮੌਤ ਹੋ ਗਈ ਸੀ। ਪਰਿਵਾਰ ਦਾ ਕਹਿਣਾ ਹੈ ਕਿ ਧੀਰੇਂਦਰ ਸ਼ਾਸਤਰੀ ਨੇ ਲੜਕੀ ਨੂੰ ਭਭੂਤੀ ਦਿੱਤੀ ਸੀ, ਪਰ ਉਸ ਦੀ ਜਾਨ ਨਹੀਂ ਬਚੀ। ਇਸ ਤੋਂ ਬਾਅਦ ਧੀਰੇਂਦਰ ਨੇ ਪਰਿਵਾਰ ਵਾਲਿਆਂ ਨੂੰ ਬੱਚੀ ਨੂੰ ਵਾਪਸ ਲੈ ਕੇ ਜਾਣ ਲਈ ਕਿਹਾ। ਪਰਿਵਾਰ ਵਾਲਿਆਂ ਨੇ ਦੱਸਿਆ ਉਸ ਨੂੰ ਮਿਰਗੀ ਦੇ ਦੌਰੇ ਪੈਂਦੇ ਸਨ। ਜਦੋਂ ਅਸੀਂ ਇੱਥੇ ਚਮਤਕਾਰ ਦੀ ਗੱਲ ਸੁਣੀ ਤਾਂ ਅਸੀਂ ਆਪਣੀ ਲੜਕੀ ਨੂੰ ਲੈ ਕੇ ਆਏ ਸੀ, ਪਰ ਇੱਥੇ ਆ ਕੇ ਲੜਕੀ ਦੀ ਜਾਨ ਚਲੀ ਗਈ।

### ਕਿਡਨੀ ਦਾ ਇਲਾਜ ਕਰਵਾਉਣ ਆਈ ਬੀਬੀ ਚਲ ਵਸੀ

ਇੱਕ ਹਫ਼ਤਾ ਪਹਿਲਾਂ ਗੁਰਦੇ ਦੀ ਬਿਮਾਰੀ ਦੇ ਇਲਾਜ ਲਈ ਬਾਗੇਸ਼ਵਰ ਧਾਮ ਆਈ ਇੱਕ ਔਰਤ ਨੀਲੂ ਉਰਫ ਨੀਲਮ (33) ਦੀ ਵੀ ਮੌਤ ਹੋ ਗਈ ਸੀ।ਉਹ ਆਪਣੇ ਪਤੀ ਦੇਵੇਂਦਰ ਸਿੰਘ ਨਾਲ ਉੱਤਰ ਪ੍ਰਦੇਸ਼ ਦੇ ਫਿਰੋਜ਼ਾਬਾਦ ਜ਼ਿਲ੍ਹੇ ਦੇ ਮਹਾਰਾਜਪੁਰ ਤੋਂ ਆਈ ਸੀ। ਪਤੀ ਦਵਿੰਦਰ ਸਿੰਘ ਨੇ ਦੱਸਿਆ ਕਿ ਉਸ ਦੀ ਪਤਨੀ ਕਾਫੀ ਸਮੇਂ ਤੋਂ ਬਿਮਾਰ ਸੀ। ਇਸ ਤੋਂ ਛੁਟਕਾਰਾ ਪਾਉਣ ਲਈ ਉਹ ਬਾਗੇਸ਼ਵਰ ਧਾਮ ਪਹੁੰਚੀ ਸੀ। ਸਵੇਰੇ ਖਾਣਾ ਖਾਧਾ। ਇਸ ਤੋਂ ਬਾਅਦ ਪੰਡਾਲ ਵਿੱਚ ਅਰਜ਼ੀ ਲਈ ਕਤਾਰ ਵਿੱਚ ਖੜ੍ਹੇ ਹੋ ਗਏ। ਇਸ ਦੌਰਾਨ ਉਹ ਬੇਹੋਸ਼ ਹੋ ਗਈ। ਰਿਸ਼ਤੇਦਾਰ ਉਸ ਦੀ ਮ੍ਰਿਤਕ ਦੇਹ ਨੂੰ (ਬਾਕੀ ਸਫ਼ਾ 30 'ਤੇ)




# ਅਮਰੀਕਾ ਦੇ ਵਿੱਦਿਅਕ ਅਦਾਰਿਆਂ ਅਤੇ ਸਥਾਨਕ ਸਥਾਨਾਂ ’ਤੇ ਵਧੀ ਬੰਦੂਕ ਹਿੰਸਾ

## ਸਕੂਲੀ ਬੱਚਿਆਂ ਤੇ ਹੋਰ ਲੋਕਾਂ ਨੂੰ ਬਚਾਉਣ ਲਈ ਕੰਮ ਕਰਨ ਵਾਲੀਆਂ ਕੰਪਨੀਆਂ ਦਾ ਟਰਨਓਵਰ 25,000 ਕਰੋੜ ਤੋਂ ਪਾਰ

### ਮਾਪੇ ਅਤੇ ਸਕੂਲ ਪ੍ਰਸ਼ਾਸਨ ਗੋਲਾਬਾਰੀ ਤੋਂ ਪ੍ਰੇਸ਼ਾਨ

ਨਿਊਯਾਰਕ/ਏ.ਟੀ.ਨਿਊਜ਼ :- ਅਮਰੀਕਾ ਦੇ ਵਿਦਿਅਕ ਅਦਾਰਿਆਂ ਅਤੇ ਸਥਾਨਕ ਸਥਾਨਾਂ ’ਤੇ ਲਗਾਤਾਰ ਵਧ ਰਹੀ ਬੰਦੂਕ ਹਿੰਸਾ ਕਾਰਨ ਮਾਪੇ ਅਤੇ ਸਕੂਲ ਪ੍ਰਸ਼ਾਸਨ ਪ੍ਰੇਸ਼ਾਨ ਹੈ ਅਤੇ ਇਸ ਨੂੰ ਰੋਕਣ ਲਈ ਕਈ ਪਹਿਲੂਆਂ ’ਤੇ ਵਿਚਾਰ ਕੀਤਾ ਜਾ ਰਿਹਾ ਹੈ। ਸਕੂਲੀ ਅਧਿਕਾਰੀਆਂ ਵੱਲੋਂ ਸਮੂਹਿਕ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਸੁਰੱਖਿਆ ਬਾਰੇ ਤਿਆਰੀ ਕਰਨਾ ਆਮ ਗੱਲ ਹੋ ਗਈ ਹੈ। ਯੂਵਾਲਡੇ, ਟੈਕਸਾਸ ਐਲੀਮੈਂਟਰੀ ਸਕੂਲ ਵਿੱਚ ਪਿਛਲੇ ਸਾਲ ਦੇ ਕਤਲੇਆਮ ਅਤੇ ਮਿਸ਼ੀਗਨ ਯੂਨੀਵਰਸਿਟੀ ਦੇ ਕੈਂਪਸ ਵਿੱਚ ਬੰਦੂਕ ਨਿਯੰਤਰਣ ਬਾਰੇ ਬਹਿਸ ਮੁੜ ਸ਼ੁਰੂ ਹੋ ਗਈ ਹੈ। ਸਕੂਲੀ ਬੱਚਿਆਂ ਅਤੇ ਹੋਰ ਲੋਕਾਂ ਨੂੰ ਕਤਲੇਆਮ ਤੋਂ ਬਚਾਉਣ ਲਈ ਕੰਮ ਕਰਨ ਵਾਲੀਆਂ ਕੰਪਨੀਆਂ ਦਾ ਟਰਨਓਵਰ 25,000 ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ।

ਇਹ ਕੰਪਨੀਆਂ ਆਟੋਮੈਟਿਕ ਲਾਕਿੰਗ ਦਰਵਾਜ਼ੇ, ਬੁਲੇਟ ਰੋਧਕ ਟੇਬਲ, ਮਜ਼ਬੂਤ ਬੈਕਪੈਕ, ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨੀਕ ਪ੍ਰਦਾਨ ਕਰਦੀ ਹੈ ਜੋ ਬੰਦੂਕਾਂ ਦੇ ਸਥਾਨ ਦਾ ਪਤਾ ਲਗਾਉਂਦੀ ਹੈ। ਹਮਲੇ ਦੇ ਦੌਰਾਨ ਘਬਰਾਹਟ ਤੋਂ ਬਚਣ ਲਈ, ਉਹ ਸਾਹ ਨੂੰ ਰੋਕਣ ਸਮੇਤ ਕਈ ਹੋਰ ਅਭਿਆਸਾਂ ਦੀ ਸਿਖਲਾਈ ਦਿੰਦੀ ਹੈ। ਸ਼ੂਟਰ ਦੀਆਂ ਅੱਖਾਂ ’ਤੇ ਪੈਨਸਿਲ ਨਾਲ ਹਮਲਾ ਕਰਨ ਵਰਗੀਆਂ ਚਾਲਾਂ ਵੀ ਸਿਖਾਈਆਂ ਜਾਂਦੀਆਂ ਹਨ। ਬਹੁਤ ਸਾਰੇ ਖੇਤਰਾਂ ਵਿੱਚ ਅਧਿਆਪਕਾਂ ਨੂੰ ਬੰਦੂਕਾਂ ਲੈ ਕੇ ਜਾਣ ਦੀ ਛੋਟ ਵੀ ਦਿੱਤੀ ਗਈ ਹੈ। ਕੁਝ ਸਕੂਲ ਅਧਿਆਪਕਾਂ ਨੂੰ ਬੰਦੂਕਾਂ ਚਲਾਉਣ ਦੀ ਸਿਖਲਾਈ ਦਿੰਦੇ ਹਨ। ਅਮਰੀਕੀ ਸੰਸਦ ਨੇ ਸਕੂਲਾਂ ਵਿੱਚ ਸੁਰੱਖਿਆ ਉਪਾਵਾਂ ਲਈ 2900 ਕਰੋੜ ਰੁਪਏ ਮਨਜ਼ੂਰ ਕੀਤੇ ਹਨ। ਦੂਜੇ ਪਾਸੇ ਮਾਹਿਰ ਸਕੂਲ ਸੁਰੱਖਿਆ ਉਦਯੋਗ ਦੇ ਉਤਪਾਦਾਂ ਅਤੇ ਸੇਵਾਵਾਂ ਦੀ ਪ੍ਰਭਾਵਸ਼ੀਲਤਾ ’ਤੇ ਸਵਾਲ ਉਠਾਉਂਦੇ ਹਨ। ਉਦਯੋਗ ਨੂੰ ਸਕੂਲ ਗੋਲੀਬਾਰੀ ਤੋਂ ਲਾਭ ਹੋ ਰਿਹਾ ਹੈ। ਜੌਨਸ ਹੌਪਕਿੰਸ ਸੈਂਟਰ ਫਾਰ ਸੇਫ ਐਂਡ ਹੈਲਥੀ ਸਕੂਲਾਂ ਦੇ ਡਾਇਰੈਕਟਰ ਓਡਿਸ ਜੌਹਨਸਨ ਕਹਿੰਦੇ ਹਨ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਹੈ ਕਿ ਇਨ੍ਹਾਂ ਕੰਪਨੀਆਂ ਦੇ ਉਤਪਾਦ ਪ੍ਰਭਾਵਸ਼ਾਲੀ ਰਹੇ ਹਨ। ਸਕੂਲਾਂ ਵਿੱਚ ਸਖ਼ਤ ਸੁਰੱਖਿਆ ਉਪਾਅ ਇਹ ਪ੍ਰਭਾਵ ਪੈਦਾ ਕਰਦੇ ਹਨ ਕਿ ਬੰਦੂਕ ਦੀ ਹਿੰਸਾ ਅਮਰੀਕਾ ਵਿੱਚ ਆਮ ਜੀਵਨ ਦਾ ਹਿੱਸਾ ਹੈ। ਇਸ ਲਈ ਹਿੰਸਾ ਖ਼ਤਮ ਕਰਨ ਦੇ ਉਪਾਅ ਨਾਲੋਂ ਬਹਿਤਰ ਇਹ ਸਮਝਿਆ ਜਾ ਰਿਹਾ ਹੈ ਕਿ ਇਸ ਦੇ ਬਚਾਅ ਲਈ ਉਪਾਅ ਕੀਤੇ ਜਾਣ।




ਹਿੰਸਾ ਦੇ ਵਧਣ ਦੇ ਖਤਰੇ ਦੇ ਨਾਲ, ਸੁਰੱਖਿਆ ਉਦਯੋਗ ਉਨ੍ਹਾਂ ਨੂੰ ਰੋਕਣ ਲਈ ਨਵੇਂ ਤਰੀਕੇ ਲੈ ਕੇ ਆ ਰਿਹਾ ਹੈ। ਸਕੂਲੀ ਗੋਲੀਬਾਰੀ ਆਮ ਹੁੰਦੀ ਜਾ ਰਹੀ ਹੈ। ਸੁਰੱਖਿਆ ਉਦਯੋਗ ਨੇ ਡੇਅਰੀ ਕਿਸਾਨਾਂ, ਗੋਲਫ ਕੋਰਸ ਪ੍ਰਬੰਧਕਾਂ, ਟੈਕਸ ਅਟਾਰਨੀ, ਅਤੇ ਹੋਰ ਕਾਰੋਬਾਰਾਂ ਅਤੇ ਪੇਸ਼ੇਵਰਾਂ ਵਾਂਗ, ਆਪਣੀ ਸਾਲਾਨਾ ਕਾਨਫਰੰਸ ਦਾ ਆਯੋਜਨ ਕਰਨਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਸਾਲ, ਓਰਲੈਂਡੋ, ਫਲੋਰੀਡਾ ਵਿੱਚ ਨੈਸ਼ਨਲ ਸਕੂਲ ਸੇਫਟੀ ਕਾਨਫਰੰਸ ਵਿੱਚ ਬਹੁਤ ਸਾਰੀਆਂ ਕੰਪਨੀਆਂ ਅਤੇ ਵਪਾਰੀਆਂ ਨੇ ਭਾਗ ਲਿਆ ਸੀ। ਉਹ ਕਲਾਸਰੂਮ ਦੇ ਦਰਵਾਜ਼ਿਆਂ ਤੋਂ ਲੈ ਕੇ ਬਚਾਅ ਸ਼ਸਤਰ ਵਜੋਂ ਵਰਤੀਆਂ ਜਾਂਦੀਆਂ ਮੇਜ਼ਾਂ ਤੱਕ ਦੀਆਂ ਹੋਰ ਚੀਜ਼ਾਂ ਵੇਚਦੇ ਹਨ।

ਇਨ੍ਹਾਂ ਵਿੱਚ ਰੈਪਟਰ ਟੈਕਨਾਲੋਜੀ ਕੰਪਨੀ ਸੀ। ਸ਼ੂਟਰ ਦੇ ਸਕੂਲ ਵਿੱਚ ਦਾਖਲ ਹੋਣ ਬਾਰੇ ਅਲਰਟ ਦੇਣ ਵਾਲੀ ਇਸ ਕੰਪਨੀ ਦੀ ਸੁਰੱਖਿਆ ਐਪ ਯੂਵਾਲਡੇ ਸਕੂਲ ਵਿੱਚ ਵਰਤੀ ਜਾਂਦੀ ਹੈ। (ਬਾਕੀ ਸਫ਼ਾ 30 ’ਤੇ)

# ਗਲੋਬਲ ਵਾਰਮਿੰਗ ਭਾਰਤ, ਬੰਗਲਾਦੇਸ਼ ਤੇ ਚੀਨ ਵਰਗੇ ਦੇਸ਼ਾਂ ਲਈ ਬਣੀ ਖ਼ਤਰਾ

## ਸੰਯੁਕਤ ਰਾਸ਼ਟਰ ਅਨੁਸਾਰ ਸਮੁੰਦਰ ’ਚ ਪਾਣੀ ਦਾ ਪੱਧਰ ਵਧਣ ਕਾਰਨ ਕਈ ਮੁਲਕਾਂ ਨੂੰ ਖ਼ਤਰਾ

ਸੰਯੁਕਤ ਰਾਸ਼ਟਰ/ਏ.ਟੀ.ਨਿਊਜ਼ :- ਸੰਯੁਕਤ ਰਾਸ਼ਟਰ ਦੇ ਸਕੱਤਰ-ਜਨਰਲ ਐਂਟੋਨੀਓ ਗੁਟੇਰੇਜ਼ ਨੇ ਚਿਤਾਵਨੀ ਦਿੱਤੀ ਕਿ ਜੇ ਗਲੋਬਲ ਵਾਰਮਿੰਗ ਨੂੰ ‘ਚਮਤਕਾਰੀ ਢੰਗ ਨਾਲ’ 1.5 ਡਿਗਰੀ ਸੈਲਸੀਅਸ ਤੱਕ ਸੀਮਤ ਕਰ ਵੀ ਲਿਆ ਜਾਵੇ ਤਾਂ ਵੀ ਸਮੁੰਦਰ ਦਾ ਪੱਧਰ ਕਾਫੀ ਵਧ ਜਾਵੇਗਾ ਅਤੇ ਇਹ ਭਾਰਤ, ਬੰਗਲਾਦੇਸ਼ ਤੇ ਚੀਨ ਵਰਗੇ ਦੇਸ਼ਾਂ ਲਈ ਖ਼ਤਰਨਾਕ ਹੈ। ਉਨ੍ਹਾਂ ਕਿਹਾ ਕਿ ਧਰਤੀ ਦੇ ਗਲੋਬਲ ਵਾਰਮਿੰਗ ਦੇ ਅਜਿਹੇ ਰਾਹ ’ਤੇ ਪੈਣ ਦੀ ਸੰਭਾਵਨਾ ਹੈ, ਜਿਸ ਨਾਲ ਸਮੁੰਦਰ ਦੇ ਵਧਦੇ ਪੱਧਰ ਦਾ ਮਤਲਬ ਕਈ ਦੇਸ਼ਾਂ ਦੀ ਹੋਂਦ ਖਤਰੇ ਵਿੱਚ ਹੋਵੇਗੀ। ਸੰਯੁਕਤ ਰਾਸ਼ਟਰ ਦੇ ਮੁਖੀ ਨੇ ਕਿਹਾ ਕਿ ਡਿਗਰੀ ਦੇ ਹਰ ਹਿੱਸੇ ਦੀ ਅਹਿਮੀਅਤ ਹੈ, ਕਿਉਂਕਿ ਤਾਪਮਾਨ ਦੋ ਡਿਗਰੀ ਸੈਲਸੀਅਸ ਵਧਣ ’ਤੇ ਸਮੁੰਦਰ ਦਾ ਪੱਧਰ ਦੁੱਗਣਾ ਹੋ ਸਕਦਾ ਹੈ। ਸਮੁੰਦਰੀ ਪੱਧਰ ਦੇ ਵਾਧੇ ’ਤੇ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਦੀ ਬੈਠਕ ਦੀ ਸ਼ੁਰੂਆਤ ’ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਜਲਵਾਯੂ ਪਰਿਵਰਤਨ ਦਾ ਮੁਕਾਬਲਾ ਕਰਨ ਲਈ ਹਰ ਦੇਸ਼ ਨੂੰ ਪੂਰਾ ਜ਼ੋਰ ਲਾਉਣ ਦੀ ਲੋੜ ਹੈ। ਮੀਟਿੰਗ ਵਿੱਚ 75 ਦੇਸ਼ਾਂ ਨੇ ਹਿੱਸਾ ਲਿਆ। ਗੁਟੇਰੇਜ਼ ਨੇ ਕਿਹਾ ਕਿ ਬੰਗਲਾਦੇਸ਼, ਚੀਨ, ਭਾਰਤ ਅਤੇ ਨੀਦਰਲੈਂਡ ਵਰਗੇ ਦੇਸ਼ ਖਤਰੇ ਵਿੱਚ ਹਨ। ਕਾਹਿਰਾ, ਲਾਗੋਸ, ਮਾਪੁਟੋ, ਬੈਂਕਾਕ, ਢਾਕਾ, ਜਕਾਰਤਾ, ਮੁੰਬਈ, ਸ਼ੰਘਾਈ, ਕੋਪਨਹੇਗਨ, ਲੰਡਨ, ਲਾਸ ਏਂਜਲਸ, ਨਿਊਯਾਰਕ, ਬਿਊਨਸ ਆਇਰਸ ਅਤੇ ਸੈਂਟੀਆਗੋ ਸਮੇਤ ਹਰ ਮਹਾਂਦੀਪ ਦੇ ਵੱਡੇ ਸ਼ਹਿਰਾਂ ’ਤੇ ਇਸ ਦਾ ਗੰਭੀਰ ਪ੍ਰਭਾਵ ਪਵੇਗਾ।



# ਮੈਰੀਲੈਂਡ ’ਚ ਬਹੁਮੰਜ਼ਿਲੀ ਇਮਾਰਤ ’ਚ ਅੱਗ ਲੱਗਣ ਕਾਰਨ 1 ਦੀ ਮੌਤ 17 ਜ਼ਖ਼ਮੀ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਸਿਲਵਰ ਸਪਰਿੰਗ, ਮੈਰੀਲੈਂਡ ਵਿੱਚ ਬਹੁਮੰਜ਼ਿਲੀ ਇਮਾਰਤ ਨੂੰ ਲੱਗੀ ਭਿਆਨਕ ਅੱਗ ਨਾਲ ਸੜ ਕੇ ਇਕ ਔਰਤ ਦੀ ਮੌਤ ਹੋ ਗਈ ਤੇ 17 ਹੋਰ ਲੋਕ ਜ਼ਖਮੀ ਹੋ ਗਏ ਜਿਨ੍ਹਾਂ ਵਿਚੋਂ ਕਈਆਂ ਦੀ ਹਾਲਤ ਗੰਭੀਰ ਹੈ। ਅੱਗ ਬੁਝਾਊ ਵਿਭਾਗ ਦੇ ਅਧਿਕਾਰੀਆਂ ਅਨੁਸਾਰ ਅੱਗ ਲੱਗਣ ਕਾਰਨ ਕੁਝ ਲੋਕ ਬਾਲਕੋਨੀਆਂ ਵਿੱਚ ਫਸ ਗਏ ਜਿਨ੍ਹਾਂ ਨੂੰ ਬਚਾ ਲਿਆ ਗਿਆ। ਮੌਂਟਗੋਮਰੀ ਕਾਊਂਟੀ ਫਾਇਰ ਚੀਫ ਸਕਾਟ ਗੋਲਡਸਟੀਨ ਨੇ ਕਿਹਾ ਹੈ ਕਿ ਅੱਗ 15 ਮੰਜਿਲਾ ਅਪਾਰਟਮੈਂਟ ਦੀ ਸਤਵੀਂ ਮੰਜ਼ਿਲ ਉਪਰ ਲੱਗੀ ਜਿਸ ਉਪਰ ਕਾਬੂ ਪਾਉਣ ਲਈ ਅੱਗ ਬੁਝਾਊ ਅਮਲੇ ਦੇ 100 ਤੋਂ ਵੱਧ ਮੁਲਾਜ਼ਮ ਪੁੱਜੇ। ਘੱਟੋ ਘੱਟ 17 ਲੋਕਾਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਨ੍ਹਾਂ ਵਿਚੋਂ ਕੁਝ ਦੀ ਹਾਲਤ ਗੰਭੀਰ ਹੈ। ਮ੍ਰਿਤਕ ਔਰਤ ਸ਼ਨਾਖਤ ਅਜੇ ਕੀਤੀ ਜਾਣੀ ਹੈ। ਅੱਗ ਕਾਰਨ ਪ੍ਰਭਾਵਿਤ ਹੋਏ ਲੋਕਾਂ ਨੂੰ ਸਥਾਨਕ ਰੀਕ੍ਰੀਏਸ਼ਨ ਸੈਂਟਰ ਵਿੱਚ ਤਬਦੀਲ ਕੀਤਾ ਗਿਆ ਹੈ।

# ਬਰਤਾਨਵੀ ਸੰਸਦ ਵੱਲੋਂ ਭਾਰਤ ’ਚ ਬੀ.ਬੀ.ਸੀ. ’ਤੇ ਕਰ ਵਿਭਾਗ ਦੇ ਛਾਪਿਆਂ ਦੀ ਨਿਖੇਧੀ

## ਬਰਤਾਨਵੀ ਸਰਕਾਰ ਨੂੰ ਪੁੱਛਿਆ ਸੀ ਕਿ ਵਿਦੇਸ਼ ਮੰਤਰੀ ਇਸ ਕਾਰਵਾਈ ’ਤੇ ਕੋਈ ਬਿਆਨ ਜਾਰੀ ਕਿਉਂ ਨਹੀਂ ਕਰਦੇ ?

ਲੰਡਨ -ਬੀਤੇ ਦਿਨੀਂ ਬੀਬੀਸੀ ਦੇ ਭਾਰਤੀ ਦਫਤਰਾਂ ’ਤੇ ਆਮਦਨ ਕਰ ਵਿਭਾਗ ਦੀ ਕਾਰਵਾਈ ਨੂੰ ਲੈ ਕੇ ਬਰਤਾਨਵੀ ਸੰਸਦ ’ਵਿਚ ਸਵਾਲ ਚੁੱਕੇ ਗਏ ਸਨ।ਸਵਾਲਾਂ ਦੇ ਜਵਾਬ ਵਿੱਚ ਬਰਤਾਨਵੀ ਸਰਕਾਰ ਦੇ ਇੱਕ ਮੰਤਰੀ ਨੇ ਸੰਸਦ ਵਿੱਚ ਕਿਹਾ ਸੀ ਕਿ ਉਹ ਭਾਰਤ ਸਰਕਾਰ ਦੇ ਸੰਪਰਕ ਵਿੱਚ ਹਨ ਅਤੇ ਇਹ ਮਾਮਲਾ ਚੁੱਕਿਆ ਗਿਆ ਹੈ।14 ਫ਼ਰਵਰੀ ਨੂੰ ਆਮਦਨ ਕਰ ਵਿਭਾਗ ਨੇ ਬੀਬੀਸੀ ਦੇ ਦਿੱਲੀ ਅਤੇ ਮੁੰਬਈ ਦਫ਼ਤਰਾਂ ਵਿੱਚ ਸਰਵੇ ਸ਼ੁਰੂ ਕੀਤਾ, ਜੋ ਤਿੰਨ ਦਿਨ ਤੱਕ ਚੱਲਿਆ ਸੀ।

ਬੀਤੇ ਮੰਗਲਵਾਰ ਨੂੰ ਬਰਤਾਨਵੀ ਸੰਸਦ ਮੈਂਬਰਾਂ ਨੇ ਹੇਠਲੇ ਸਦਨ ਹਾਊਸ ਆਫ਼ ਕਾਮਨਜ਼ ਦੇ ਨਿਯਮਤ ਕੰਮਕਾਜ ਦੌਰਾਨ ’ਅਰਜੈਂਟ ਕਵੈਸ਼ਚਨ’ ਰਾਹੀਂ ਬਰਤਾਨਵੀ ਸਰਕਾਰ ਨੂੰ ਪੁੱਛਿਆ ਸੀ ਕਿ ਵਿਦੇਸ਼ ਮੰਤਰੀ ਇਸ ਕਾਰਵਾਈ ’ਤੇ ਕੋਈ ਬਿਆਨ ਜਾਰੀ ਕਿਉਂ ਨਹੀਂ ਕਰਦੇ ?ਹਾਲ ਦੀ ਘੜੀ ਇਸ ਮਾਮਲੇ ਵਿਚ ਬਰਤਾਨਵੀ ਸਰਕਾਰ ਵਲੋਂ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

ਭਾਰਤ ਸਰਕਾਰ ਦੀ ਇਸ ਕਾਰਵਾਈ ’ਤੇ ਚਿੰਤਾ ਜ਼ਾਹਰ ਕਰਦਿਆਂ ਬਰਤਾਨਵੀ ਲੇਬਰ ਪਾਰਟੀ ਦੇ ਨੇਤਾ ਫ਼ੈਬੀਅਨ ਹੈਮਿਲਟਨ ਨੇ ਕਿਹਾ, ÷ਜਿੱਥੇ ਸਹੀ ਅਰਥਾਂ ਵਿੱਚ ਪ੍ਰੈਸ ਆਪਣਾ ਕੰਮ ਕਰਨ ਲਈ ਅਸਲੋਂ ਆਜ਼ਾਦ ਹੈ, ਇਸ ਤਰ੍ਹਾਂ ਦੇ ਲੋਕਤੰਤਰੀ ਦੇਸ਼ ਵਿੱਚ ਆਲੋਚਨਾਤਮਕ ਆਵਾਜ਼ਾਂ ਨੂੰ ਬੇਵਜ੍ਹਾ ਦਬਾਇਆ ਨਹੀਂ ਜਾ ਸਕਦਾ।ਪ੍ਰਗਟਾਵੇ ਦੀ ਆਜ਼ਾਦੀ ਨੂੰ ਹਰ ਕੀਮਤ ’ਤੇ ਸੁਰੱਖਿਅਤ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ, ਭਾਰਤ ਵਿੱਚ ਬੀਬੀਸੀ ਦੇ ਦਫ਼ਤਰਾਂ ’ਤੇ ਪਿਛਲੇ ਹਫ਼ਤੇ ਦੀ ਛਾਪਾਮਾਰੀ ਬਹੁਤ ਚਿੰਤਾਜਨਕ ਹੈ, ਅਧਿਕਾਰਤ ਕਾਰਨ ਭਾਵੇਂ ਕੋਈ ਵੀ ਹੋਵੇ।ਬੀਬੀਸੀ ਦੁਨੀਆਂ ਭਰ ਵਿੱਚ ਆਪਣੀ ਉੱਚ ਗੁਣਵੱਤਾ ਭਰੀ ਭਰੋਸੇਮੰਦ ਰਿਪੋਰਟਿੰਗ ਲਈ ਜਾਣਿਆਂ ਜਾਂਦਾ ਮੀਡੀਆ ਹਾਊਸ ਹੈ। ਇਸ ਨੂੰ ਬਗ਼ੈਰ ਕਿਸੇ ਖ਼ੌਫ਼ ਤੋਂ ਰਿਪੋਰਟ ਕਰਨ ਲਈ ਸੁਤੰਤਰ ਹੋਣਾ ਚਾਹੀਦਾ ਹੈ।

ਬਰਤਾਨਵੀ ਡੈਮੋਕ੍ਰੇਟਿਕ ਯੂਨੀਅਨਿਸਟ ਪਾਰਟੀ (ਡੀਯੂਪੀ) ਦੇ ਸੰਸਦ ਮੈਂਬਰ ਜਿਮ ਸ਼ੈਨਨ ਨੇ ਕਿਹਾ, ”ਸਾਨੂੰ ਪੂਰੀ ਤਰ੍ਹਾਂ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਹ ਧਮਕਾਉਣ ਵਾਲੀ ਕਾਰਵਾਈ ਸੀ। ਇਹ ਕਾਰਵਾਈ ਦੇਸ਼ ਦੇ ਸਿਆਸੀ ਆਗੂਆਂ ਦੀ ਆਲੋਚਨਾ ਵਾਲੀ ਦਸਤਾਵੇਜ਼ੀ ਫ਼ਿਲਮ ਦੇ ਰਿਲੀਜ਼ ਹੋਣ ਤੋਂ ਬਾਅਦ ਕੀਤੀ ਗਈ ਹੈ।”




ਡਾਕੂਮੈਂਟਰੀ ਦੇ ਰਿਲੀਜ਼ ਹੋਣ ਤੋਂ ਬਾਅਦ ਦੀ ਸਥਿਤੀ ਬਾਰੇ ਦੱਸਦੇ ਹੋਏ ਸ਼ੈਨਨ ਨੇ ਕਿਹਾ, ”ਇਸ ਡਾਕੂਮੈਂਟਰੀ ਦੇ ਰਿਲੀਜ਼ ਹੋਣ ਤੋਂ ਬਾਅਦ ਭਾਰਤ ’ਚ ਇਸ ਦੀ ਸਕ੍ਰੀਨਿੰਗ ਨੂੰ ਰੋਕਣ ਲਈ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਮੀਡੀਆ ਅਤੇ ਪੱਤਰਕਾਰਾਂ ਦੀ ਪ੍ਰਗਟਾਵੇ ਦੀ ਆਜ਼ਾਦੀ ਨੂੰ ਦਬਾਇਆ ਜਾ ਰਿਹਾ ਹੈ।ਜਦੋਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੇ ਆਪਣੇ ਕੈਂਪਸ ਵਿੱਚ ਦਸਤਾਵੇਜ਼ੀ ਫ਼ਿਲਮ ਦੇਖਣ ਦੀ ਕੋਸ਼ਿਸ਼ ਕੀਤੀ ਤਾਂ ਦਰਜਨਾਂ ਵਿਦਿਆਰਥੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਦੇ ਨਾਲ ਹੀ ਕਈ ਹੋਰ ਵਿਦਿਆਰਥੀਆਂ ਨੂੰ ਇੰਟਰਨੈੱਟ ਅਤੇ ਬਿਜਲੀ ਤੋਂ ਬਿਨਾਂ ਰਹਿਣਾ ਪਿਆ ਸੀ।

ਉਨ੍ਹਾਂ ਸਵਾਲ ਕੀਤਾ, ਭਾਰਤ ਸਰਕਾਰ ਦੀ ਇਸ ਕਾਰਵਾਈ ਦਾ ਪੱਤਰਕਾਰਾਂ, ਮਨੁੱਖੀ ਅਧਿਕਾਰਾਂ ਦੇ ਵਕੀਲਾਂ ਅਤੇ ਧਾਰਮਿਕ ਘੱਟ ਗਿਣਤੀਆਂ ’ਤੇ ਗੰਭੀਰ ਪ੍ਰਭਾਵ ਪਿਆ ਹੈ।

ਕੀ ਮੰਤਰੀ ਮੈਨੂੰ ਅਤੇ ਇਸ ਸਦਨ ਨੂੰ ਦੱਸ ਸਕਦੇ ਹਨ ਕਿ ਕੀ ਸਰਕਾਰ ਇਸ ਮਾਮਲੇ ਵਿੱਚ ਭਾਰਤੀ ਹਾਈ ਕਮਿਸ਼ਨ ਨੂੰ ਤਲਬ ਕਰਨ ਜਾ ਰਹੀ ਹੈ ਜਾਂ ਉਹ ਆਪਣੇ ਹਮਰੁਤਬਾ ਕੋਲ ਇਹ ਮੁੱਦਾ ਚੁੱਕੇਗੀ ?

ਭਾਰਤੀ ਮੂਲ ਦੇ ਲੇਬਰ ਪਾਰਟੀ ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਵੀ ਇਸ ਮੁੱਦੇ ’ਤੇ ਬਰਤਾਨਵੀ ਸਰਕਾਰ ਨੂੰ ਸਵਾਲ ਕੀਤੇ ਹਨ।ਉਨ੍ਹਾਂ ਨੇ ਕਿਹਾ, ‘ਯੂਕੇ ਵਿੱਚ ਸਾਨੂੰ ਪ੍ਰੈਸ ਦੀ ਆਜ਼ਾਦੀ ’ਤੇ ਬਹੁਤ ਮਾਣ ਹੈ। ਅਸੀਂ ਬੀਬੀਸੀ ਅਤੇ ਹੋਰ ਸਤਿਕਾਰਤ ਮੀਡੀਆ ਸਮੂਹਾਂ ਵਲੋਂ ਬਰਤਾਨਵੀ ਸਰਕਾਰ, ਇਸਦੇ ਪ੍ਰਧਾਨ ਮੰਤਰੀ ਅਤੇ ਵਿਰੋਧੀ ਪਾਰਟੀਆਂ ਦੀ ਜਵਾਬਦਹੀ ਤੈਅ ਕੀਤੇ ਜਾਣ ਦੇ ਆਦੀ ਹਾਂ।’

(ਬਾਕੀ ਸਫ਼ਾ 30 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

22 ਫ਼ਰਵਰੀ ਤੋਂ 28 ਫਰਵਰੀ, 2023

## ਗੁਰਦੁਆਰਿਆਂ ਦੀ ਸੇਵਾ ਸੰਭਾਲ

ਬੀਤੇ ਦਿਨੀਂ ਅਰਦਾਸ ਦੌਰਾਨ ਹਰਿਆਣਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਰਥਕਾਂ ਵਿੱਚ ਹੱਥੋਪਾਈ ਦੀ ਖਬਰ ਸਾਹਮਣੇ ਆਈ ਹੈ। ਵੱਖ-ਵੱਖ ਅਖਬਾਰਾਂ ਅਤੇ ਚੈਨਲਾਂ ’ਤੇ ਇਹ ਖਬਰ ਵੱਡੀ ਕਰ ਕਰ ਕੇ ਵਿਖਾਈ ਗਈ ਕਿ ਸ਼ੁਕਰਾਨੇ ਲਈ ਕਰਵਾਈ ਅਰਦਾਸ ਮੌਕੇ ਮਾਈਕ ਖੋਹਣ ਤੋਂ ਹੰਗਾਮਾ ਹੋ ਗਿਆ ਜਿਸ ’ਤੇ ਹਰਿਆਣਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਰਥਕ ਆਪਸ ਵਿੱਚ ਉਲਝ ਗਏ, ਹੱਥੋਪਾਈ ਹੋਈ ਅਤੇ ਪੁਲਿਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮਰਥਕਾਂ ਨੂੰ ਬਾਹਰ ਕੱਢਿਆ। ਇਸ ਮਾਮਲੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਸਣੇ 14 ਜਣਿਆਂ ਖ਼ਿਲਾਫ਼ ਸ਼ਿਕਾਇਤ ਕੀਤੀ ਗਈ ਹੈ। ਖਬਰਾਂ ਅਨੁਸਾਰ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਬਾਬਾ ਕਰਮਜੀਤ ਸਿੰਘ, ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਅਤੇ ਹੋਰ ਮੈਂਬਰ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਦੀ ਸੇਵਾ ਸੰਭਾਲਣ ਸਬੰਧੀ ਸ਼ੁਕਰਾਨਾ ਅਰਦਾਸ ਕਰਨ ਪੁੱਜੇ ਸਨ। ਦੀਵਾਨ ਦੌਰਾਨ ਹੀ ਇਸ ਗੱਲ ਦਾ ਵਿਰੋਧ ਕਰ ਰਹੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਰਥਕਾਂ ਨੇ ਹਰਿਆਣਾ ਕਮੇਟੀ ਮੈਂਬਰਾਂ ਤੋਂ ਮਾਈਕ ਖੋਹਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮਰਥਕਾਂ ਵਿੱਚ ਹੱਥੋਪਾਈ ਸ਼ੁਰੂ ਹੋ ਗਈ। ਇਸ ਮੌਕੇ ਬਾਬਾ ਬਲਜੀਤ ਸਿੰਘ ਦਾਦੂਵਾਲ ਦੀ ਸੁਰੱਖਿਆ ’ਚ ਤਾਇਨਾਤ ਪੁਲਿਸ ਮੁਲਾਜ਼ਮਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮਰਥਕਾਂ ਨੂੰ ਗੁਰਦੁਆਰੇ ਵਿੱਚੋਂ ਬਾਹਰ ਕੱਢ ਦਿੱਤਾ। ਇਸ ਤੋਂ ਬਾਅਦ ਪੁਲਿਸ ਸ਼੍ਰੋਮਣੀ ਕਮੇਟੀ ਸਮਰਥਕਾਂ ਨੂੰ ਆਪਣੇ ਨਾਲ ਥਾਣਾ ਕ੍ਰਿਸ਼ਨਾ ਗੇਟ ਲੈ ਗਈ।

ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਬਾਬਾ ਕਰਮਜੀਤ ਸਿੰਘ ਦਾ ਕਹਿਣਾ ਹੈ ਕਿ ਅਰਦਾਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤਜਿੰਦਰਪਾਲ ਸਿੰਘ ਢਿੱਲੋਂ ਅਤੇ ਉਨ੍ਹਾਂ ਨਾਲ ਆਏ ਛੇ ਜਣਿਆਂ ਨੇ ਆਉਂਦੇ ਹੀ ਹੰਗਾਮਾ ਸ਼ੁਰੂ ਕਰ ਦਿੱਤਾ। ਉਹਨਾਂ ਹਰਿਆਣਾ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਅਜਿਹੇ ਲੋਕਾਂ ’ਤੇ ਸਖ਼ਤ ਕਾਰਵਾਈ ਕੀਤੀ ਜਾਵੇ।

ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪੁਲਿਸ ਗੁਰਦੁਆਰੇ ਵਿੱਚ ਜੁੱਤੀਆਂ ਸਮੇਤ ਦਾਖਲ ਹੋਈ ਹੈ ਤੇ ਉਥੇ ਕਬਜ਼ਾ ਕਰਨ ਦਾ ਵਿਰੋਧ ਕਰ ਰਹੇ ਸਿੱਖਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਇਸ ਘਟਨਾ ਨੂੰ ਮੰਦਭਾਗਾ ਕਰਾਰ ਦਿੰਦਿਆਂ ਕਿਹਾ ਕਿ ਜੇਕਰ ਹਰਿਆਣਾ ਸਰਕਾਰ ਨੇ ਸ਼੍ਰੋਮਣੀ ਕਮੇਟੀ ਨੂੰ ਤੋੜ ਕੇ ਗੁਰਦੁਆਰਿਆਂ ’ਤੇ ਪੁਲਿਸ ਦੇ ਜ਼ੋਰ ਨਾਲ ਕਬਜ਼ਾ ਕਰਨਾ ਹੈ ਤਾਂ ਇਸ ਤੋਂ ਪਹਿਲਾਂ ਸਿੱਖ ਗੁਰਦੁਆਰਾ ਐਕਟ 1925 ਨੂੰ ਸੰਸਦ ਵਿੱਚੋਂ ਡੀਨੋਟੀਫਾਇਡ ਕਰਵਾਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦਾ ਕਹਿਣਾ ਹੈ ਕਿ ਪੰਜ ਮੈਂਬਰੀ ਕਮੇਟੀ ਗੁਰਦੁਆਰੇ ਵਿੱਚ ਵਾਪਰੀ ਘਟਨਾ ਦਾ ਜਾਇਜ਼ਾ ਲਵੇਗੀ, ਕਮੇਟੀ ਦੀ ਰਿਪੋਰਟ ਮਗਰੋਂ ਸ੍ਰੀ ਅਕਾਲ ਤਖ਼ਤ ਨੂੰ ਅਗਲੇਰੀ ਕਾਰਵਾਈ ਲਈ ਅਪੀਲ ਕੀਤੀ ਜਾਵੇਗੀ।

ਸਿੱਖਾਂ ਦੇ ਗੁਰਦੁਆਰਿਆਂ ਸਬੰਧੀ ਅੰਗਰੇਜ ਸਰਕਾਰ ਵੇਲੇ ਤੋਂ ਹੀ ਨੀਤੀ ਇਹ ਰਹੀ ਹੈ ਕਿ ਇਨ੍ਹਾਂ ਦੇ ਪ੍ਰਬੰਧ ਵਿੱਚ ਦਖਲ ਦਿੱਤਾ ਜਾਵੇ, ਇਨ੍ਹਾਂ ਨੂੰ ਆਪਣੇ ਅਧੀਨ ਜਾਂ ਘੱਟੋ-ਘੱਟ ਅਸਰ ਥੱਲੇ ਰੱਖਿਆ ਜਾਵੇ ਅਤੇ ਆਪਣੇ ਰਾਜ ਦੀ ਮਜਬੂਤੀ ਲਈ ਵਰਤਿਆ ਜਾਵੇ। 1881 ਵਿੱਚ ਪੰਜਾਬ ਦੇ ਲੈਫਟੀਨੈਂਟ ਗਵਰਨਰ ‘ਇਜਰਟਨ’ ਨੇ ‘ਲਾਟ ਰਿਪਨ’ ਨੂੰ ਚਿੱਠੀ ਲਿਖੀ ਜਿਸ ਵਿੱਚ ਉਸ ਨੇ ਆਖਿਆ, ‘ਸਿੱਖ ਗੁਰਦੁਆਰਿਆਂ ਦੇ ਪ੍ਰਬੰਧ ਨੂੰ ਅਜਿਹੀ ਕਮੇਟੀ ਦੇ ਹੱਥਾਂ ਵਿੱਚ ਜਾਣ ਦੇਣ ਦੀ ਆਗਿਆ ਦੇਣਾ ਜਿਹੜੀ ਗੌਰਮੈਂਟ ਕੰਟਰੋਲ ਤੋਂ ਆਜ਼ਾਦ ਹੋ ਚੁੱਕੀ ਹੋਵੇ, ਰਾਜਸੀ ਤੌਰ ’ਤੇ ਖਤਰਨਾਕ ਹੋਵੇਗਾ।’ ਇਹ ਨੀਤੀ ਲਗਾਤਾਰ ਲਾਗੂ ਹੈ ਅਤੇ ਇਹ ਹੀ ਅੱਜ ਸਾਨੂੰ ਇਸ ਥਾਂ ’ਤੇ ਲੈ ਆਈ ਹੈ।

ਸਾਡੀਆਂ ਇਹ ਸੰਸਥਾਵਾਂ ਵੀ ਜਿਹੜੀਆਂ ਕਰੀਬ 100 ਸਾਲ ਪਹਿਲਾਂ ਸੰਘਸਰਸ਼ ’ਚੋਂ ਹੋਂਦ ਵਿੱਚ ਆਈਆਂ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ) ਆਪਣੇ ਅਸਲ ਮਨੋਰਥ ਤੋਂ ਪਾਸੇ ਹੋਣ ਕਰਕੇ ਆਪਣੀ ਵਿਸ਼ਵਾਸ਼ਯੋਗਤਾ ਗਵਾ ਚੁੱਕੀਆਂ ਹਨ। ਅਜਿਹੀਆਂ ਸੰਸਥਾਵਾਂ ਵੱਲੋਂ ਇਸ ਤਰ੍ਹਾਂ ਦੇ ਅਮਲ ਹੋਰ ਵੀ ਵੱਧ ਘਾਤਕ ਬਣ ਜਾਂਦੇ ਹਨ। ਹਾਲ ਹੀ ਵਿੱਚ ਹੋਈ ਤਾਜ਼ਾ ਘਟਨਾ ਨੇ ਇਹ ਗੱਲ ਹੋਰ ਵੀ ਨਿਖਾਰ ਦਿੱਤੀ ਹੈ ਕਿ ਹੁਣ ਇਨ੍ਹਾਂ ਵਿੱਚ ਸੁਧਾਰ ਮਹਿਜ ਬੰਦੇ ਬਦਲ ਕੇ ਨਹੀਂ ਹੋਣਾ ਸਗੋਂ ਤਰੀਕਾ ਬਦਲਣਾ ਪੈਣਾ ਹੈ।

ਸੰਤ ਅਤਰ ਸਿੰਘ ਜੀ ਸੰਨ 1921 ਵਿਚ ਨਨਕਾਣਾ ਸਾਹਿਬ ਸਾਕੇ ਦੇ ਸ਼ਹੀਦੀ ਸਮਾਗਮ ਵਿਖੇ ਗਏ। ਭਾਈ ਤੇਜਾ ਸਿੰਘ ਨੇ ਉਥੇ ਸੰਤ ਜੀ ਵੱਲੋਂ ਪੰਥ ਸੇਵਕਾਂ ਨੂੰ ਬੇਨਤੀ ਕੀਤੀ ਕਿ ਸਤਿਗੁਰੂ ਦੀ ਰਜ਼ਾ ਵਿੱਚ ਸ੍ਰੀ ਨਨਕਾਣਾ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਸੰਭਾਲ ਅਤੇ ਜ਼ਿੰਮੇਵਾਰੀ ਹੁਣ ਪੰਥ ਕੋਲ ਆ ਗਈ ਹੈ। ਗੁਰੂ ਖਾਲਸਾ ਪੰਥ ਹੋਰ ਗੁਰਦੁਆਰਿਆਂ ’ਤੇ ਕਬਜ਼ਾ ਨਾ ਕਰੇ, ਸਗੋਂ ਅਕਾਲੀ ਫੂਲਾ ਸਿੰਘ ਵਾਂਗ ਮਹੰਤਾਂ ਨੂੰ ਆਪਣੇ ਕੁੰਡੇ ਹੇਠ ਰੱਖੇ। ਇਸ ਤਰ੍ਹਾਂ ਸਾਰਾ ਪ੍ਰਬੰਧ ਖਾਲਸਾ ਜੀ ਦੀ ਮਰਜ਼ੀ ਅਨੁਸਾਰ ਹੋਵੇਗਾ ਅਤੇ ਦੂਸਰਾ, ਪੰਥ ਪੂਜਾ ਦੇ ਧੰਨ ਤੋਂ ਵੀ ਬਚਿਆ ਰਹੇਗਾ। ਪੰਜ ਸੌ ਸਿੱਖਾਂ ਦਾ ਨਿਸ਼ਕਾਮ ਜਥਾ, ਜੋ ਤਨਖਾਹ ਨਾ ਲੈਂਦਾ ਹੋਵੇ, ਗੁਰੂ ਕੇ ਲੰਗਰਾਂ ਵਿਚੋਂ ਪ੍ਰਸ਼ਾਦੇ ਅਤੇ ਸਿਰੋਪਾਓ ਤੇ ਗੁਜ਼ਾਰਾ ਕਰਦਾ ਹੋਵੇ, ਉਹ ਸੇਵਾ ਸੰਭਾਲੇ ਤਾਂ ਹੀ ਗੁਰੂ ਆਸ਼ਾ ਪੂਰਾ ਹੋ ਸਕਦਾ ਹੈ।

ਹੁਣ ਵੀ ਸਾਨੂੰ ਮੌਜੂਦਾ ਚਲਣ ਜਿਸ ਵਿੱਚ ਵੋਟਾਂ ਰਾਹੀਂ ਬੰਦੇ ਚੁਣੇ ਜਾਂਦੇ ਹਨ ਨੂੰ ਬਦਲ ਕੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਸਾਡੀ ਪ੍ਰੰਪਰਾ ਅਨੁਸਾਰ ਨਿਸ਼ਕਾਮ ਜਥਿਆਂ ਨੂੰ ਦੇਣੀ ਚਾਹੀਦੀ ਹੈ ਜੋ ਘਰਾਂ ਨੂੰ ਫਤਹਿ ਬੁਲਾ ਆਏ ਹੋਣ, ਤਨਖਾਹ ਨਾ ਲੈਂਦੇ ਹੋਣ, ਗੁਰੂ ਕੇ ਲੰਗਰਾਂ ਵਿਚੋਂ ਪ੍ਰਸ਼ਾਦੇ ਅਤੇ ਸਿਰੋਪਾਓ ’ਤੇ ਗੁਜ਼ਾਰਾ ਕਰਦੇ ਹੋਣ, ਅਜਿਹੇ ਸਿੱਖਾਂ/ਜਥਿਆਂ ਕੋਲ ਸੇਵਾ ਹੋਵੇਗੀ ਤਾਂ ਹੀ ਰਾਜਨੀਤਕ ਪ੍ਰਭਾਵ ਤੋਂ ਇਨ੍ਹਾਂ ਪਵਿੱਤਰ ਥਾਵਾਂ ਨੂੰ ਮੁਕਤ ਕੀਤਾ ਜਾ ਸਕੇਗਾ। ਇਸ ਦੇ ਨਾਲ ਹੀ ਸਾਡੇ ਸਾਰੇ ਅਹਿਮ ਮਸਲਿਆਂ ਦੇ ਫੈਸਲੇ ਗੁਰੂ ਦੀ ਹਜ਼ੂਰੀ ਵਿੱਚ ਹੋ ਸਕਣਗੇ ਜੋ ਹੁਣ ਦੁਨਿਆਵੀ ਅਦਾਲਤਾਂ ਜਾਂ ਅਜਿਹੇ ਹੋਰ ਢਾਂਚਿਆਂ ’ਤੇ ਟੇਕ ਬਣ ਕੇ ਰਹਿ ਜਾਂਦੇ ਹਨ। ਗੁਰੂ ਪਾਤਿਸ਼ਾਹ ਮਿਹਰ ਕਰਨ ਅਸੀਂ ਜੋ ਹੁਣ ਇਸ ਸਮੇਂ ਵਿੱਚ ਵਿਚਰ ਰਹੇ ਹਾਂ, ਆਪਣੇ ਗੁਰਦੁਆਰਿਆਂ ਦੀ ਸੇਵਾ ਸੰਭਾਲ ਲਈ ਪੱਕ ਚੁੱਕੀਆਂ ਲੀਹਾਂ ਤੋਂ ਪਾਸੇ ਹੋ ਕੇ ਆਪਣੇ ਮੂਲ ਵੱਲ ਨੂੰ ਪਰਤਣ ਲਈ ਕੋਈ ਉੱਦਮ ਕਰ ਸਕੀਏ।

-ਸੰਪਾਦਕ

# ਦੁਨੀਆਂ ’ਚ ਪੰਜਾਬੀ ਭਾਸ਼ਾ ਨੂੰ 10ਵਾਂ ਸਥਾਨ ਹਾਸਲ

## ਦੁਨੀਆਂ ਭਰ ’ਚ 15 ਕਰੋੜ ਤੋਂ ਵੱਧ ਲੋਕ ਪੰਜਾਬੀ ਜ਼ੁਬਾਨ ਬੋਲਣ ਵਾਲੇ

### ਇੰਗਲੈਂਡ ਅਤੇ ਕੈਨੇਡਾ ’ਚ ਪੰਜਾਬੀ ਤੀਜੇ ਸਥਾਨ ਅਤੇ ਆਸਟ੍ਰੇਲੀਆ ’ਚ ਪੰਜਾਬੀ ਨੂੰ ਦੂਸਰਾ ਸਥਾਨ ਹਾਸਲ, ਅਕਾਲੀ ਸਰਕਾਰ ਸਮੇਤ ਪੰਜਾਬ ਦੀਆਂ ਸਰਕਾਰਾਂ ਨੇ ਪੰਜਾਬੀ ਨਾਲ ਧ੍ਰੋਹ ਕਮਾਇਆ



ਬਘੇਲ ਸਿੰਘ ਧਾਲੀਵਾਲ
99142-58142

ਪੰਜਾਬੀ ਸਾਹਿਤ ਰਚਨਾ ਦਾ ਮੁੱਢ ਅੱਠਵੀਂ, ਨੌਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ ਤਾਂ ਜ਼ਾਹਰ ਹੈ ਕਿ ਪੰਜਾਬੀ ਬੋਲੀ ਦੀ ਉਮਰ ਵੀ 1200 ਵਰ੍ਹੇ ਤੋਂ ਲੰਮੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰੂਆਂ, ਪੀਰਾਂ, ਭਗਤਾਂ, ਸੂਫੀਆਂ ਦੀ ਬਾਣੀ ਨੇ ਪੰਜਾਬੀ ਬੋਲੀ ਨੂੰ ਹੋਰ ਅਲੌਕਿਕ ਸੰਗੀਤਮਈ ਤੇ ਮਿਠਾਸ ਭਰਪੂਰ ਕੀਤਾ ਹੈ। ਭੰਗੜਾ ਸੰਗੀਤ ਦੀ ਮਾਂ ਬੋਲੀ ਪੰਜਾਬੀ ਹੋਣ ਕਰਕੇ ਇਹ ਕਿਸੇ ਇੱਕ ਫਿਰਕੇ, ਮਜ਼ਹਬ ਜਾਂ ਇਲਾਕੇ ਤੱਕ ਸੀਮਤ ਬੋਲੀ ਨਹੀਂ ਰਹੀ, ਬਲਕਿ ਇਹ ਦੋਵਾਂ ਪੰਜਾਬਾਂ ਤੋਂ ਬਾਹਰ ਨਿਕਲ ਕੇ ਦੁਨੀਆਂ ਪੱਧਰ ਤੱਕ ਪੈਰ ਪਸਾਰਨ ਵਾਲੀ ਬੋਲੀ ਹੋ ਨਿਬੜੀ ਹੈ। ਪੰਜਾਬੀ ਮਾਂ ਬੋਲੀ ਦੀ ਜੋ ਪੰਜਾਬ ’ਚ ਹੀ ਨਹੀਂ, ਬਲਕਿ ਵਿਦੇਸ਼ਾਂ ਵਿੱਚ ਵੀ ਖ਼ਾਸ ਸਥਾਨ ਰੱਖਦੀ ਹੈ। ਪੰਜਾਬੀਆਂ ਨੂੰ ਮਾਣ ਹੋਣਾ ਚਾਹੀਦਾ ਹੈ ਕਿ ਦੁਨੀਆ ਵਿੱਚ 7,000 ਦੇ ਕਰੀਬ ਭਾਸ਼ਾਵਾਂ ਹਨ ਜਿਨ੍ਹਾਂ ਵਿਚੋਂ ਪੰਜਾਬੀ ਨੂੰ 10ਵਾਂ ਸਥਾਨ ਹਾਸਲ ਹੈ। ਇੰਗਲੈਂਡ ਅਤੇ ਕੈਨੇਡਾ ’ਚ ਪੰਜਾਬੀ ਤੀਜੇ ਸਥਾਨ ’ਤੇ ਹੈ। ਆਸਟ੍ਰੇਲੀਆ ਵਿੱਚ ਪੰਜਾਬੀ ਨੂੰ ਦੂਸਰਾ ਸਥਾਨ ਹਾਸਲ ਹੈ ਜਦਕਿ ਦੁਨੀਆ ਭਰ ’ਚ 15 ਕਰੋੜ ਤੋਂ ਵੱਧ ਲੋਕ ਪੰਜਾਬੀ ਜੁਬਾਨ ਬੋਲਣ ਵਾਲੇ ਵੱਸਦੇ ਹਨ। ਪ੍ਰਦੇਸਾਂ ਵਿੱਚ ਜਾ ਕੇ ਵੀ ਪੰਜਾਬੀ ਆਪਣੀ ਮਾਂ ਬੋਲੀ ਤੋਂ ਵਿਰਵੇ ਨਹੀਂ ਹੋਏ, ਬਲਕਿ ਉਨ੍ਹਾਂ ਨੇ ਉੱਥੇ ਵੀ ਇਕ ਪੰਜਾਬ ਵਸਾ ਲਿਆ ਹੈ ਜਿਨ੍ਹਾਂ ਨੇ ਨਾ ਕੇਵਲ ਆਪਣੀ ਮਾਤ ਭਾਸ਼ਾ ਨੂੰ ਹੀ ਸੰਭਾਲਿਆ ਹੋਇਆ ਹੈ ਸਗੋਂ ਸਾਹਿਤ ਤੇ ਸੱਭਿਆਚਾਰ ਨੂੰ ਵੀ ਦੇਸ਼ਾਂ-ਵਿਦੇਸ਼ਾਂ ਵਿੱਚ ਨਵੀਂ ਤੇ ਨਿਵੇਕਲੀ ਪਛਾਣ ਦਿੱਤੀ ਹੈ। ਕਿਸੇ ਸ਼ਾਇਰ ਨੇ ਠੀਕ ਲਿਖਿਆ ਹੈ ਕਿ ਸਿੱਖ ਅੰਗਰੇਜ਼ੀ, ਲਿਖ ਅੰਗਰੇਜ਼ੀ, ਇਹ ਵੀ ਇਕ ਅਮੀਰੀ ਪਰ ਨਾ ਭੁੱਲੀਂ ਜਿਉਣ ਜੋਗਿਆ ਊੜਾ ਐੜਾ ਈੜੀ, ਭਾਵ ਸਭ ਭਾਸ਼ਾਵਾਂ ਸਿੱਖੋ ਪਰ ਆਪਣੀ ਭਾਸ਼ਾ ਦੀ ਕੁਰਬਾਨੀ ਦੇ ਕੇ ਨਹੀਂ। ਹਰ ਸਾਲ ਮਾਤ ਭਾਸ਼ਾ ਦਿਵਸ ਮੌਕੇ ਵੱਖ-ਵੱਖ ਸੰਸਥਾਵਾਂ ਵੱਲੋਂ ਪੰਜਾਬੀ ਬੋਲੀ ਦੀ ਪ੍ਰਫੁੱਲਤਾ ਲਈ ਯਤਨ ਕੀਤੇ ਜਾਂਦੇ ਹਨ। ਇਸ ਸਾਲ ਜਿੱਥੇ ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ 21 ਫਰਵਰੀ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਤੋਂ ਪਹਿਲਾਂ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਅਦਾਰਿਆਂ ਵਿਚ ਸਾਈਨ ਬੋਰਡਾਂ ’ਤੇ ਪੰਜਾਬੀ ਭਾਸ਼ਾ ਦੀ ਵਰਤੋਂ ਕਰਨਾ ਲਾਜ਼ਮੀ ਕਰ ਦਿੱਤਾ ਗਿਆ ਹੈ ਅਤੇ ਇਸ ਦੇ ਮੱਦੇਨਜ਼ਰ ਸਾਰੇ ਸਰਕਾਰੀ ਅਤੇ ਅਰਧ-ਸਰਕਾਰੀ ਦਫ਼ਤਰਾਂ ਤੋਂ ਇਲਾਵਾ ਬੋਰਡਾਂ, ਕਾਰਪੋਰੇਸ਼ਨਾਂ, ਵਿੱਦਿਅਕ ਅਦਾਰਿਆਂ, ਜਨਤਕ, ਨਿੱਜੀ ਅਤੇ ਵਪਾਰਕ ਅਦਾਰਿਆਂ ਨੂੰ ਇਸ ਦੀ ਪਾਲਣਾ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

‘ਐਥਨੋਲੋਗ’ 2005 (ਬੋਲੀਆਂ ਨਾਲ਼ ਸਬੰਧਤ ਇੱਕ ਵਿਸ਼ਵ ਗਿਆਨ ਕੋਸ਼) ਮੁਤਾਬਕ ਪੰਜਾਬੀ ਸਮੁੱਚੀ ਦੁਨੀਆ ਵਿੱਚ ਸਭ ਤੋਂ ਵੱਧ ਬੋਲੀ ਜਾਣ ਵਾਲੀ ‘ਦਸਵੀਂ ਬੋਲੀ’ ਹੈ। ਇਸ ਦੇ ਬਾਵਜੂਦ ਵੀ ਪੰਜਾਬੀ ਤੇ ਖਤਰੇ ਮੰਡਰਾਉਂਦੇ ਰਹੇ ਹਨ। ਪੰਜਾਬੀ ਭਾਸ਼ਾ ਨੂੰ ਦਬਾਉਣ ਲਈ ਅੰਗਰੇਜ ਸਾਮਰਾਜ ਦੀ ਵੀ ਵੱਡੀ ਭੂਮਿਕਾ ਰਹੀ ਹੈ, ਪ੍ਰੰਤੂ ਅਜ਼ਾਦੀ ਤੋ ਬਾਅਦ ਦਾ ਵਰਤਾਰਾ ਵੀ ਪੰਜਾਬੀ ਲਈ ਚਿੰਤਾਜਨਕ ਹੀ ਰਿਹਾ ਹੈ। ਜੰਮੂ ਕਸ਼ਮੀਰ ਤੋਂ ਬਾਅਦ ਪੰਜਾਬ ਹੀ ਇੱਕੋ ਇੱਕ ਅਜਿਹਾ ਸੂਬਾ ਹੋਵੇਗਾ, ਜਿਸ ਦੀ ਮਾਤ ਭਾਸ਼ਾ ਨੂੰ ਦੇਸ਼ ਨਿਕਾਲਾ ਦੇ ਕੇ ਹਿੰਦੀ ਭਾਸ਼ਾ ਨੂੰ ਪਟਰਾਣੀ ਬਣਾਉਣ ਦੀਆਂ ਸਾਜਿਸ਼ਾਂ ਅੰਜਾਮ ਅਧੀਨ ਹਨ। ਪੰਜਾਬੀ ਭਾਸ਼ਾ ਦੀ ਲੜਾਈ ਲੇਖਕਾਂ, ਬੁੱਧੀਜੀਵੀਆਂ ਸਮੇਤ ਬਹੁਤ ਸਾਰੀਆਂ ਪੰਜਾਬੀ ਬੋਲੀ ਨੂੰ ਪਿਆਰ ਕਰਨ ਵਾਲੀਆਂ ਸੰਸਥਾਵਾਂ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਲੜੀ ਜਾ ਰਹੀ ਹੈ। ਸੂਬਾ ਸਰਕਾਰਾਂ ਦੀ ਪੰਜਾਬੀ ਪ੍ਰਤੀ ਪਹੁੰਚ ਨੂੰ ਜਾਨਣ ਲਈ ਸਰਕਾਰਾਂ ਦੀ ਕਾਰਗੁਜ਼ਾਰੀ ’ਤੇ ਝਾਤ ਮਾਰਨੀ ਵੀ ਜਰੂਰੀ ਹੈ। ਪਹਿਲੇ ‘ਪੰਜਾਬ ਰਾਜ ਭਾਸ਼ਾ ਐਕਟ’ 1960 ਦੀ ਧਾਰਾ 3 ਰਾਹੀਂ ਪੰਜਾਬੀ ਖੇਤਰ ਦੇ ਸਾਰੇ ਜ਼ਿਲ੍ਹਿਆਂ ਵਿੱਚ ਹੋਣ ਵਾਲੇ ‘ਸਾਰੇ ਦਫ਼ਤਰੀ ਕੰਮਕਾਜ’ 2 ਅਕਤੂਬਰ 1960 ਤੋਂ ਪੰਜਾਬੀ ਵਿੱਚ ਕੀਤੇ ਜਾਣ ਦੀ ਵਿਵਸਥਾ ਕੀਤੀ ਗਈ। ਇਸ ਵਿਵਸਥਾ ਦੀ ਖ਼ੂਬਸੂਰਤੀ ਇਹ ਸੀ ਕਿ ਕਿਸੇ ਵੀ ਕੰਮ ਨੂੰ ਕਿਸੇ ਮਜਬੂਰੀ ਵਸ ਵੀ ਕਿਸੇ ਹੋਰ ਭਾਸ਼ਾ ਵਿੱਚ ਕਰਨ ਦੀ ਵਿਵਸਥਾ ਨਹੀਂ ਸੀ। ਭਾਵ ਇਹ ਕਿ 2 ਅਕਤੂਬਰ 1960 ਤੋਂ ਜ਼ਿਲ੍ਹਾ ਪੱਧਰ ਦੇ ਸਾਰੇ ਦਫ਼ਤਰਾਂ ਵਿੱਚ ਸਾਰਾ ਕੰਮਕਾਜ ਪੰਜਾਬੀ ਵਿੱਚ ਹੋਣਾ ਸ਼ੁਰੂ ਹੋਇਆ। ਬਾਅਦ ਵਿੱਚ ਕਿਸੇ ਕੰਮ ਨੂੰ ਪੰਜਾਬੀ ਵਿਚ ਕਰਨ ਤੋਂ ਛੋਟ ਦੇਣ ਵਾਲਾ ਕੋਈ ਦਸਤਾਵੇਜ਼ ਉਪਲਬਧ ਨਹੀਂ ਹੈ। ਇਸੇ ਧਾਰਾ ਰਾਹੀਂ ਇਹ ਵਿਵਸਥਾ ਵੀ ਕੀਤੀ ਗਈ ਕਿ 2 ਅਕਤੂਬਰ 1962 ਤੋਂ ਜ਼ਿਲ੍ਹਾ ਪੱਧਰੀ ਦਫ਼ਤਰਾਂ ਵੱਲੋਂ ਰਾਜ ਸਰਕਾਰ ਜਾਂ ਮੁੱਖ ਦਫ਼ਤਰਾਂ ਨਾਲ ਕੀਤੇ ਜਾਣ ਵਾਲੇ ਚਿੱਠੀ ਪੱਤਰ ਦੀ ਭਾਸ਼ਾ ਵੀ ਪੰਜਾਬੀ ਹੋਵੇਗੀ। ਇੱਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਜਦੋਂ ਇਹ ਕਾਨੂੰਨ ਬਣਿਆ ਉਦੋਂ ਪੰਜਾਬੀ ਸੂਬਾ ਨਹੀ ਸੀ ਬਣਿਆ, ਬਲਕਿ ਇਹ ਕਾਨੂੰਨ ਸਾਂਝੇ ਪੰਜਾਬ (ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼) ਸਮੇਂ ਲਾਗੂ ਹੋਇਆ ਸੀ, ਜਿਸ ਵਿੱਚ ਕਿਧਰੇ ਵੀ ਪੰਜਾਬੀ ਭਾਸ਼ਾ ਤੋਂ ਬਗੈਰ ਹੋਰ ਕਿਸੇ ਭਾਸ਼ਾ ਵਿੱਚ ਕੰਮ ਕਰਨ ਦੀ ਗੁੰਜਾਇਸ਼ ਨਹੀਂ ਸੀ ਛੱਡੀ ਗਈ। ਪੰਜਾਬੀ ਸੂਬਾ ਬਣਨ ਮਗਰੋਂ 29 ਦਸੰਬਰ 1967 ਨੂੰ 1960 ਦਾ ਕਾਨੂੰਨ ਰੱਦ ਕਰਕੇ ਨਵਾਂ ਰਾਜ ਭਾਸ਼ਾ ਐਕਟ 1967 ਬਣਾਇਆ ਗਿਆ। ਇਸ ਕਾਨੂੰਨ ਦੀ ਉਦੇਸ਼ਕਾ ਵਿੱਚ ਇਹ ਐਕਟ ਬਣਾਉਣ ਦਾ ਉਦੇਸ਼ ‘ਪੰਜਾਬ ਰਾਜ ਦੇ ਸਾਰੇ ਜਾਂ ਕੁਝ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿੱਚ ਕੀਤੇ ਜਾਣਾ’ ਨਿਸ਼ਚਿਤ ਕੀਤਾ ਗਿਆ।ਇਸ ਕਾਨੂੰਨ ਤੋਂ ਅੰਦਾਜ ਲਾਉਣਾ ਕਿੰਨਾ ਸੌਖਾ ਹੈ ਕਿ ਪੰਜਾਬੀ ਬੋਲੀ ਨਾਲ ਵਿਤਕਰਾ ਪੰਜਾਬੀ ਸੂਬਾ ਬਨਣ ਤੋਂ ਬਾਅਦ ਜਿਆਦਾ ਖੁੱਲ੍ਹੇ ਰੂਪ ਵਿੱਚ ਸਾਹਮਣੇ ਆਇਆ। 1960 ਦੇ ਰਾਜ ਭਾਸ਼ਾ ਐਕਟ ਦੇ ਮੁਕਾਬਲੇ 1967 ਵਾਲਾ ਕਾਨੂੰਨ ਪੰਜਾਬੀ ਦੀ ਪਕੜ ਕਮਜੋਰ ਕਰਨ ਲਈ ਕਿੰਨਾ ਲਚਕਦਾਰ ਰੱਖਿਆ ਗਿਆ। 1967 ਦੇ ਐਕਟ ਦੀ ਧਾਰਾ 4 ਰਾਹੀਂ ਮਿਲੇ ਅਧਿਕਾਰ ਦੀ ਵਰਤੋਂ ਕਰਦਿਆਂ ਪੰਜਾਬ ਸਰਕਾਰ ਵੱਲੋਂ ਦਫ਼ਤਰੀ ਕੰਮਕਾਜ ਨੂੰ ਪੰਜਾਬੀ ਵਿੱਚ ਕਰਨ ਲਈ ਤੁਰੰਤ ਦੋ ਨੋਟੀਫਿਕੇਸ਼ਨ ਜਾਰੀ ਕੀਤੇ ਗਏ। ਪਹਿਲਾ ਨੋਟੀਫਿਕੇਸ਼ਨ 30 ਦਸੰਬਰ 1967 ਨੂੰ ਜਾਰੀ ਹੋਇਆ। ਇਸ ਰਾਹੀਂ ਜ਼ਿਲ੍ਹਾ ਪੱਧਰੀ ਦਫ਼ਤਰਾਂ ਵਿੱਚ ਹੁੰਦੇ ਦਫ਼ਤਰੀ ਕੰਮਕਾਜ ਨੂੰ 1 ਜਨਵਰੀ 1968 ਤੋਂ ਪੰਜਾਬੀ ਭਾਸ਼ਾ ਵਿੱਚ ਕਰਨ ਦੇ ਹੁਕਮ ਦਿੱਤੇ ਗਏ ਸਨ। 9 ਫਰਵਰੀ 1968 ਨੂੰ ਜਾਰੀ ਹੋਏ ਦੂਜੇ ਨੋਟੀਫਿਕੇਸ਼ਨ ਰਾਹੀਂ ‘ਰਾਜ ਪੱਧਰ’ ਦੇ ਸਾਰੇ ਦਫ਼ਤਰਾਂ ਵਿੱਚ ਹੁੰਦੇ ਕੰਮਕਾਜ ਪੰਜਾਬੀ ਵਿੱਚ ਕਰਨ ਦਾ ਹੁਕਮ ਹੋਇਆ। ਇਹ ਹੁਕਮ 13 ਅਪ੍ਰੈਲ 1968 ਤੋਂ ਲਾਗੂ ਹੋਇਆ। ਇਸ ਤੋ ਬਾਅਦ ਆਉਂਦਾ ਹੈ ਉਹ ਸਮਾਂ ਜਦੋਂ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬੀ ਭਾਸ਼ਾ (ਸੋਧ) ਐਕਟ 2008 ਪਾਸ ਕੀਤਾ, ਜਿਸ ਨੇ ਸੂਬੇ ਵਿੱਚ ਭੱਲ ਬਣਾਉਣ ਲਈ ਪ੍ਰਚਾਰ ਤਾਂ ਵੱਡੀ ਪੱਧਰ ’ਤੇ ਕੀਤਾ ਕਿ ਅਕਾਲੀ ਸਰਕਾਰ ਪੰਜਾਬੀ ਬੋਲੀ ਪ੍ਰਤੀ ਕਿੰਨੀ ਸੁਹਿਰਦ ਤੇ ਸੰਜੀਦਾ ਹੈ, ਜਿਸ ਨੇ ਸਰਕਾਰ ਬਣਨ ਦੇ ਇੱਕ ਸਾਲ ਦੇ ਅੰਦਰ ਅੰਦਰ ਹੀ ਪੰਜਾਬੀ ਭਾਸ਼ਾ ਨੂੰ ਸਰਕਾਰੀ ਭਾਸ਼ਾ ਬਣਾਉਣ ਲਈ ਵੱਡਾ ਮਾਅਰਕਾ ਮਾਰਿਆ ਹੈ, ਪਰ ਜਦੋਂ ਸਚਾਈ ਸਾਹਮਣੇ ਆਉਂਦੀ ਹੈ ਤਾਂ ਵਿੱਚੋਂ ਕੁੱਝ ਹੋਰ ਨਿਕਲਦਾ ਹੈ। ਅਕਾਲੀ ਭਾਜਪਾ ਸਰਕਾਰ ਵੱਲੋਂ ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2008 ਰਾਹੀਂ 1967 ਦੇ ਕਾਨੂੰਨ ਵਿੱਚ ਵੱਡੀਆਂ ਸੋਧਾਂ ਕੀਤੀਆਂ ਗਈਆਂ। ਪ੍ਰਸ਼ਾਸਨਿਕ ਦਫ਼ਤਰਾਂ ਦੇ ਕੰਮਕਾਜ ਪੰਜਾਬੀ ਵਿੱਚ ਕਰਨ ਦੀ ਵਿਵਸਥਾ ਕਰਨ ਲਈ ਮੂਲ ਕਾਨੂੰਨ ਵਿੱਚ ਧਾਰਾ 3-ਏ ਜੋੜੀ ਗਈ। ਇਸ ਨਵੀਂ ਧਾਰਾ ਨੇ ਸਥਿਤੀ ਸਪੱਸ਼ਟ ਕਰਨ ਦੀ ਥਾਂ ਹੋਰ ਭੰਬਲਭੂਸੇ ਪੈਦਾ ਕਰ ਦਿੱਤੇ। ਇਸ ਸੋਧ ਕਾਨੂੰਨ ਦੇ ਅੰਗਰੇਜ਼ੀ ਅਤੇ ਪੰਜਾਬੀ, ਦੋਵੇਂ ਪਾਠ ਇੱਕੋ ਸਮੇਂ ਸਰਕਾਰੀ ਗਜ਼ਟ ਵਿੱਚ ਛਪੇ, ਪਰ ਹੈਰਾਨੀ ਉਦੋਂ ਹੁੰਦੀ ਹੈ, ਜਦੋਂ ਅੰਗਰੇਜ਼ੀ ਪਾਠ ਵਿੱਚ ‘ਸਾਰੇ ਦਫ਼ਤਰੀ ਚਿੱਠੀ ਪੱਤਰ’ ਪੰਜਾਬੀ ਵਿੱਚ ਕੀਤੇ ਜਾਣ ਦਾ ਜ਼ਿਕਰ ਹੈ। ਇਸ ਦੇ ਉਲਟ ਪੰਜਾਬੀ ਪਾਠ ਵਿੱਚ (‘ਦਫ਼ਤਰੀ ਚਿੱਠੀ ਪੱਤਰ’ ਦੀ ਥਾਂ) ‘ਦਫ਼ਤਰਾਂ ਵਿੱਚ ਸਾਰਾ ਕੰਮਕਾਜ ਪੰਜਾਬੀ ਵਿੱਚ ਕੀਤਾ ਜਾਵੇਗਾ’ ਦਰਜ ਹੈ। ਦੋਵਾਂ ਦੇ ਅਰਥਾਂ ਵਿੱਚ ਜ਼ਮੀਨ ਆਸਮਾਨ ਦਾ ਫ਼ਰਕ ਹੈ। ਅੰਗਰੇਜ਼ੀ ਪਾਠ ਮੁਤਾਬਿਕ ਸਿਰਫ਼ ‘ਦਫ਼ਤਰੀ ਚਿੱਠੀ ਪੱਤਰ’ ਹੀ ਪੰਜਾਬੀ ਵਿੱਚ ਕਰਨਾ ਜ਼ਰੂਰੀ ਹੈ। ਬਾਕੀ ਕੰਮ ਹੋਰ ਭਾਸ਼ਾ (ਅੰਗਰੇਜ਼ੀ, ਹਿੰਦੀ) ਵਿੱਚ ਵੀ ਹੋ ਸਕਦੇ ਹਨ। ਪੰਜਾਬੀ ਪਾਠ ਅਨੁਸਾਰ ਪ੍ਰਸ਼ਾਸਨਿਕ ਦਫ਼ਤਰਾਂ ਵਿੱਚ ਹੁੰਦਾ ਸਾਰਾ ਕੰਮਕਾਜ ਪੰਜਾਬੀ ਭਾਸ਼ਾ ਵਿੱਚ ਕਰਨਾ ਜ਼ਰੂਰੀ ਹੈ। ਸੋ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਬੋਲੀ ਦੇ ਖਾਤਮੇ ਲਈ ਘੜੀਆਂ ਜਾ ਰਹੀਆਂ ਸਾਜਿਸ਼ਾਂ ਵਿੱਚ ਸੂਬਾ ਸਰਕਾਰਾਂ ਵੀ ਭਾਈਵਾਲ ਰਹੀਆਂ ਹਨ।ਪਹਿਲਾਂ ਪਟਿਆਲਾ ਵਿੱਚ ਸਥਿੱਤ ਪੰਜਾਬੀ ਯੂਨੀਵਰਸਿਟੀ ਦਾ ਆਰਥਿਕ ਪੱਖੋਂ ਦਿਵਾਲਾ ਕੱਢਿਆ ਗਿਆ, ਜਿਸ ਲਈ ਸਿੱਧੇ ਰੂਪ ਵਿਚ ਸੂਬਾ ਸਰਕਾਰ ਜ਼ਿੰਮੇਵਾਰ ਹੈ, ਇਸ ਤੋਂ ਉਪਰੰਤ ਹੁਣ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਨਾਉਣ ਲਈ ਵੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ, ਜਿਸ ਦੀ ਮਿਸਾਲ ਯੂਨੀਵਰਸਿਟੀ ਦਾ ਪਹਿਲਾਂ ਗੈਰ ਪੰਜਾਬੀ ਉੱਪ ਕੁਲਪਤੀ ਲਾਉਣ ਤੋਂ ਮਿਲਦੀ ਹੈ। ਇਸ ਤੋਂ ਵੀ ਅੱਗੇ ਕਦਮ ਪੁੱਟਦਿਆਂ ਕੇਂਦਰ ਨੇ ਸੈਨੇਟ ਤੇ ਸਿੰਡੀਕੇਟ ਨੂੰ ਨਜਰਅੰਦਾਜ਼ ਕਰਕੇ ਗੈਰ ਪੰਜਾਬੀ 11 ਮੈਂਬਰੀ ਸਰਕਾਰੀ ਕਮੇਟੀ ਬਣਾ ਦਿੱਤੀ ਹੈ, ਜਿਸ ਵਿੱਚ ਵਾਇਸ ਚਾਂਸਲਰ ਅਤੇ ਰਜਿਸਟਰਾਰ ਤੋਂ ਇਲਾਵਾ ਸਿੰਡੀਕੇਟ ਦਾ ਕੋਈ ਵੀ ਮੈਂਬਰ ਸ਼ਾਮਲ ਨਹੀਂ ਕੀਤਾ ਗਿਆ।ਹੁਣ ਇਹ ਯੂਨੀਵਰਸਿਟੀ ਦੀ ਹੋਣੀ ਦੇ ਭਵਿੱਖੀ ਫੈਸਲੇ ਇਹ ਬੇਨਿਯਮੀ ਕਮੇਟੀ ਕਰੇਗੀ। ਸੋ, ਇਹ ਸਾਰਾ ਕੁੱਝ ਪੰਜਾਬੀ ਨੂੰ ਖਤਮ ਕਰਨ ਦੀ ਮਨਸ਼ਾ ਨਾਲ ਕੀਤਾ ਜਾ ਰਿਹਾ ਹੈ। ਇਹੋ ਹਾਲ ਪੰਜਾਬ ਦੀ ਸਰ ਜਮੀਨ ਤੇ ਉਸਰੇ ਵੱਡੇ ਵੱਡੇ ਨਿੱਜੀ ਸਕੂਲਾਂ ਦਾ ਵੀ ਹੈ, ਜਿੱਥੇ ਪੰਜਾਬੀ ਬੋਲਣ ’ਤੇ ਜੁਰਮਾਨਾ ਤੱਕ ਕੀਤਾ ਜਾਂਦਾ ਹੈ। ਇਨ੍ਹਾਂ ਨਿੱਜੀ ਸਕੂਲਾਂ ਵਿੱਚ ਹਿੰਦੀ ਤੇ ਅੰਗਰੇਜ਼ੀ ਵਿੱਚ ਹੀ ਗੱਲਬਾਤ ਕੀਤੀ ਜਾ ਸਕਦੀ ਹੈ, ਪੰਜਾਬੀ ਵਿੱਚ ਗੱਲ ਕਰਨ ਦੀ ਸਖਤ ਮਨਾਹੀ ਹੈ। ਇਹ ਉੱਪਰ ਲਿਖਿਆ ਜਾ ਚੁੱਕਾ ਹੈ ਕਿ ਪੰਜਾਬੀ ਬੋਲੀ ਨੂੰ ਮਾਰਨ ਦੀਆਂ ਸਾਜਿਸ਼ਾਂ ਵਿੱਚ ਸੂਬੇ ਦੀਆਂ ਸਰਕਾਰਾਂ ਦੀ ਓਨੀ ਹੀ ਭਾਈਵਾਲੀ ਹੈ, ਜਿੰਨੀ ਕੇਂਦਰੀ ਤਾਕਤਾਂ ਦੀ, ਬਲਕਿ ਸੂਬਾ ਸਰਕਾਰਾਂ ਉਨ੍ਹਾਂ ਤੋਂ ਵੱਧ ਦੋਸ਼ੀ ਹਨ, ਜਿਹੜੀਆਂ ਆਪਣੀ ਮਾਤ ਭਾਸ਼ਾ, ਆਪਣੇ ਸੱਭਿਆਚਾਰ ਅਤੇ ਆਪਣੇ ਲੋਕਾਂ ਦੇ ਮੁਢਲੇ ਹਕੂਕਾਂ ਦੀ ਰਾਖੀ ਕਰਨ ਦੀ ਬਜਾਏ ਚੁੱਪੀ ਹੀ ਧਾਰਨ ਨਹੀਂ ਕਰਦੀਆਂ, ਸਗੋਂ ਖੁਦ ਪੰਜਾਬੀ ਦੀਆਂ ਜੜ੍ਹਾਂ ਵੱਢਣ ਵਾਲੇ ਕੁਹਾੜੇ ਦਾ ਦਸਤਾ ਬਣ ਕੇ ਆਪਣੇ ਲੋਕਾਂ ਨਾਲ ਧ੍ਰੋਹ ਕਮਾਉਂਦੀਆਂ ਹਨ।ਬ ਾਬੂ ਫਿਰੋਜ਼ਦੀਨ ‘ਸ਼ਰਫ਼’ ਮਾਂ-ਬੋਲੀ ਦੀ ਦੁਰਦਸ਼ਾ ਬਾਰੇ ਲਿਖਦੇ ਹਨ : ਸ਼ਰਫ਼ ਪੁੱਛੀ ਨਾ ਜਿਨ੍ਹਾਂ ਨੇ ਬਾਤ ਮੇਰੀ/ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ। ਪੰਜਾਬੀਆਂ ਨੂੰ ਇਹ ਬਹੁਤ ਵੱਡਾ ਮਿਹਣਾ ਹੈ। ਮਾਂ-ਬੋਲੀ ਨੂੰ ਬਣਦਾ ਸਨਮਾਨ ਹਾਸਲ ਕਰਵਾਉਣ ਲਈ ਸਾਰੀ ਟੇਕ ਸਰਕਾਰ ’ਤੇ ਲਾਉਣ ਦੀ ਬਜਾਏ ਸਮੁੱਚੇ ਪੰਜਾਬੀਆਂ ਨੂੰ ਸਾਂਝੀ ਲਹਿਰ ਚਲਾਉਣ ਦੀ ਦਰਕਾਰ ਹੈ।

# ਸੱਚ, ਮਿੱਥ ਤੇ ਇਤਿਹਾਸਕ ਸੰਦਰਭ ’ਚ ‘ਨਿਊ ਵਰਲਡ ਆਰਡਰ’

ਸਰਬਜੀਤ ਕੌਰ ਸਰਬ
ਭਾਗ-7

# ਪ੍ਰੋਜੈਕਟ ਬਲੂ ਬੀਮ ਕੀ ਹੈ?

## ਬਲੂ ਬੀਮ ’ਚ ਏਲੀਅਨ ਅਤੇ ਨਾਸਾ ਕਿਉਂ ਸ਼ਾਮਲ ਹੋ ਸਕਦੇ ਹਨ ?



ਸਰਜ ਮੋਨਾਸਟ

ਬਲੂਬੀਮ, ਜਿਸ ਨੂੰ ਆਮ ਭਾਸ਼ਾ ਵਿੱਚ ਡਰ ਕਿਹਾ ਗਿਆ ਹੈ ਉਹ ਇੱਕ ਅਮਰੀਕੀ ਸਾਫਟਵੇਅਰ ਕੰਪਨੀ ਹੈ ਜਿਸਦੀ ਸਥਾਪਨਾ 2002 ਵਿੱਚ ਕੀਤੀ ਗਈ ਸੀ ਅਤੇ ਇਸ ਦਾ ਮੁੱਖ ਦਫਤਰ ਪਾਸਾਡੇਨਾ, ਕੈਲੀਫੋਰਨੀਆ, ਸੰਯੁਕਤ ਰਾਜ ਵਿੱਚ ਹੈ। ਸ਼ਿਕਾਗੋ, ਇਲੀਨੋਇਸ ਤੋਂ ਇਲਾਵਾ ਸੈਨ ਡਿਏਗੋ, ਕੈਲੀਫੋਰਨੀਆ, ਮੈਨਚੈਸਟਰ ਅਤੇ ਨਿਊ ਹੈਂਪਸ਼ਾਇਰ ਵਿੱਚ ਵੀ ਦਫਤਰ ਹਨ। ਇਹ ਕੰਪਨੀ ਪੀਡੀਐਫ ਦਸਤਾਵੇਜ਼ਾਂ ਨੂੰ ਬਣਾਉਣ, ਸੰਪਾਦਿਤ ਕਰਨ, ਮਾਰਕਅੱਪ ਕਰਨ, ਸਹਿਯੋਗ ਕਰਨ ਅਤੇ ਸਾਂਝਾ ਕਰਨ ਲਈ ਟੂਲ ਡਿਜ਼ਾਈਨ ਕਰਨ ਵਿੱਚ ਮੁਹਾਰਤ ਰੱਖਦੀ ਹੈ ਤੇ ਇਸ ਦਾ ਮੁੱਖ ਉਤਪਾਦ ਬਲੂਬੀਮ ਰੇਵੂ ਹੈ।

### ਏਲੀਅਨ ਅਤੇ ਨਾਸਾ ਕਿਉਂ ਸ਼ਾਮਲ ਹੋ ਸਕਦੇ ਹਨ ?

ਪ੍ਰੋਜੈਕਟ ਬਲੂ ਬੀਮ ਨੂੰ ਪਹਿਲੀ ਵਾਰ ਕੈਨੇਡੀਅਨ ਖੋਜੀ ਪੱਤਰਕਾਰ ਸਰਜ ਮੋਨਾਸਟ ਦੁਆਰਾ 1990 ਦੇ ਦਹਾਕੇ ਦੇ ਮੱਧ ਵਿੱਚ ਪ੍ਰਗਟ ਕੀਤਾ ਗਿਆ ਸੀ - ਦੋ ਸਾਲ ਬਾਅਦ ਉਸਦੀ ਮੌਤ ਦੇ ਬਾਵਜੂਦ, ਇਹ ਸਿਧਾਂਤ ਹਾਲ ਹੀ ਦੇ ਦਿਨਾਂ ਵਿੱਚ ਦੁਬਾਰਾ ਸਾਹਮਣੇ ਆਇਆ ਹੈ।ਹਾਲਾਂਕਿ, ਪ੍ਰੋਜੈਕਟ ਬਲੂ ਬੀਮ ਦੇ ਨਾਂ ਨਾਲ ਜਾਣੀ ਜਾਂਦੀ ਕਿਸੇ ਚੀਜ਼ ਦੀ ਚਰਚਾ ਨੇ ਸੋਸ਼ਲ ਮੀਡੀਆ ’ਤੇ ਕਬਜ਼ਾ ਕਰ ਲਿਆ ਹੈ। ਕੁੱਝ ਲੋਕਾਂ ਦਾ ਕਹਿਣਾ ਹੈ ਕਿ ਇਸ ਅਜੀਬੋ-ਗਰੀਬ ਸਿਧਾਂਤ-ਜੋ ਕਦੇ ਵੀ ਸਾਬਤ ਨਹੀਂ ਹੋਇਆ... ਇਹ ਦਾਅਵਾ ਕਰਦਾ ਹੈ ਕਿ ਨਾਸਾ ਅਤੇ ਪੈਂਟਾਗਨ ਦੇ ਹੋਰ ਅਮਰੀਕੀ ਗੁਪਤ ਏਜੰਟਾਂ ਨੇ ਜਨਤਾ ਦੇ ਅੰਦਰ ਡਰ ਅਤੇ ਦਹਿਸ਼ਤ ਪੈਦਾ ਕਰਨ ਅਤੇ ‘ਉਨ੍ਹਾਂ ਨੂੰ ਧਰਮ ਦੇ ਖਿਲਾਫ ਉਕਸਾਉਣ ਲਈ ਮਿਲ ਕੇ ਤਿਆਰ ਕੀਤਾ ਇੱਕ ਪ੍ਰੋਜੈਕਟ ਹੈ ਜਿਸ ਨੂੰ ਬਲੂ ਬੀਮ ਕਿਹਾ ਗਿਆ ਹੈ।’

ਇਕ ਅਨੁਮਾਨ ਲਗਾਇਆ ਗਿਆ ਕਿ ਵਿਸ਼ਾਲ ਲੇਜ਼ਰ ਬੀਮ ਦੀ ਵਰਤੋਂ ਕਰਦੇ ਹੋਏ, ਇਹ ਸੋਚਿਆ ਜਾਂਦਾ ਹੈ ਕਿ ਹਾਈਪਰ-ਰੀਅਲ ਜਾਇੰਟ ਏਲੀਅਨ ਸਪੇਸ ਕਰਾਫਟ ਜਾਂ ਇੱਥੋਂ ਤੱਕ ਕਿ ਸਪੇਸ-ਵਰਗੇ ਜਾਨਵਰਾਂ ’ਚ ਇਹ ਭਰਮ ਪੈਦਾ ਕਰਨ ਲਈ ਅਸਮਾਨ ਵਿੱਚ ਪੇਸ਼ ਕੀਤਾ ਜਾਵੇਗਾ ਜੋ ਇਹ ਭਰਮ ਭੁਲੇਖੇ ਪੈਦਾ ਕਰੇਗਾ ਕਿ ਇੱਕ ਹਮਲਾ ਹੋ ਰਿਹਾ ਹੈ।

ਕਈ ਸਾਜ਼ਿਸ਼ ਸਾਈਟਾਂ (new world order) ’ਤੇ ਪ੍ਰਦਰਸ਼ਿਤ 2008 ਦੀ ਰਿਪੋਰਟ ਦੇ ਅਨੁਸਾਰ, ਪ੍ਰੋਜੈਕਟ ਦੇ ਤਿੰਨ ਮੁੱਖ ਉਦੇਸ਼ ਹਨ।

ਸਾਰੇ ਧਰਮਾਂ ਨੂੰ ਖਤਮ ਕਰਨਾ ਅਤੇ ਉਨ੍ਹਾਂ ਨੂੰ ‘ਮਨੁੱਖ ਦੇ ਪੰਥ’ ਦੇ ਅਧਾਰ ਤੇ ਇੱਕ ਵਿਸ਼ਵ ਧਰਮ ਨਾਲ ਬਦਲਣਾ।

* ‘ਇੱਕ-ਸੰਸਾਰ’ ਲਹਿਰ ਬਣਾਉਣ ਲਈ ਸਾਰੀਆਂ ਰਾਸ਼ਟਰੀ ਪਛਾਣਾਂ ਨੂੰ ਖਤਮ ਕਰਨਾ।

* ‘ਪਰਿਵਾਰ’ ਦੀ ਧਾਰਨਾ ਨੂੰ ਖਤਮ ਕਰਨ ਲਈ ਅਤੇ ਹਰ ਕਿਸੇ ਨੂੰ ਨਵੀਂ ਇਕ-ਵਿਸ਼ਵ ਸਰਕਾਰ ਲਈ ਕੰਮ ਕਰਨ ਲਈ ਮਜਬੂਰ ਕਰਨਾ।

* ਇਸ ਪ੍ਰੋਜੈਕਟ ਦੇ ਠੋਸ ਸਬੂਤ ਲਈ ਦੁਨੀਆ ਦਾ ਹੁਣ ਤੱਕ ਦਾ ਸਭ ਤੋਂ ਨੇੜਲਾ ਵਿਅਕਤੀ ਕੈਨੇਡਾ ਦੇ ਖੋਜੀ ਪੱਤਰਕਾਰ ਸਰਜ ਮੋਨਾਸਟ ਸਾਹਮਣੇ ਆਇਆ ਹੈ। ਜਿਸ ਨੇ 1994 ਵਿੱਚ, ਬਲੂ ਬੀਮ ਦੇ ਪ੍ਰੋਜੈਕਟ ਵਿੱਚ ਇੱਕ ਜਾਂਚ ਲੇਖ ਪ੍ਰਕਾਸ਼ਿਤ ਕੀਤਾ, ਅਤੇ ਦਾਅਵਾ ਕੀਤਾ ਕਿ ਨਾਸਾ ਅਤੇ ਸੰਯੁਕਤ ਰਾਸ਼ਟਰ ਇੱਕ ‘ਨਵੇਂ ਯੁੱਗ ਦਾ ਧਰਮ’ ਬਣਾਉਣਾ ਚਾਹੁੰਦੇ ਹਨ। ਜੋ ਟੈਕਨਾਲੋਜੀ ਦੀ ਵਰਤੋਂ ਕਰਕੇ ਮਸੀਹ ਦੇ ਦੂਜੇ ਆਉਣ ਦੀ ਨਕਲ ਕਰਦੇ ਹਨ। ਹਾਲਾਂਕਿ, ਸਰਜ ਮੋਨਾਸਟ ਨੂੰ 1995 ਅਤੇ 1996 ਵਿੱਚ ‘ਪ੍ਰਬੰਧਿਤ ਜਾਣਕਾਰੀ ਦੇ ਨੈਟਵਰਕ’ ’ਚ ਸ਼ਾਮਲ ਹੋਣ ਲਈ ਗ੍ਰਿਫਤਾਰ ਕੀਤਾ ਗਿਆ ਸੀ। ਦੂਜੀ ਗ੍ਰਿਫਤਾਰੀ ਤੋਂ ਬਾਅਦ ਜੇਲ੍ਹ ਤੋਂ ਰਿਹਾਅ ਹੋਣ ਦੇ 24 ਘੰਟੇ ਬਾਅਦ ਹੀ ਘਰ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਉਸ ਦੀ ਮੌਤ ਤੋਂ ਬਾਅਦ, ਸਿਧਾਂਤ (NWO) ਸਾਜ਼ਿਸ਼ ਪ੍ਰੇਮੀਆਂ ਵਿੱਚ ਸਭ ਤੋਂ ਵੱਧ ਪ੍ਰਸਿੱਧ ਰਿਹਾ ਹੈ, ਪਰ ਉਦੋਂ ਤੋਂ ਕੋਈ ਹੋਰ ‘ਸਬੂਤ’ ਜਾਂ ਜਾਂਚ ਨਹੀਂ ਹੋਈ ਹੈ।


ਪ੍ਰੋਜੈਕਟ ਬਲੂ ਬੀਮ ਦਾਅਵਾ ਕਰਦਾ ਹੈ ਕਿ ਅਜਿਹੀਆਂ ਤਸਵੀਰਾਂ ਜਿਵੇਂ ਕਿ ਵਿਸ਼ਾਲ ਲੇਜ਼ਰ ਬੀਮ ਅਨੁਮਾਨਾਂ ਦੁਆਰਾ ਬਣਾਈਆਂ ਜਾ ਸਕਦੀਆਂ ਹਨ।


ਅਜਿਹੀਆਂ ਤਸਵੀਰਾਂ ਦੀ ਵਰਤੋਂ ਵਿਸ਼ਵ ਦੀ ਆਬਾਦੀ ਵਿੱਚ ‘ਡਰ ਅਤੇ ਦਹਿਸ਼ਤ’ ਪੈਦਾ ਕਰਨ ਲਈ ਕੀਤੀ ਜਾਵੇਗੀ

### ਖੋਜੀ ਪੱਤਰਕਾਰ ਸਰਜ ਮੋਨਾਸਟ ਦੀ ਜੀਵਨ ਝਾਤ.

1970 ਅਤੇ 1980 ਦੇ ਦਹਾਕੇ ਵਿੱਚ, ਮੋਨਾਸਟ ਇੱਕ ਪੱਤਰਕਾਰ, ਕਵੀ ਅਤੇ ਨਿਬੰਧਕਾਰ ਸੀ। ਇਸ ਦੇ ਨਾਲ ਉਹ ਕੈਨੇਡਾ ਦੀ ਸੋਸ਼ਲ ਕ੍ਰੈਡਿਟ ਪਾਰਟੀ ਦਾ ਸਰਗਰਮ ਮੈਂਬਰ ਸੀ। 1990 ਦੇ ਦਹਾਕੇ ਦੇ ਸ਼ੁਰੂ ਵਿੱਚ, ਉਸ ਨੇ ਨਿਊ ਵਰਲਡ ਆਰਡਰ ਅਤੇ ਗੁਪਤ ਸਮਾਜਾਂ ਦੁਆਰਾ ਰਚੀ ਗਈ ਸਾਜ਼ਿਸ਼ਾਂ ਦੇ ਵਿਸ਼ੇ ’ਤੇ ਲਿਖਣਾ ਸ਼ੁਰੂ ਕੀਤਾ। ਲਿਖਣ ਦੀ ਸ਼ੁਰੂਆਤ ਖਾਸ ਤੌਰ ’ਤੇ ਵਿਲੀਅਮ ਗਾਏ ਕੈਰ ਦੇ ਕੰਮਾਂ ਤੋਂ ਪ੍ਰੇਰਿਤ ਹੋ ਕੇ ਸੀ।

ਉਸਨੇ ਇੰਟਰਨੈਸ਼ਨਲ ਫ੍ਰੀ ਪ੍ਰੈੱਸ ਏਜੰਸੀ (AIPL, Agence Internationale de Presse libre) ਦੀ ਸਥਾਪਨਾ ਕੀਤੀ, ਜਿੱਥੇ ਉਸਨੇ ਇਹਨਾਂ ਵਿਸ਼ਿਆਂ ’ਤੇ ਆਪਣਾ ਜ਼ਿਆਦਾਤਰ ਕੰਮ ਪ੍ਰਕਾਸ਼ਿਤ ਕੀਤਾ, ਜੋ ਕਿ ਇਸੋਟੇਰੀਸਿਸਟ ਅਤੇ ਯੂਫਲੋਜਿਸਟ ਰਿਚਰਡ ਗਲੇਨ ਦੇ ਟੀਵੀ ਸ਼ੋਅ Esoterisme Experimental ’ਤੇ ਇੱਕ ਇੰਟਰਵਿਊ ਵਿੱਚ ਵੀ ਉਸ ਨੇ ਇਸ ਵਿਸ਼ੇ ਉਤੇ ਗੱਲ ਕੀਤੀ ਸੀ। ਜਿਸ ਵਿੱਚ ਉਸ ਨੇ ਵਾਰ-ਵਾਰ ਆਪਣੇ ਸਰੋਤਿਆਂ ਨੂੰ ਵਿਸ਼ਵ ਸਰਕਾਰ ਦੇ ਖ਼ਤਰਿਆਂ ਬਾਰੇ ਚੇਤਾਵਨੀ ਦਿੱਤੀ। ਗਲੇਨ ਦੁਆਰਾ 1996 ਤੱਕ ਕਈ ਵਾਰ ਉਸਦੀ ਇੰਟਰਵਿਊ ਕੀਤੀ ਗਈ ਸੀ।

1994 ਵਿੱਚ, ਉਸਨੇ ਪ੍ਰੋਜੈਕਟ ਬਲੂ ਬੀਮ (ਨਾਸਾ) ਪ੍ਰਕਾਸ਼ਿਤ ਕੀਤਾ, ਜਿਸ ਵਿੱਚ ਉਸਨੇ ਆਪਣੇ ਦਾਅਵੇ ਦਾ ਵਿਸਤਾਰ ਨਾਲ ਦੱਸਿਆ ਕਿ ਨਾਸਾ, ਸੰਯੁਕਤ ਰਾਸ਼ਟਰ ਦੀ ਮਦਦ ਨਾਲ, ਇੱਕ ਨਵੇਂ ਯੁੱਗ ਦੇ ਧਰਮ ਨੂੰ ਲਾਗੂ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਜਿਸ ਦੀ ਸ਼ੁਰੂਆਤ ਇੱਕ ਨਿਊ ਵਰਲਡ ਆਰਡਰ ਸ਼ੁਰੂ ਕਰਨ ਤੋਂ ਕੀਤੀ ਹੈ। ਜੋ ਇੱਕ ਤਕਨੀਕੀ ਤੌਰ ’ਤੇ ਸਿਮੂਲੇਟਿਡ ਸੈਕਿੰਡ ਕਮਿੰਗ ਆਫ਼ ਕ੍ਰਾਈਸਟ ਰਾਹੀਂ ਕੀਤੀ ਗਈ। ਉਸ ਨੇ ਇਸ ਵਿਸ਼ੇ ’ਤੇ ਭਾਸ਼ਣ ਵੀ ਦਿੱਤੇ। ਹੋਰ ਸਾਜ਼ਿਸ਼ ਸਿਧਾਂਤਕਾਰਾਂ ਨੇ ਨੋਟ ਕੀਤਾ ਹੈ ਕਿ ਪ੍ਰੋਜੈਕਟ ਬਲੂ ਬੀਮ ਦੀ ਜੀਨ ਰੌਡਨਬੇਰੀ ਦੀ ਰਿਲੀਜ਼ ਨਾ ਹੋਈ 1975 ਸਟਾਰ ਟ੍ਰੈਕ ਫਿਲਮ ਟ੍ਰੀਟਮੈਂਟ ਦ ਗੌਡ ਥਿੰਗ ਅਤੇ 1991 ਸਟਾਰ ਟ੍ਰੇਕ: ਦ ਨੈਕਸਟ ਜਨਰੇਸ਼ਨ ਐਪੀਸੋਡ ਡੇਵਿਲਜ਼ ਡਿਊ ਦੇ ਪਲਾਟ ਨਾਲ ਸਮਾਨਤਾ ਹੈ।


ਇਹ ਸਿਧਾਂਤ ਦਾਅਵਾ ਕਰਦਾ ਹੈ ਕਿ ਇੱਕ ‘ਨਵੇਂ ਯੁੱਗ ਦਾ ਧਰਮ’ ਬਣਾਉਣ ਲਈ ਇਹ ਸਭ ਕੀਤਾ ਜਾਵੇਗਾ।

1995 ਵਿੱਚ, ਉਸਨੇ ਆਪਣਾ ਸਭ ਤੋਂ ਵਿਸਤ੍ਰਿਤ ਕੰਮ, ਲੇਸ ਪ੍ਰੋਟੋਕੋਲਸ ਡੀ ਟੋਰਾਂਟੋ (6.6.6), ਪ੍ਰਕਾਸ਼ਿਤ ਕੀਤਾ, ਜੋ ਕਿ ਸੀਯੋਨ ਦੇ ਬਜ਼ੁਰਗਾਂ ਦੇ ਪ੍ਰੋਟੋਕੋਲ ’ਤੇ ਤਿਆਰ ਕੀਤਾ ਗਿਆ ਸੀ, ਜਿਸ ਵਿੱਚ ਉਸ ਨੇ ਕਿਹਾ ਸੀ ਕਿ ‘6.6.6’ ਨਾਮਕ ਇੱਕ ਮੇਸੋਨਿਕ ਗਰੁੱਪ, ਵੀਹ ਸਾਲਾਂ ਤੋਂ ਉਨ੍ਹਾਂ ਲੋਕਾਂ ਨੂੰ ਇਕੱਠਾ ਕਰ ਰਿਹਾ ਸੀ ਜੋ ਨਿਊ ਵਰਲਡ ਆਰਡਰ ਨੂੰ ਸਥਾਪਿਤ ਕਰਨ ਅਤੇ ਵਿਅਕਤੀਆਂ ਦੇ ਮਨਾਂ ਨੂੰ ਕੰਟਰੋਲ ਕਰਨ ਲਈ ਦੁਨੀਆ ਵਿੱਚ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ।

1995 ਅਤੇ 1996 ਤੱਕ, ਮੋਨਾਸਟ ਨੇ ਕਿਹਾ ਕਿ ਉਸ ਨੂੰ ‘ਪ੍ਰਬੰਧਿਤ ਜਾਣਕਾਰੀ ਦੇ ਨੈਟਵਰਕ’ ਵਿੱਚ ਸ਼ਾਮਲ ਹੋਣ ਲਈ ਪੁਲਿਸ ਅਤੇ ਅਧਿਕਾਰੀਆਂ ਦੁਆਰਾ ਉਸ ਉੱਤੇ ਨਜ਼ਰ ਰੱਖੀ ਜਾ ਰਹੀ ਸੀ। ਉਸ ਨੇ ਆਪਣੇ ਦੋ ਬੱਚਿਆਂ ਨੂੰ ਘਰ ਵਿੱਚ ਪੜ੍ਹਾਇਆ ਸੀ, ਜਿਨ੍ਹਾਂ ਨੂੰ ਫਿਰ ਚੁੱਕ ਲਿਆ ਗਿਆ ਸੀ ਅਤੇ ਸਤੰਬਰ 1996 ਵਿੱਚ ਰਾਜ ਦੇ ਵਾਰਡ ਬਣਾ ਦਿੱਤੇ ਗਏ ਸਨ ਤਾਂ ਜੋ ਉਹ ਜਨਤਕ ਸਿੱਖਿਆ ਪ੍ਰਾਪਤ ਕਰ ਸਕਣ। ਗ੍ਰਿਫਤਾਰ ਕੀਤੇ ਜਾਣ ਅਤੇ ਜੇਲ੍ਹ ਵਿੱਚ ਇੱਕ ਰਾਤ ਬਿਤਾਉਣ ਤੋਂ ਅਗਲੇ ਦਿਨ, ਦਸੰਬਰ 1996 ਵਿੱਚ, 51 ਸਾਲ ਦੀ ਉਮਰ ਵਿੱਚ, ਉਸਦੇ ਘਰ ਵਿੱਚ ਦਿਲ ਦਾ ਦੌਰਾ ਪੈਣ ਕਾਰਨ ਉਸਦੀ ਮੌਤ ਹੋ ਗਈ। ਉਸਦੇ ਪੈਰੋਕਾਰਾਂ ਦਾ ਦਾਅਵਾ ਹੈ ਕਿ ਉਸ ਦੀ ਮੌਤ ਸ਼ੱਕੀ ਸੀ, ਇਹ ਸੁਝਾਅ ਦਿੰਦੇ ਹਨ ਕਿ ਉਸਦੀ ਜਾਂਚ ਨੂੰ ਜਾਰੀ ਰੱਖਣ ਤੋਂ ਰੋਕਣ ਲਈ ‘ਸਾਈਕੋਟ੍ਰੋਨਿਕ ਹਥਿਆਰਾਂ’ ਦੁਆਰਾ ਉਸ ਦੀ ਹੱਤਿਆ ਕੀਤੀ ਗਈ ਸੀ ਅਤੇ ਇਹ ਕਿ ਜੈਰੀ ਫਲੇਚਰ, 1997 ਦੀ ਫਿਲਮ ਸਾਜ਼ਿਸ਼ ਥਿਊਰੀ ਵਿੱਚ ਮੇਲ ਗਿਬਸਨ ਪਾਤਰ, ਉਸ ਉੱਤੇ ਮਾਡਲ ਕੀਤਾ ਗਿਆ ਸੀ।

ਉਸ ਦੀਆਂ ਰਚਨਾਵਾਂ ਦੀਆਂ ਕਾਪੀਆਂ ਅਜੇ ਵੀ ਇੰਟਰਨੈੱਟ ’ਤੇ ਪ੍ਰਸਾਰਿਤ ਹੁੰਦੀਆਂ ਹਨ ਅਤੇ ਇਸ ਨੇ ਬਾਅਦ ਦੇ ਸਾਜ਼ਿਸ਼ ਦੇ ਸਿਧਾਂਤਕਾਰਾਂ ਨੂੰ ਅਮਰੀਕੀ ਈਵੈਂਜਲੀਕਲ ਪ੍ਰਚਾਰਕ ਟੇਕਸ ਮਾਰਸ ਨੂੰ ਪ੍ਰਭਾਵਿਤ ਕੀਤਾ ਹੈ। ਉਸਦੀਆਂ ਕੁਝ ਬਾਅਦ ਦੀਆਂ ਰਚਨਾਵਾਂ ਨੂੰ ਫ੍ਰੈਂਚ ਪ੍ਰਕਾਸ਼ਕ ਅਤੇ ਸਾਜ਼ਿਸ਼ ਸਿਧਾਂਤਕਾਰ ਜੈਕ ਡੇਲਾਕਰਿਕਸ ਦੁਆਰਾ ਦੁਬਾਰਾ ਜਾਰੀ ਕੀਤਾ ਗਿਆ ਹੈ ਅਤੇ ਹੋਰਾਂ ਨੇ ਮੋਨਾਸਟ ਦੇ ਸਾਜ਼ਿਸ਼ ਨਾਲ ਸਬੰਧਤ ਕੰਮ ਦੇ ਵਿਸ਼ਿਆਂ ’ਤੇ ਲਿਖਿਆ ਹੈ।ਉਪਰੋਕਤ ਲਿਖਤ ਦਾ ਸੋਮਾ : Pierre-André Taguieff, La Foire aux illuminés : Ésotérisme, théorie du complot, extrémisme, Paris, Mille et une nuits, 2005.

Pierre-André Taguieff, L’imaginaire du complot mondial : Aspects d’un mythe moderne, Paris, Mille et une nuits, 2006.

### ਪ੍ਰੋਜੈਕਟ ਬਲੂ ਬੀਮ ਬਾਰੇ ਕੁਝ ਹੋਰ ਖੁਲਾਸੇ

ਇਸ ਭਾਗ ਵਿੱਚ ਅਸੀਂ ਆਪਣੀਆਂ ਅੱਖਾਂ ਅਸਮਾਨ ਵੱਲ ਸੁੱਟਦੇ ਹਾਂ ਅਤੇ ਅੰਤ ਦੇ ਸਮੇਂ ਲਈ ਤਿਆਰੀ ਕਰਦੇ ਹਾਂ ਕਿਉਂਕਿ ਅਸੀਂ ਪ੍ਰਤੀਤ ਹੋਣ ਵਾਲੇ ਅਟੱਲ ਵਾਧੂ ਭੂਮੀ ਹਮਲੇ ਦੇ ਦ੍ਰਿਸ਼ ਦੀ ਚਰਚਾ ਕਰਦੇ ਹਾਂ ਜਿਸ ਦੀ ਮਸ਼ਹੂਰ ਭਵਿੱਖਬਾਣੀ ਇੱਕ ਕੈਨੇਡੀਅਨ ਪੱਤਰਕਾਰ ਦੁਆਰਾ ਕੀਤੀ ਗਈ ਸੀ ਅਤੇ ਹੁਣ ਸਾਜ਼ਿਸ਼ ਦੇ ਸਿਧਾਂਤਾਂ ਨੂੰ ਝੂਠਾ ਬਣਾਇਆ ਗਿਆ ਸੀ ਸਰਜ ਮੋਨਾਸਟ ਜਿਸ ਨੂੰ ਪ੍ਰੋਜੈਕਟ ਬਲੂ ਬੀਮ ਬਲੂ ਬੀਮ ਵਜੋਂ ਜਾਣਿਆ ਜਾਂਦਾ ਹੈ, ਨੇ ਆਪਣਾ ਦੌਰ ਸ਼ੁਰੂ ਕੀਤਾ। 1994 ਦੇ ਇੱਕ ਲੇਖ ਤੋਂ ਬਾਅਦ ਜਨਤਕ ਭਾਸ਼ਣ ਬਦਨਾਮ ਸਰਜ ਮੋਨਾਸਟ ਦੁਆਰਾ ਲਿਖਿਆ ਗਿਆ ਸੀ ਅਤੇ 90 ਦੇ ਦਹਾਕੇ ਦੇ ਸ਼ੁਰੂ ਵਿੱਚ ਹੁਣ ‘ਏਲੀਅਨ ਅਡਕਸ਼ਨ ਆਬਸੇਸਡ’ ਨੇ ਜਨਤਾ ’ਤੇ ਸਖਤ ਹਮਲਾ ਕੀਤਾ ਗਿਆ ਸੀ। ਐਕਸ-ਫਾਈਲਾਂ ਅਤੇ ਹੋਰ ਵੱਡੇ ਪੱਧਰ ’ਤੇ ਪ੍ਰਸਿੱਧ 5“ ਆਧਾਰਿਤ ਸ਼ੋਆਂ ਨੇ ਮੋਨਾਸਟ ਦੀਆਂ ਭਵਿੱਖਬਾਣੀਆਂ ਨੂੰ ਇੱਕ ਜਾਅਲੀ ਪਰਦੇਸੀ ਹਮਲੇ ਅਤੇ ਗਲੋਬਲ ਕੰਟਰੋਲ ਮਕੈਨਿਜ਼ਮ ਨੂੰ ਆਮ ਲੋਕਾਂ ਲਈ ਬਹੁਤ ਜ਼ਿਆਦਾ ਸੁਆਦੀ ਬਣਾ ਦਿੱਤਾ।ਬਲੂ ਬੀਮ, ਭਾਵੇਂ ਕਿ ਹਾਲ ਹੀ ਵਿੱਚ ਅਸਮਾਨ ’ਚ ਸਾਜ਼ਿਸ਼ ਕੀਤੀ ਗਈ ਸੀ, ਪਰ ਹੁਣ ਭਵਿੱਖ ਦੀ ਤਕਨਾਲੋਜੀ ਦੀ ਵਰਤੋਂ ਕਰਦੇ ਹੋਏ ਧਰਤੀ ’ਤੇ ਹਰੇਕ ਮਨੁੱਖ ਲਈ ਵਿਅਕਤੀਗਤ ਸੰਦੇਸ਼ ਦੇ ਨਾਲ ਆਕਾਸ਼ ਵਿੱਚ ਹਰ ਕਿਸੇ ਦੇ ਨਿੱਜੀ ਦੇਵਤੇ ਦਾ ਹੋਲੋਗ੍ਰਾਫਿਕ ਪ੍ਰੋਜੈਕਸ਼ਨ ਦਿਖਾਉਣ ਦੀ ਯੋਜਨਾ ਹੈ ਅਤੇ, ਜਿਵੇਂ ਕਿ ਮੋਨਾਸਟ ਨੇ ਕਿਹਾ, ਇੱਕ ਵਿਸ਼ਾਲ ਸੋਵੀਅਤ ਕੰਪਿਊਟਰ ਜਿਸ ਵਿੱਚ ਸਾਡੇ ਸਾਰੇ ਵਿਚਾਰਾਂ ਦਾ ਲੌਗ ਹੈ, ਹੁਣ ਤੱਕ ਪ੍ਰਾਪਤ ਕੀਤਾ ਡਾਟਾ ਜਾਪਦਾ ਹੈ ਕਿ ਗਲੋਬਲ ਤਬਾਹੀ ਬਲੂ ਬੀਮ ਦੇ ਹਮਲਿਆਂ ਨਾਲ ਆਉਂਦੀ ਹੈ ਜਿਵੇਂ ਕਿ ਭੂਚਾਲ, ਪ੍ਰਾਚੀਨ ਕਲਾਤਮਕ ਚੀਜ਼ਾਂ ਦੀ ਖੋਜ, ਹੋ ਸਕਦਾ ਹੈ ਕਿ ਪਿਘਲ ਰਹੇ ਬਰਫ਼ ਦੇ ਬਲਾਕ, ਆਰਥਿਕ ਢਹਿ, ਜਿਨਸੀ ਗ਼ੁਲਾਮੀ ਲਈ ਰੱਖੇ ਗਏ ਬੱਚਿਆਂ ਦੀ ਖੋਜ ਅਤੇ ਧਰਤੀ ਭਰ ਵਿੱਚ ਨਾਗਰਿਕ ਅਸ਼ਾਂਤੀ ਦੇ ਨਾਲ ਸਿਖਰ ’ਤੇ ਇੱਕ ਗੜਬੜ ਵਾਲਾ ਰਾਜਨੀਤਿਕ ਮਾਹੌਲ ਇਹ ਸਾਰੇ ਇਸ ਪਰਦੇਸੀ ਦੌਰੇ ਦੇ ਸੰਕੇਤਕ ਹਾਲਾਤ ਹੋਣਗੇ।

ਇੱਕ ਨਵੇਂ ਯੁੱਗ ਦਾ ਧਰਮ ਬਣਾਇਆ ਜਾਵੇਗਾ ਅਤੇ ਪਰਦੇਸੀ ਹਾਕਮਾਂ ਦੇ ਨਿਰਦੇਸ਼ਾਂ ਦੇ ਅਧੀਨ ਇਸ ਨਿਊ ਵਰਲਡ ਆਰਡਰ ਦੀ ਰੀੜ੍ਹ ਦੀ ਹੱਡੀ ਹੋਵੇਗੀ, ਕੁਝ ਕਹਿ ਸਕਦੇ ਹਨ ਕਿ ਅਸੀਂ ਮੀਡੀਆ ਅਤੇ ਪਿਛਲੇ ਕੁਝ ਸਾਲਾਂ ਦੀਆਂ ਤਾਜ਼ਾ ਘਟਨਾਵਾਂ ਦੁਆਰਾ ਇਸ ਕਿਸਮ ਦੀ ਘਟਨਾ ਲਈ ਪਹਿਲਾਂ ਹੀ ਪਹਿਲਾਂ ਤੋਂ ਪ੍ਰੋਗਰਾਮ ਕੀਤੇ ਹੋਏ ਹਾਂ। ਕੁਝ ਰਾਜਨੀਤਿਕ ਪਾਰਟੀਆਂ ਦੀਆਂ ਨੀਤੀਆਂ ਅਤੇ ਨੈਤਿਕ ਜ਼ਾਬਤੇ ਦੀ ਸ਼ਰਧਾਪੂਰਣ ਪਾਲਣਾ ਕੇਵਲ ਅਤੇ ਪ੍ਰੰਪਰਾਗਤ ਤੌਰ ’ਤੇ ਧਾਰਮਿਕ ਸਿਧਾਂਤ ਤੋਂ ਪਰੇ ਹੈ ਅਤੇ ਧਾਰਮਿਕ ਵਿਚਾਰਧਾਰਾ ਅਤੇ ਨਿਯੰਤਰਣ ਦੇ ਪੁਰਾਣੇ ਸਾਧਨਾਂ ਦੀ ਵਰਤੋਂ ਕਰਦਿਆਂ ਵਧੇਰੇ ਸਮਾਜਿਕ ਤੌਰ ’ਤੇ ਅਨੁਕੂਲ ਅਤੇ ਮਾਨਸਿਕ ਤੌਰ ’ਤੇ ਕਮਜ਼ੋਰ ਅਬਾਦੀ ਵਾਲਾ ਹੈ। UFO ਗਿਆਨ ਅਤੇ ਖੁਲਾਸੇ ਦੇ ਨਾਲ, ਘੱਟੋ ਘੱਟ ਇਸ ਸਭਿਅਤਾ ਵਿੱਚ ਅਤੇ ਇੱਥੋਂ ਤੱਕ ਕਿ 391 ਜਨਤਕ ਤੌਰ ’ਤੇ UFOs ਦੀ ਹੋਂਦ ਦਾ ਐਲਾਨ ਕਰਦਾ ਹੈ ; ‘ਸਾਨੂੰ ਆਪਣੇ ਆਪ ਤੋਂ ਬਚਾਉਣ’ ਲਈ ਕਿਸੇ ਹੋਰ ਪ੍ਰਜਾਤੀ ਦੀ ਦਿੱਖ ਵੀ ਇੰਨੀ ਦੂਰ ਦੀ ਗੱਲ ਨਹੀਂ ਹੈ। ਵਰਨਰ ਵਾਨ ਬ੍ਰੌਨ, ਮਸ਼ਹੂਰ ਨਾਜ਼ੀ ਰਾਕੇਟ ਮੈਨ ਬਣੇ ਨਾਸਾ ਦੇ ਹੈੱਡ ਬੁਆਏ ਨੇ ਨਾਪਾਕ ਸ਼ਕਤੀਆਂ ਦੁਆਰਾ ਇੱਕ ਗੁਪਤ ਸਾਜ਼ਿਸ਼ ਬਾਰੇ ਚੇਤਾਵਨੀ ਦਿੱਤੀ ਅਤੇ ਇਸ ਨੂੰ ਆਪਣਾ ਆਖਰੀ ਕਾਰਡ ਕਿਹਾ। ਆਪਣੀ ਮੌਤ ਦੇ ਬਿਸਤਰੇ ’ਤੇ ਉਸ ਨੇ ਪੂਰੇ ਨਿਯੰਤਰਣ ਦੇ ਅੰਤਮ ਟੀਚੇ ਨਾਲ ਮਨੁੱਖ ਨੂੰ ਮਨੁੱਖ ਦੇ ਵਿਰੁੱਧ ਕਰਨ ਦੀ ਯੋਜਨਾ ਬਾਰੇ ਚੇਤਾਵਨੀ ਦਿੱਤੀ। ਕੀ ਇਹ ਹੋ ਸਕਦਾ ਹੈ ? ਅਖੀਰ ਹਮੇਸ਼ਾ ਗੱਲ ਇਕ ਪ੍ਰਸ਼ਨ ਚਿੰਨ੍ਹ ਤੇ ਮੁੱਕਦੀ ਹੈ।

ਚਲਦਾ...

# ਪਾਖੰਡੀ ਡੇਰੇਦਾਰਾਂ ਦੀ ਫ਼ੈਕਟਰੀ ਬਣੇ ਭ੍ਰਿਸ਼ਟ ਸੱਤਾਧਾਰੀ

➢ ਹਿੰਦੂ ਵਿਰੋਧੀਆਂ ਨੂੰ ਬੁਲਡੋਜ਼ਰ ਨਾਲ ਕੁਚਲਣ ਦੀਆਂ ਧਮਕੀਆਂ ਦੇਣ ਵਾਲਾ ਸਾਧ ਧੀਰੇਂਦਰ ਸ਼ਾਸਤਰੀ ਭਾਜਪਾ ਦੀ ਉਪਜ

➢ ਗੋਦੀ ਮੀਡੀਆ ਪਾਖੰਡੀ ਡੇਰਿਆਂ ਤੇ ਡੇਰਾ ਪਾਲਕ ਹਾਕਮ ਜਮਾਤ ਦਾ ਸੰਦ ਬਣਿਆ

**ਗੁਰਪ੍ਰੀਤ**




ਭਾਰਤ ਵਿੱਚ ਅੰਧ-ਵਿਸ਼ਵਾਸ਼ਾਂ ਤੇ ਡੇਰਾਵਾਦ ਦੀ ਜਕੜ ਬਹੁਤ ਮਜ਼ਬੂਤ ਹੈ। ਭਾਵੇਂ ਭਾਰਤੀ ਸੰਵਿਧਾਨ ਧਰਮ ਨਿਰਪੱਖਤਾ ਦਾ ਦਾਅਵਾ ਕਰਦਾ ਹੈ ਪਰ ਅਮਲ ਵਿੱਚ ਸੱਤਾ ਤੇ ਧਰਮ ਦਾ ਗੱਠਜੋੜ ਹਾਲੇ ਵੀ ਬਹੁਤ ਡੂੰਘਾ ਹੈ। ਇਸੇ ਕਰਕੇ ਇੱਥੇ ਫਿਰਕੂ ਸਿਆਸਤ ਦੀ ਜ਼ਮੀਨ ਕਾਫੀ ਜਰਖ਼ੇਜ਼ ਹੈ। ਇੱਥੇ ਬਾਬਿਆਂ, ਸੰਤਾਂ ਤੇ ਡੇਰਿਆਂ ਦੀ ਭਰਮਾਰ ਹੈ ਜਿਹੜੇ ਪਹਿਲਾਂ ਵਾਂਗ ਲੋਕਾਂ ਨੂੰ ਅੰਧ-ਵਿਸ਼ਵਾਸ਼ਾਂ ਵਿੱਚ ਫਸਾਈ ਰੱਖਦੇ ਹਨ। ਆਧੁਨਿਕ ਯੁੱਗ ਦੀ ਇਹ ਸੰਤਗਿਰੀ ਇੱਕ ਪਾਸੇ ਵੱਡਾ ਕਮਾਈ ਕਰਨ ਵਾਲਾ ਧੰਦਾ ਵੀ ਹੈ ਤੇ ਦੂਜੇ ਪਾਸੇ ਇਹ ਸੱਤਾ ਨਾਲ ਵੀ ਘਿਉ-ਖਿਚੜੀ ਹੋਈ ਦਿਸਦੀ ਹੈ।

ਅਜਿਹਾ ਹੀ ਇੱਕ ਬਾਬਾ ਇਨ੍ਹਾਂ ਦਿਨਾਂ ਵਿੱਚ ਮੁੱਖ ਧਾਰਾ ਦੇ ਮੀਡੀਆ, ਖਾਸ ਕਰਕੇ ਟੀਵੀ ਦੇ ਖਬਰੀ ਚੈਨਲਾਂ ਉੱਪਰ ਛਾਇਆ ਰਿਹਾ ਹੈ। ਛਾਇਆ ਨਹੀਂ ਸਗੋਂ ਉਭਾਰਿਆ ਗਿਆ ਹੈ। ਇਹ ਬਾਬਾ 26 ਸਾਲ ਦਾ ਧੀਰੇਂਦਰ ਸ਼ਾਸਤਰੀ ਹੈ ਜੋ ਮੱਧ ਪ੍ਰਦੇਸ਼ ਦੇ ਛੱਤਰਪੁਰੇ ਜ਼ਿਲ੍ਹਾ ਦੇ ਪਿੰਡ ਗੜਾ ਤੋਂ ਉੱਠ ਕੇ ਆਇਆ ਹੈ। ਇਸਨੂੰ ਬਗੇਸ਼ਵਰ ਧਾਮ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ। ਇਸ ਨੇ ਬਾਬਾਗਿਰੀ ਦਾ ਇਹ ਧੰਦਾ ਪਿਛਲੇ 4-5 ਸਾਲਾਂ ਤੋਂ ਮੱਧਪ੍ਰਦੇਸ਼ ਵਿੱਚ ਸ਼ੁਰੂ ਕੀਤਾ ਹੋਇਆ ਹੈ। ਇਸ ਦੌਰਾਨ ਉਸਨੇ ਕਈ ਸਿਆਸੀ ਲੀਡਰਾਂ, ਖਾਸ ਕਰਕੇ ਭਾਜਪਾ ਨਾਲ ਨੇੜਤਾ ਵਧਾਈ ਹੈ। ਬਹੁਤ ਸਾਰੇ ਭਾਜਪਾ ਆਗੂ ਅਕਸਰ ਉਸਦੇ ਡੇਰੇ ਉੱਪਰ ਜਾਂਦੇ ਦੇਖੇ ਜਾ ਸਕਦੇ ਹਨ। ਇਹ ਇਸਦੀ ਚੌਕੀ ਭਰਨ ਆਏ ਲੋਕਾਂ ਵਿੱਚੋਂ ਕਿਸੇ ਨੂੰ ਕੋਲ ਸੱਦ ਕੇ ਉਸਦੇ ਨਾਮ, ਪਰਿਵਾਰਕ ਪਿਛੋਕੜ, ਬਿਮਾਰੀ ਤੇ ਹੋਰ ਸਮੱਸਿਆਵਾਂ ਬਾਰੇ ਦੱਸਣ ਦੀ ਜਾਦੂਗਿਰੀ ਕਰਦਾ ਹੈ। ਇਸ ਜਾਦੂਗਿਰੀ ਨੂੰ ਉਹ ਹਨੂੰਮਾਨ ਦੀ ਕ੍ਰਿਪਾ ਨਾਲ ਹੋਇਆ ਚਮਤਕਾਰ ਦੱਸਦਾ ਹੈ। ਭਾਜਪਾ ਦੀ ਮੀਡੀਆ ਦੇ ਥਾਪੜੇ ਸਦਕਾ ਉਸਦਾ ਧੰਦਾ ਚੰਗਾ ਚਮਕਿਆ ਹੋਇਆ ਹੈ। ਪਿਛਲੇ ਸਾਲ ਵੀ ਇਹ ਥੋੜ੍ਹਾ ਚਰਚਾ ਵਿੱਚ ਆਇਆ ਸੀ ਜਦੋਂ ਇਸ ਨੇ ਪੈਰੀਂ ਹੱਥ ਲਾ ਰਹੇ ਇੱਕ ਵਿਅਕਤੀ ਨੂੰ ਕਿਹਾ ਸੀ ਕਿ 'ਮੈਨੂੰ ਨਾ ਛੂਹ, ਤੂੰ ਅਛੂਤ ਹੈਂ।'

ਪਿਛਲੇ ਕੁੱਝ ਸਮੇਂ ਤੋਂ ਆਪਣੀਆਂ ਧਾਰਮਿਕ ਸਭਾ ਵਿੱਚ ਇਹ ਸਿਆਸੀ ਟੀਕਾ-ਟਿੱਪਣੀਆਂ ਕਰਨ ਲੱਗਿਆ ਹੋਇਆ ਹੈ ਜਿਸ ਕਰਕੇ ਮੀਡੀਆ ਇਸਨੂੰ ਚਰਚਾ ਦਾ ਕੇਂਦਰ ਬਣਾ ਰਿਹਾ ਹੈ। ਇਸ ਵੇਲੇ ਇਹ ਛੱਤੀਸਗੜ੍ਹ ਵਿੱਚ ਕਾਫੀ ਸਰਗਰਮ ਹੈ। ਛੱਤੀਸਗੜ੍ਹ ਵਿੱਚ ਇਸ ਵੇਲੇ ਕਾਂਗਰਸ ਦੀ ਸਰਕਾਰ ਹੈ ਤੇ ਕੁੱਝ ਮਹੀਨਿਆਂ ਵਿੱਚ ਇੱਥੇ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਇਸ ਮੌਕੇ ਚੋਣਾਂ ਲਈ ਭਾਜਪਾ ਦੇ ਹੱਕ ਵਿੱਚ ਫਿਰਕੂ ਅਧਾਰ 'ਤੇ ਕਤਾਰਬੰਦੀ ਕਰਨ ਵਿੱਚ ਧੀਰੇਂਦਰ ਸ਼ਾਸ਼ਤਰੀ ਅਹਿਮ ਭੂਮਿਕਾ ਨਿਭਾ ਰਿਹਾ ਹੈ। ਉਹ ਆਖਦਾ ਹੈ ਕਿ ਇਸਾਈ ਇੱਥੇ 'ਜਬਰੀ' ਧਰਮ ਪਰਿਵਰਤਨ ਕਰ ਰਹੇ ਹਨ ਤੇ ਇਹਦੇ ਲਈ ਉਹ ਕਾਂਗਰਸ ਸਰਕਾਰ ਨੂੰ ਦੋਸ਼ੀ ਦੱਸਦਾ ਹੈ ਤੇ ਆਪਣੇ ਬਾਰੇ ਉਹ ਕਹਿੰਦਾ ਹੈ ਕਿ ਮੈਂ ਉਨ੍ਹਾਂ ਦੀ 'ਘਰ ਵਾਪਸੀ' ਲਈ ਕੰਮ ਕਰ ਰਿਹਾ ਹੈ। ਸਨਾਤਨੀ ਹਿੰਦੂਆਂ ਨੂੰ ਚਾਹੀਦਾ ਹੈ ਕਿ ਉਹ ਇਸਾਈਆਂ ਨੂੰ ਸਬਕ ਸਿਖਾਉਣ। ਮੁਸਲਮਾਨਾਂ ਖਿਲਾਫ ਉਹ ਆਖਦਾ ਹੈ, 'ਹਿੰਦੂਆਂ 'ਤੇ ਪੱਥਰ ਚਲਾਉਣ ਵਾਲਿਆਂ ਨੂੰ ਬੁਲਡੋਜਰ ਨਾਲ ਕੁਚਲਣਾ ਪਵੇਗਾ', ਅਤੇ 'ਸਰਕਾਰ ਕਦੋਂ ਤੱਕ ਬੁਲਡੋਜਰ ਨਾਲ ਢਾਹੁੰਦੀ ਰਹੇਗੀ, ਹਿੰਦੂਆਂ ਨੂੰ ਢਾਹੁਣਾ ਪਵੇਗਾ।' ਉਹ ਇਹ ਵੀ ਸੱਦਾ ਦਿੰਦਾ ਹੈ ਕਿ 'ਤੁਸੀਂ ਮੇਰਾ ਸਾਥ ਦਿਉ, ਆਪਾਂ ਹਿੰਦੂ ਰਾਸ਼ਟਰ ਬਣਾਵਾਂਗੇ।' ਮਤਲਬ ਅੱਜ ਕੱਲ੍ਹ ਉਹ ਪੂਰੀ ਤਰ੍ਹਾਂ ਇਸਾਈ, ਮੁਸਲਮਾਨ ਵਿਰੋਧੀ ਤੇ ਹਿੰਦੂ ਰਾਸ਼ਟਰ ਬਾਉਣ ਦੀ ਸੰਘ-ਭਾਜਪਾ ਦੀ ਸਿਖਾਈ ਬੋਲੀ ਬੋਲ ਰਿਹਾ ਹੈ। ਉਨ੍ਹਾਂ ਦੇ ਇਸ਼ਾਰੇ ਉੱਪਰ ਹੀ ਮੀਡੀਆ ਇਸ ਨੂੰ ਚਰਚਾ ਦਾ ਵਿਸ਼ਾ ਬਣਾ ਰਿਹਾ ਹੈ। ਹੈਰਾਨੀ ਦੀ ਗੱਲ ਨਹੀਂ ਕਿ ਮੀਡੀਆ ਦੇ ਜਿਹੜੇ ਚੈਨਲ ਖਾਸ ਤੌਰ 'ਤੇ ਭਾਜਪਾ ਦੇ ਧੁਤੂ ਬਣੇ ਹੋਏ ਹਨ ਉਹੀ ਇਸੇ ਬਾਬੇ ਬਾਰੇ ਜ਼ੋਰ-ਸ਼ੋਰ ਨਾਲ ਚਰਚਾ ਕਰ ਰਹੇ ਹਨ।

ਪਿਛਲੇ ਦਿਨੀਂ ਇਸਨੇ ਮਹਾਂਰਾਸ਼ਟਰ ਵਿੱਚ ਆਪਣਾ ਕੁੱਝ ਦਿਨ ਲਗਾਤਾਰ ਚੱਲਣ ਵਾਲਾ ਬਾਬਾਗਿਰੀ ਦਾ ਪ੍ਰੋਗਰਾਮ ਰੱਖਿਆ ਹੋਇਆ ਸੀ। ਇਸ ਵੱਲੋਂ 'ਚਮਤਕਾਰ' ਦੇ ਦਾਅਵਿਆਂ ਦੇ ਜਦ ਗੋਦੀ ਮੀਡੀਆ ਨੇ ਕਸੀਦੇ ਪੜ੍ਹਨੇ ਸ਼ੁਰੂ ਕਰ ਦਿੱਤੇ ਤਾਂ ਅਖਿਲ ਭਾਰਤੀ ਅੰਧ-ਵਿਸ਼ਵਾਸ਼ ਨਿਰਮੂਲਨ ਸਮਿਤੀ ਦੇ ਆਗੂ ਪ੍ਰੋ. ਸ਼ਿਆਮ ਮਾਨਵ ਨੇ ਚੁਣੌਤੀ ਦਿੱਤੀ ਹੈ ਕਿ ਉਨ੍ਹਾਂ ਦੀਆਂ ਸ਼ਰਤਾਂ ਤਹਿਤ ਚਮਤਕਾਰ ਕਰਕੇ ਦਿਖਾਵੇ। ਇਸ ਚੁਣੌਤੀ ਤੋਂ ਬੌਖਲਾਏ ਸ਼ਾਸ਼ਤਰੀ ਨੇ ਮੀਡੀਆ ਵਿੱਚ ਕਈ ਬੜਕਾਂ ਮਾਰੀਆਂ ਪਰ ਪ੍ਰੋ. ਸ਼ਿਆਮ ਮਾਨਵ ਦੀਆਂ ਚੁਣੌਤੀਆਂ ਕਬੂਲ ਕਰਨ ਦਾ ਜੇਰਾ ਨਾ ਕਰ ਸਕਿਆ। ਸਗੋਂ ਡਰੇ ਹੋਏ ਨੇ ਆਪਣਾ ਨਾਗਪੁਰ ਦਾ ਪ੍ਰੋਗਰਾਮ ਮਿੱਥੇ ਵਕਤ ਤੋਂ ਕੁੱਝ ਦਿਨ ਪਹਿਲਾਂ ਹੀ ਖਤਮ ਕਰਕੇ ਮੁੜ ਛਤੀਸਗੜ੍ਹ ਜਾ ਬੈਠਾ।

ਇਸ ਬਾਬੇ ਦੇ ਸ਼ਰਧਾਲੂਆਂ ਜਾਂ ਇਸਦੇ ਹਮਾਇਤੀ ਕੁੱਝ ਸਿਆਸੀ ਲੀਡਰਾਂ ਵੱਲ ਝਾਤ ਮਾਰਨ ਦੀ ਲੋੜ ਹੈ। ਇਹਨਾਂ ਵਿੱਚ ਭਾਜਪਾ ਦਾ ਕੇਂਦਰ ਮੰਤਰੀ ਨਿਤਨ ਗਡਕਰੀ, ਮਹਾਂਰਾਸ਼ਟਰ ਦਾ ਉੱਪ ਮੁੱਖ ਮੰਤਰੀ ਦਵਿੰਦਰ ਫੜਨਵੀਸ, ਛਤੀਸਗੜ੍ਹ ਤੋਂ ਭਾਜਪਾ ਦਾ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਸਮੇਤ ਕਈ ਸੂਬਾਈ ਤੇ ਕੇਂਦਰੀ ਆਗੂ ਸ਼ਾਮਲ ਹਨ। ਇਸ ਤੋਂ ਬਿਨਾਂ ਰਾਸ਼ਟਰੀ ਸਵੈਸੇਵਕ ਸੰਘ ਦਾ ਵਿੰਗ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਸੰਘ ਦਾ ਹੱਥਠੋਕਾ ਬਾਬਾ ਰਾਮਦੇਵ ਵੀ ਇਸਦੇ ਹੱਕ ਵਿੱਚ ਹੈ। ਇਉਂ ਇਹ ਬਾਬਾ ਇਸ ਗੱਲ ਦਾ ਸਬੂਤ ਹੈ ਕਿ ਸਭ ਸਿਆਸੀ ਪਾਰਟੀਆਂ ਤੇ ਖਾਸ ਤੌਰ 'ਤੇ ਭਾਜਪਾ ਦਾ ਕਿਵੇਂ ਅਧਿਆਤਮਕ ਠੱਗਾਂ, ਮਦਾਰੀਆਂ, ਬਾਬਿਆਂ ਨਾਲ ਕਿੰਨਾ ਡੂੰਘਾ ਰਿਸ਼ਤਾ ਹੈ।

ਭਾਜਪਾ ਨਾਲ ਸਬੰਧ ਰੱਖਣ ਵਾਲੇ ਅਜਿਹੇ ਬਾਬਿਆਂ ਦੀ ਸੂਚੀ ਕਾਫੀ ਲੰਬੀ ਹੈ। ਇਹਨਾਂ ਵਿੱਚ 2013 ਤੋਂ ਇੱਕ ਨਾਬਾਲਿਗ ਨਾਲ ਬਲਾਤਕਾਰ ਦੇ ਮਾਮਲੇ ਵਿੱਚ ਜੇਲ੍ਹ ਵਿੱਚ ਕੈਦ ਆਸਾਰਾਮ ਬਾਪੂ, ਜੇਲ੍ਹ 'ਚ ਬੈਠਾ ਸਤਲੋਕ ਆਸ਼ਰਮ ਦਾ ਸੰਤ ਰਾਮਪਾਲ, ਮੱਧਵਰਗੀ ਬਾਬਾ ਸ਼੍ਰੀ ਸ਼੍ਰੀ ਰਵੀ ਸ਼ੰਕਰ, ਬਾਬਾ ਰਾਮਦੇਵ, ਸਾਧਵੀ ਪ੍ਰੱਗਿਆ ਠਾਕੁਰ, ਨਿਤਿਆਨੰਦ ਤੇ ਰਾਮਭੱਦਰਾਚਾਰੀਆ ਜਿਹੇ ਸੈਂਕੜੇ ਛੋਟੇ-ਵੱਡੇ ਬਾਬੇ, ਸਾਧ ਸ਼ਾਮਲ ਹਨ। ਯੋਗੀ ਅਦਿਤਿਆਨਾਥ ਤਾਂ ਭਾਜਪਾ ਵੱਲੋਂ ਉੱਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣਿਆ ਬੈਠਾ ਹੈ। 2015 ਵਿੱਚ ਹਰਿਆਣਾ ਸਰਕਾਰ ਨੇ ਬਾਬਾ ਰਾਮਦੇਵ ਨੂੰ ਮੰਤਰੀ ਬਣਨ ਦੀ ਪੇਸ਼ਕਸ਼ ਕੀਤੀ ਸੀ ਤਾਂ ਉਸ ਨੇ ਇਹ ਆਖ ਕੇ ਠੁਕਰਾ ਦਿੱਤੀ ਕਿ 'ਹੁਣ ਤਾਂ ਪ੍ਰਧਾਨ ਮੰਤਰੀ ਵੀ ਆਪਣਾ, ਸਾਰੀ ਕੈਬਨਿਟ ਆਪਣੀ, ਹਰਿਆਣੇ ਦਾ ਮੁੱਖ ਮੰਤਰੀ ਵੀ ਆਪਣਾ, ਮੈਨੂੰ ਬਾਬਾਗਿਰੀ ਕਰ ਲੈਣ ਦਿਉ।' ਹਰਿਆਣੇ ਦਾ ਡੇਰਾ ਸਰਸਾ ਮੁਖੀ ਨੂੰ ਭਾਜਪਾ ਸਰਕਾਰ ਨੇ ਪਹਿਲਾਂ ਪੰਜਾਬ ਚੋਣਾਂ ਵੇਲੇ ਪੈਰੋਲ ਦਿੱਤੀ ਸੀ ਹੁਣ ਪਿਛਲੇ ਇੱਕ ਸਾਲ ਵਿੱਚ ਉਸਨੂੰ ਚਾਰ ਵਾਰ ਪੈਰੋਲ ਦਿੱਤੀ ਜਾ ਚੁੱਕੀ ਹੈ। ਮਤਲਬ ਅਗਲੀਆਂ ਚੋਣਾਂ ਵਿੱਚ ਉਸ ਨੂੰ ਵੋਟਾਂ ਝਟਕਾਉਣ ਲਈ ਸ਼ਿੰਗਾਰਿਆ ਜਾ ਰਿਹਾ ਹੈ। (ਬਾਕੀ ਸਫ਼ਾ 31 'ਤੇ)

# ਸਮਾਜਿਕ ਅਤੇ ਆਰਥਿਕ ਮਾਰ ਦਾ ਸ਼ਿਕਾਰ ਪੰਜਾਬ ਦਾ ਦਲਿਤ



**ਸੁੱਚਾ ਰਾਮ ਲੱਧੜ**

ਇਕ ਸਰਵੇ ਮੁਤਾਬਕ ਪੰਜਾਬ ਵਿੱਚ ਡੇਢ ਲੱਖ ਪੰਚਾਇਤਾਂ ਕੋਲ ਵਾਹੀਯੋਗ ਜ਼ਮੀਨ ਹੈ। ਸੰਨ 1994 ਦੇ ਐਕਟ ਮੁਤਾਬਕ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਹਰ ਪਿੰਡ ਦੀ ਵਾਹੀਯੋਗ ਜ਼ਮੀਨ ਦਾ ਇਕ ਤਿਹਾਈ ਹਿੱਸਾ ਹਰ ਸਾਲ ਦੇਣਾ ਲਾਜ਼ਮੀ ਹੈ। ਕਿਉਂਕਿ ਹਕੀਕਤ ਵਿਚ ਇਸ ਐਕਟ ਦੀ ਪਾਲਣਾ ਨਹੀਂ ਸੀ ਹੋ ਰਹੀ, ਸੋ ਸੰਗਰੂਰ ਜ਼ਿਲ੍ਹੇ ਦੇ ਕੁਝ ਪਿੰਡਾਂ ਵਿਚ ਆਪਣੇ ਹੱਕਾਂ ਲਈ ਦਲਿਤਾਂ ਵੱਲੋਂ ਸੰਘਰਸ਼ ਵਿੱਢਿਆ ਗਿਆ। ਕੁਝ ਲੜਾਈ-ਝਗੜੇ ਵੀ ਹੋਏ ਅਤੇ ਪਰਚੇ-ਖਰਚੇ ਵੀ ਹੋਏ। ਲੋਕੀਂ ਫੱਟੜ ਵੀ ਹੋਏ ਤੇ ਜੇਲ੍ਹ ਵੀ ਗਏ। ਪੰਜਾਬ ਸਰਕਾਰ ਨੇ ਪੀੜਤ ਲੋਕਾਂ ਨੂੰ ਰਾਹਤ ਪਹੁੰਚਾਉਣ ਦੀ ਮਨਸ਼ਾ ਨਾਲ 17 ਫਰਵਰੀ 2017 ਨੂੰ ਦਲਿਤਾਂ ਦੇ ਕਾਨੂੰਨਨ ਹੱਕ ਦੇਣ ਲਈ ਕੁਝ ਹਦਾਇਤਾਂ ਜਾਰੀ ਕੀਤੀਆਂ ਸਨ। ਇਨ੍ਹਾਂ ਹਦਾਇਤਾਂ ਦਾ ਅਸਰ ਵੀ ਹੋਇਆ ਤੇ ਪਿਛਲੇ ਪੰਜ ਸਾਲ ਅਮਨ-ਅਮਾਨ ਨਾਲ ਗੁਜ਼ਰੇ। ਜੇਕਰ ਪਿਛੋਕੜ 'ਤੇ ਝਾਤ ਮਾਰੀ ਜਾਵੇ ਤਾਂ ਦਲਿਤ ਅੱਜ ਵੀ ਸਾਂਝੀਵਾਲਤਾ ਦੀ ਕਹੀ ਜਾਣ ਵਾਲੀ ਧਰਤੀ 'ਤੇ ਜਾਤ-ਪਾਤ, ਜ਼ੋਰ-ਜ਼ੁਲਮ, ਅਨਿਆਂ ਅਤੇ ਨਾ-ਬਰਾਬਰੀ ਦਾ ਸ਼ਿਕਾਰ ਹਨ। ਜਦੋਂ ਜ਼ੁਲਮ ਕਰਨ ਵਾਲਿਆਂ ਨੂੰ ਸਰਕਾਰ ਦੀ ਸ਼ਹਿ ਹੋਵੇ ਤਾਂ ਜ਼ੁਲਮ ਅਕਹਿ ਅਤੇ ਅਸਹਿ ਹੋ ਜਾਂਦਾ ਹੈ। ਫਿਰ ਸੁਣਵਾਈ ਕਿਧਰੇ ਨਹੀਂ ਹੁੰਦੀ।

ਇਹੀ ਹਾਲ ਪੰਜਾਬ ਦਾ ਹੋ ਰਿਹਾ ਹੈ। ਸਰਕਾਰ ਬਦਲਣ ਨਾਲ ਸਿਰਫ਼ ਚਿਹਰੇ ਬਦਲਦੇ ਹਨ, ਦਲਿਤਾਂ ਦੀ ਹੋਣੀ ਨਹੀਂ ਬਦਲਦੀ। ਸਦੀਆਂ ਤੋਂ ਪੰਜਾਬ ਦਾ ਦਲਿਤ ਸਮਾਜਿਕ ਅਤੇ ਆਰਥਿਕ ਮਾਰ ਦਾ ਸ਼ਿਕਾਰ ਰਿਹਾ ਹੈ। ਸੰਨ 1900 ਵਿੱਚ ਪੰਜਾਬ ਲੈਂਡ ਐਲੀਨੇਸ਼ਨ ਐਕਟ ਪਾਸ ਹੋਇਆ ਸੀ ਜਿਸ ਤਹਿਤ ਜੋ ਖੇਤੀਬਾੜੀ ਕਬੀਲੇ ਨਹੀਂ ਸਨ, ਨੂੰ ਜ਼ਮੀਨ ਖ਼ਰੀਦਣ 'ਤੇ ਪਾਬੰਦੀ ਲਾ ਦਿੱਤੀ ਗਈ। ਦਲਿਤਾਂ ਦੀ ਰੋਜ਼ੀ-ਰੋਟੀ ਪਿੰਡਾਂ ਵਿਚ ਕਿਸਾਨ ਨਾਲ ਕੰਮ ਕਰਨਾ ਸੀ ਅਤੇ ਉਹ ਖੇਤੀਬਾੜੀ ਨਾਲ ਜੁੜੇ ਧੰਦਿਆਂ ਤੋਂ ਆਪਣਾ ਪੇਟ ਪਾਲਦਾ ਸੀ ਪਰ ਅਨਪੜ੍ਹਤਾ ਅਤੇ ਸੰਗਠਿਤ ਨਾ ਹੋਣ ਕਾਰਨ ਆਪਣੇ ਹਿੱਤਾਂ ਦੀ ਰਾਖੀ ਨਾ ਕਰ ਸਕਿਆ। ਪੂਰੇ ਭਾਰਤ ਵਿੱਚ ਪੰਜਾਬ (ਹਿਮਾਚਲ, ਹਰਿਆਣਾ, ਪੂਰਬੀ ਤੇ ਪੱਛਮੀ ਪਾਕਿਸਤਾਨ) ਹੀ ਅਜਿਹਾ ਸੂਬਾ ਸੀ ਜਿੱਥੇ ਦਲਿਤ ਜ਼ਮੀਨ ਨਹੀਂ ਸੀ ਖ਼ਰੀਦ ਸਕਦਾ। ਸਦੀਆਂ ਦੇ ਅਨਿਆਂ ਨੇ ਦਲਿਤ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਨ੍ਹਾਂ ਵਿਚ ਸਾਧਨਹੀਣਤਾ ਅਤੇ ਆਰਥਿਕ ਕਮਜ਼ੋਰੀ ਦੇ ਨਾਲ-ਨਾਲ ਛੂਆ-ਛਾਤ ਨੇ ਉਨਾਂ ਦਾ ਲੱਕ ਤੋੜ ਕੇ ਰੱਖ ਦਿੱਤਾ। ਜਾਤ-ਪਾਤ ਦੀ ਬੁਰਾਈ ਨੇ ਤਰੱਕੀ ਦੇ ਸਾਰੇ ਰਸਤੇ ਬੰਦ ਕਰ ਦਿੱਤੇ। ਪੰਜਾਬ ਦੀ 35% ਦਲਿਤ ਵਸੋਂ ਕੋਲ ਸਿਰਫ਼ 3.2% ਜ਼ਮੀਨ ਹੈ। ਪੂਰੇ ਭਾਰਤ ਵਿਚ ਇਹ ਅੰਕੜਾ 8.6% ਹੈ। ਜਦਕਿ 61000 ਤੋਂ ਉੱਪਰ ਪੰਜਾਬ ਦੇ ਕਿਸਾਨਾਂ ਕੋਲ ਲੈਂਡ ਸੀਲਿੰਗ (17.5 ਸਟੈਂਡਰਡ ਏਕੜ ਅਤੇ 52 ਥੈਰਨ ਏਕੜ) ਤੋਂ ਉੱਪਰ ਜ਼ਮੀਨ ਉਪਲਬਧ ਹੈ। ਉਂਜ ਹੁਣ ਸਿੰਚਾਈ ਸਾਧਨਾਂ ਕਾਰਨ ਪੰਜਾਬ ਵਿਚ ਕੋਈ ਵੀ ਥੈਰਨ ਲੈਂਡ ਨਹੀਂ ਰਹੀ। ਇਸ ਲਈ ਦੁਬਾਰਾ ਲੈਂਡ ਸੀਲਿੰਗ ਐਕਟ ਅਤੇ ਸਰਵੇ ਦੀ ਲੋੜ ਹੈ। ਪੰਜਾਬ ਵਿੱਚ ਪੰਚਾਇਤੀ ਰਾਜ ਐਕਟ ਦੀ ਪਰਵਾਹ ਕੋਈ ਨਹੀਂ ਕਰਦਾ। ਜਦੋਂ ਅਫ਼ਸਰ ਅਤੇ ਸਿਆਸੀ ਲੋਕ ਖ਼ੁਦ ਜ਼ਮੀਨਾਂ 'ਤੇ ਕਬਜ਼ੇ ਕਰਨ ਲੱਗ ਪੈਣ ਤਾਂ ਕਮਜ਼ੋਰ ਦਲਿਤਾਂ ਦੀ ਗੱਲ ਕੌਣ ਸੁਣੇਗਾ। (ਇਹ ਸੱਚਾਈ ਤੱਥਾਂ ਸਮੇਤ ਚੰਦਰ ਸ਼ੇਅਰ ਕਮੇਟੀ ਨੇ ਹਾਈ ਕੋਰਟ ਨੂੰ ਦਿੱਤੀ ਹੈ)। ਪੰਚਾਇਤ ਮਹਿਕਮੇ ਦੀ ਅਹਿਮੀਅਤ ਇਸ ਗੱਲ ਤੋਂ ਵੀ ਲਾਈ ਜਾ ਸਕਦੀ ਹੈ ਕਿ ਅੱਜ ਤੱਕ ਇਕ ਵੀ ਦਲਿਤ ਇਸ ਮਹਿਕਮੇ ਦਾ ਮੰਤਰੀ ਨਹੀਂ ਲੱਗ ਸਕਿਆ। ਦਲਿਤਾਂ ਨੂੰ ਪੰਚਾਇਤੀ ਜ਼ਮੀਨ ਦਾ ਬਣਦਾ ਹਿੱਸਾ ਨਾ ਮਿਲਣ ਦੇ ਕਈ ਕਾਰਨ ਹਨ : ਪਹਿਲਾ ਕਾਰਨ ਹੈ ਕਿ ਬੇਜ਼ਮੀਨੇ ਹੋਣ ਕਾਰਨ ਖੇਤੀਬਾੜੀ ਉਨ੍ਹਾਂ ਦਾ ਪੁਸ਼ਤੈਨੀ ਧੰਦਾ ਨਹੀਂ ਹੈ। ਖ਼ਾਸ ਕਰਕੇ ਹਰੇ ਇਨਕਲਾਬ ਤੋਂ ਬਾਅਦ ਦਲਿਤਾਂ ਨੂੰ ਠੇਕੇ 'ਤੇ ਜਾਂ ਬਟਾਈ 'ਤੇ ਵੀ ਜ਼ਮੀਨ ਵਾਹੁਣ ਲਈ ਨਹੀਂ ਮਿਲਦੀ।

ਇਸ ਲਈ ਟਰੈਕਟਰ ਆਦਿ ਸੰਦਾਂ ਲਈ ਉਨ੍ਹਾਂ ਕੋਲ ਸਰਮਾਇਆ ਨਹੀਂ ਹੈ। ਇਕ ਸਾਲ ਲਈ ਪੰਚਾਇਤ ਦੀ ਜ਼ਮੀਨ ਮਿਲ ਵੀ ਜਾਵੇ ਤਾਂ ਅਗਲੇ ਸਾਲ ਦਾ ਭਰੋਸਾ ਨਹੀਂ ਕਿ ਜ਼ਮੀਨ ਮਿਲੇਗੀ ਵੀ ਕਿ ਨਹੀਂ। ਦੂਸਰਾ ਕਾਰਨ ਹੈ ਕਿ ਦਲਿਤਾਂ ਦੇ ਹਿੱਸੇ ਦੀ ਜ਼ਮੀਨ ਦੀ ਬੋਲੀ ਦਲਿਤ ਨੂੰ ਮੂਹਰੇ ਰੱਖ ਕੇ ਕੋਈ ਗ਼ੈਰ-ਦਲਿਤ ਦੇ ਰਿਹਾ ਹੁੰਦਾ ਹੈ। ਪੈਸੇ ਗ਼ੈਰ-ਦਲਿਤ ਦਿੰਦੇ ਹਨ ਪਰ ਬੋਲੀ ਦਲਿਤ ਦੇ ਨਾਂ 'ਤੇ ਟੁੱਟਦੀ ਹੈ। ਸਿਰਫ਼ ਕਾਗਜ਼ੀ ਕਾਰਵਾਈ ਹੁੰਦੀ ਹੈ। ਤੀਸਰਾ ਅਹਿਮ ਕਾਰਨ ਹਉਮੈ ਦਾ ਹੈ, ਪਿੰਡਾਂ ਵਿਚ ਜਿੱਥੇ ਗੁਰਦੁਆਰੇ ਜਾਤ ਆਧਾਰਤ ਹਨ, ਸ਼ਮਸ਼ਾਨਘਾਟ ਵੱਖਰੇ ਹਨ, ਰਿਹਾਇਸ਼ੀ ਮੁਹੱਲੇ ਵੱਖਰੇ ਹਨ, ਉੱਥੇ ਦਲਿਤ ਜ਼ਮੀਨ ਵਾਹ ਕੇ ਉੱਚ ਜਾਤੀਆਂ ਦੀ ਬਰਾਬਰੀ ਕਰਨ, ਇਹ ਗੱਲ ਪਿੰਡਾਂ ਦੇ ਕਈ ਅਖੌਤੀ ਜਾਤ ਅਭਿਮਾਨੀ ਲੋਕਾਂ ਨੂੰ ਹਜ਼ਮ ਨਹੀਂ ਹੁੰਦੀ। ਇਹ ਸੱਚਾਈ ਭਾਵੇਂ ਇੱਕੀਵੀਂ ਸਦੀ ਦੇ ਪੰਜਾਬ ਵਿੱਚ ਪੜ੍ਹੇ-ਲਿਖੇ ਲੋਕਾਂ ਨੂੰ ਅਜੀਬ ਲੱਗੇ ਪਰ ਹੈ ਤਲਖ਼ ਹਕੀਕਤ। ਨਹੀਂ ਤਾਂ ਸੰਗਰੂਰ ਜ਼ਿਲ੍ਹੇ ਦੇ ਪਿੰਡਾਂ 'ਚ ਲੜਾਈ ਕਿਉਂ ਹੁੰਦੀ, ਜੋ ਹੱਕ ਕਾਨੂੰਨ ਦਿੰਦਾ ਹੈ ਉਸ ਨੂੰ ਪ੍ਰਾਪਤ ਕਰਨ ਲਈ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀਆਂ ਕਿਉਂ ਬਣਦੀਆਂ ? ਦਲਿਤ ਸਿਰਫ਼ ਵੋਟ ਬੈਂਕ ਹਨ। ਚੋਣਾਂ ਮੌਕੇ ਉਨ੍ਹਾਂ ਨੂੰ ਅਸਮਾਨੀ ਵਾਅਦੇ ਕੀਤੇ ਜਾਂਦੇ ਹਨ। ਅਗਲੀ ਸਰਕਾਰ ਦੇ ਸਹੁੰ ਚੁੱਕਣ ਤੋਂ ਪਹਿਲਾਂ ਨਾ ਸਿਰਫ਼ ਇਹ ਵਾਅਦੇ ਭੁਲਾ ਦਿੱਤੇ ਜਾਂਦੇ ਹਨ ਬਲਕਿ ਪਹਿਲਾਂ ਦਿੱਤੇ ਲਾਭ ਵੀ ਵਾਪਸ ਲੈ ਲਏ ਜਾਂਦੇ ਹਨ। ਸਮਾਜਿਕ ਤੌਰ 'ਤੇ ਪਛੜੇ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੀ ਸਰਕਾਰ ਨੇ ਧਿਰ ਬਣ ਕੇ ਉਸ ਦੇ ਹੱਕਾਂ ਦੀ ਰੱਖਿਆ ਕਰਨੀ ਹੁੰਦੀ ਹੈ ਪਰ ਸਰਕਾਰ ਖ਼ੁਦ ਹੀ ਮਤਰੇਆ ਸਲੂਕ ਕਰਨਾ ਸ਼ੁਰੂ ਕਰ ਦੇਵੇ ਤਾਂ ਕੀ ਕੀਤਾ ਜਾਵੇ। ਦਲਿਤਾਂ ਦੇ ਹੱਕਾਂ ਦੀ ਰਾਖੀ ਲਈ 21 ਫਰਵਰੀ 2017 ਨੂੰ ਮਹਿਕਮੇ ਨੇ ਕੁਝ ਹਦਾਇਤਾਂ ਜਾਰੀ ਕੀਤੀਆਂ ਸਨ ਤਾਂ ਜੋ ਐਕਟ ਦਾ ਸਹੀ ਲਾਭ ਦਲਿਤਾਂ ਨੂੰ ਮਿਲ ਸਕੇ : ਪਹਿਲੀ ਹਦਾਇਤ ਇਹ ਸੀ ਕਿ ਇਕ ਤਿਹਾਈ ਪੰਚਾਇਤੀ ਜ਼ਮੀਨ ਦੀ ਬੋਲੀ ਅਲੱਗ ਸਥਾਨ, ਸਮੇਂ ਅਤੇ ਮਿਤੀ 'ਤੇ ਹੋਵੇਗੀ। ਦੂਸਰਾ-ਉਸ ਬੋਲੀ ਦੌਰਾਨ ਕੋਈ ਗ਼ੈਰ-ਦਲਿਤ ਹਾਜ਼ਰ ਨਹੀਂ ਹੋਵੇਗਾ। ਤੀਸਰਾ-ਉਸ ਬੋਲੀ ਵਿੱਚ ਉਹ ਦਲਿਤ ਵਿਅਕਤੀ ਜੋ ਕਿਸੇ ਜ਼ਿਮੀਂਦਾਰ ਨਾਲ ਸੀਰੀ ਦਾ ਕੰਮ ਕਰਦਾ ਹੈ, ਬੋਲੀ ਨਹੀਂ ਦੇ ਸਕਦਾ। ਚੌਥਾ-ਦਲਿਤ ਪਰਿਵਾਰ ਨੂੰ ਬੋਲੀ ਇਕ ਸਾਲ ਦੀ ਬਜਾਏ ਤਿੰਨ ਸਾਲ ਲਈ ਦਿੱਤੀ ਜਾ ਸਕਦੀ ਹੈ। ਪੰਜਵਾਂ-ਬੇਨਾਮੀ ਬੋਲੀ ਜੇਕਰ ਕਿਸੇ ਗ਼ੈਰ ਦਲਿਤ ਵੱਲੋਂ ਦਿੱਤੀ ਸਾਬਿਤ ਹੁੰਦੀ ਹੈ ਤਾਂ ਅਜਿਹੀ ਬੋਲੀ ਰੱਦ ਸਮਝੀ ਜਾਵੇਗੀ। ਬੋਲੀ ਦੀ ਰਕਮ ਜ਼ਬਤ ਕਰ ਲਈ ਜਾਵੇਗੀ। ਫ਼ਸਲ ਵੀ ਜ਼ਬਤ ਕੀਤੀ ਜਾਵੇਗੀ ਅਤੇ ਬੋਲੀ ਦੇਣ ਵਾਲੇ ਤੇ ਜ਼ਿੰਮੇਵਾਰ ਗ਼ੈਰ-ਦਲਿਤ 'ਤੇ ਪੰਜ ਸਾਲ ਲਈ ਪਾਬੰਦੀ ਲਾਈ ਜਾਵੇਗੀ। ਇਸ ਤਰ੍ਹਾਂ ਦੇ ਕੇਸਾਂ ਦੀ ਪੜਤਾਲ ਕੁਲੈਕਟਰ ਦੀ ਅਗਵਾਈ ਹੇਠ ਬਣੀ ਇਕ ਬਹੁ-ਮੈਂਬਰੀ ਕਮੇਟੀ ਕਰੇਗੀ। ਦਲਿਤਾਂ ਦੇ ਹੱਕਾਂ ਦੀ ਰਾਖੀ ਲਈ ਜ਼ਿਲ੍ਹਾ ਪੱਧਰ ਦਾ ਇਕ ਸੰਗਠਨ ਡੀਡੀਪੀਓ ਦੀ ਅਗਵਾਈ ਹੇਠ ਬਣਨਾ ਲਾਜ਼ਮੀ ਕੀਤਾ ਗਿਆ। ਇਨ੍ਹਾਂ ਹਦਾਇਤਾਂ ਦਾ ਇਸ਼ਤਿਹਾਰ ਵਿੱਚ ਛਪਣਾ ਵੀ ਲਾਜ਼ਮੀ ਕਰ ਦਿੱਤਾ ਗਿਆ ਤਾਂ ਜੋ ਆਮ ਜਨਤਾ ਨੂੰ ਕੋਈ ਸ਼ੱਕ ਨਾ ਰਹੇ। ਕੀ ਪਹਿਲੀ ਸਰਕਾਰ ਜ਼ਿੰਮੇਵਾਰ ਹੈ ਜਾਂ ਅਫ਼ਸਰਸ਼ਾਹੀ ? ਇਹ ਵੇਖਣਾ ਹੋਵੇਗਾ। ਦਲਿਤ ਸਿਆਸੀ ਲੋਕਾਂ 'ਚ ਆਪਣੇ ਵਰਗ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਦੀ ਭਾਵਨਾ ਨਜ਼ਰ ਨਹੀਂ ਆ ਰਹੀ। ਸ਼ਾਇਦ ਉਹ ਨਿੱਜੀ ਹਿੱਤਾਂ ਨੂੰ ਤਰਜੀਹ ਦਿੰਦੇ ਹਨ ਤੇ ਚੁੱਪ ਹਨ। ਬਾਬਾ ਸਾਹਿਬ ਅੰਬੇਡਕਰ ਦੇ ਸ਼ਬਦ ਕਿਸੇ ਪੈਗੰਬਰ ਤੋਂ ਘੱਟ ਨਹੀਂ ਜਾਪਦੇ, 'ਸੰਵਿਧਾਨ ਜਿੰਨਾ ਮਰਜ਼ੀ ਚੰਗਾ ਹੋਵੇ ਜੇ ਲਾਗੂ ਕਰਨ ਵਾਲੇ ਲੋਕ ਚੰਗੇ ਨਾ ਹੋਏ ਤਾਂ ਚੰਗਾ ਸੰਵਿਧਾਨ ਵੀ ਮਾੜਾ ਸਾਬਿਤ ਹੋਵੇਗਾ।'

(ਸਾਬਕਾ ਆਈਏਐੱਸ, ਸਾਬਕਾ ਡਾਇਰੈਕਟਰ ਪੰਚਾਇਤਾਂ ਪੰਜਾਬ)

# ਪਾਖੰਡੀ, ਰੰਗੀਨ ਅਤੇ ਅਪਰਾਧੀ ਡੇਰੇ ਕਪਟੀ ਤੇ ਠੱਗ ਸਿਆਸਤਦਾਨਾਂ ਦੀ ਉਪਜ

## ਆਸਾਰਾਮ, ਸੌਦਾ ਸਾਧ, ਰਾਮਪਾਲ, ਨਿਤਿਆਨੰਦ ਵਰਗੇ ਅਨੇਕਾਂ ਪਾਖੰਡੀ ਸਾਧ ਅਪਰਾਧਾਂ 'ਚ ਫਸੇ



ਪ੍ਰੋ. ਬਲਵਿੰਦਰ ਪਾਲ ਸਿੰਘ
9815700916



ਬਾਬਿਆਂ ਦੀਆਂ ਬਹੁਤੀਆਂ ਸ਼ਕਤੀਆਂ ਅਤੇ ਕਰਾਮਾਤਾਂ ਭਾਰਤ ਵਿੱਚ ਹੀ ਵਾਪਰਦੀਆਂ ਹਨ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਉਨ੍ਹਾਂ ਦੀਆਂ ਇੰਨੀਆਂ ਸ਼ਕਤੀਆਂ ਅਤੇ ਕਰਾਮਾਤਾਂ ਦੇ ਬਾਵਜੂਦ ਸੈਂਕੜੇ ਸਾਲਾਂ ਤੋਂ ਭਾਰਤ ਗੁਲਾਮ ਰਿਹਾ ਹੈ। ਭਾਰਤ ਗਰੀਬੀ, ਪ੍ਰਦੂਸ਼ਣ, ਅਨੁਸ਼ਾਸਨਹੀਣਤਾ, ਲਾਲਚ, ਭ੍ਰਿਸ਼ਟਾਚਾਰ, ਅੰਨ੍ਹੀ ਸ਼ਰਧਾ, ਫਿਰਕੂ ਹਿੰਸਾ, ਜਾਤੀਵਾਦ ਵਰਗੀਆਂ ਅਨੇਕਾਂ ਸਮੱਸਿਆਵਾਂ ਨਾਲ ਹੁਣ ਵੀ ਜੂਝ ਰਿਹਾ ਹੈ ਪਰ ਇਹ ਬਾਬੇ ਅੱਜ ਤੱਕ ਦੇਸ਼ ਤੇ ਲੋਕਾਂ ਦਾ ਭਲਾ ਨਹੀਂ ਕਰ ਸਕੇ। ਅਸਲੀਅਤ ਇਹ ਹੈ ਕਿ ਕਿਸੇ ਬਾਬੇ ਕੋਲ ਕੋਈ ਸ਼ਕਤੀ ਨਹੀਂ, ਕੋਈ ਚਮਤਕਾਰ ਨਹੀਂ ਹੈ। ਗੁਰੂ ਸਾਹਿਬਾਨ ਨੇ ਸਿੱਧ ਕੀਤਾ ਹੈ ਕਿ ਰੱਬੀ ਸੱਚ, ਕੁਦਰਤ ਅਤੇ ਬ੍ਰਹਿਮੰਡ ਦੇ ਅਮੁੱਕ, ਵਿਵੇਕ ਪੂਰਨ ਨਿਯਮਾਂ ਦੀ ਪਛਾਣ ਕਰਨਾ ਮਨੁੱਖ ਦਾ ਕਰਮ ਹੈ। ਪਰ ਭਾਰਤ ਦਾ ਮਨੁੱਖ ਅਗਿਆਨਤਾ, ਬੇਬਸੀ ਅਤੇ ਡਰ ਕਾਰਨ ਹੀ ਬਾਬਿਆਂ, ਜੋਤਸ਼ੀਆਂ, ਤਾਂਤਰਿਕਾਂ ਜਾਂ ਹੋਰ ਪਖੰਡੀ ਗੁਰੂਆਂ ਦੇ ਮਗਰ ਲਗਾ ਹੋਇਆ ਆਪਣੀ ਠੱਗੀ ਕਰਵਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਠੱਗ ਸਾਧਾਂ ਬਾਰੇ ਸਖਤ ਟਿੱਪਣੀ ਕੀਤੀ ਗਈ ਹੈ। ਭਗਤ ਕਬੀਰ ਜੀ ਕਹਿੰਦੇ ਹਨ ਕਿ ਉਨ੍ਹਾਂ ਨੂੰ ਅਜਿਹੇ ਸੰਤ ਚੰਗੇ ਨਹੀਂ ਲੱਗਦੇ ਜੋ ਮੂਲ ਨੂੰ ਟਹਿਣੀਆਂ ਸਮੇਤ ਖਾ ਜਾਣ ਅਰਥਾਤ ਜਿਹੜੇ ਮਾਇਆ ਦੇ ਲਾਲਚ ਕਾਰਨ ਮਨੁੱਖਾਂ ਨੂੰ ਜਾਨੋਂ ਮਾਰਨ ਤੋਂ ਵੀ ਗੁਰੇਜ ਨਹੀਂ ਕਰਦੇ। ਭਗਤ ਜੀ 'ਸੰਤ' ਕਹਾਉਣ ਵਾਲੇ ਲੋਕਾਂ ਦੇ ਪਾਖੰਡ ਦਾ ਪਰਦਾਫਾਸ਼ ਕਰਦੇ ਹਨ ਕਿ ਅਜਿਹੇ ਲੋਕ ਧਰਤੀ ਨੂੰ ਪੁੱਟ ਕੇ ਚੁੱਲ੍ਹੇ ਬਣਾਉਂਦੇ ਹਨ, ਭਾਂਡੇ ਮਾਂਜ ਕੇ, ਸੁੱਚੇ ਕਰਕੇ ਚੁੱਲ੍ਹੇ ਉਤੇ ਰੱਖਦੇ ਹਨ, ਹੋਰ ਤਾਂ ਹੋਰ ਏਨੀ ਸੁੱਚ ਵਿਖਾਉਂਦੇ ਹਨ ਕਿ ਚੁੱਲ੍ਹੇ ਵਿਚ ਲੱਕੜਾਂ ਵੀ ਧੋ ਕੇ ਬਾਲਦੇ ਹਨ, ਪਰ ਅੰਦਰੋਂ ਇਹ ਪੂਰੇ-ਸੂਰੇ ਮਨੁੱਖ ਨੂੰ ਖਾ ਜਾਣ ਵਾਲੇ ਹੁੰਦੇ ਹਨ। ਅਜਿਹੇ ਮੰਦੇ ਕਰਮ ਕਰਨ ਵਾਲੇ ਮਨੁੱਖ ਸਦਾ ਹੀ ਵਿਕਾਰਾਂ ਵਿਚ ਲਿਬੜੇ ਰਹਿੰਦੇ ਹਨ ਪਰ ਉਪਰੋਂ ਮੂੰਹੋਂ ਅਖਵਾਉਂਦੇ ਹਨ ਕਿ ਅਸੀਂ ਮਾਇਆ ਤੋਂ ਨਿਰਲੇਪ ਹਾਂ, ਮਾਇਆ ਨੂੰ ਹੱਥ ਤੱਕ ਨਹੀਂ ਲਾਉਂਦੇ। ਇਹ ਸਦਾ ਅਹੰਕਾਰ ਵਿੱਚ ਮਸਤ ਰਹਿੰਦੇ ਹਨ। ਇਹ ਆਪ ਤਾਂ ਵਿਕਾਰਾਂ ਵਿੱਚ ਡੁੱਬਦੇ ਹੀ ਹਨ, ਨਾਲ ਹੀ ਆਪਣੇ ਸਾਥੀਆਂ ਨੂੰ ਵੀ ਡੋਬਦੇ ਹਨ :-

ਗਜ ਸਾਢੇ ਤੈ ਤੈ ਧੋਤੀਆ
ਤਿਹਰੇ ਪਾਇਨਿ ਤਗ॥
ਗਲੀ ਜਿਨ੍ਹਾ ਜਪਮਾਲੀਆ
ਲੋਟੇ ਹਥਿ ਨਿਬਗ॥
ਓਇ ਹਰਿ ਕੇ ਸੰਤ ਨ ਆਖੀਅਹਿ
ਬਾਨਾਰਸਿ ਕੇ ਠਗ॥੧॥

ਭਗਤ ਕਬੀਰ ਬਨਾਰਸ ਦੇ ਜੰਮਪਲ ਹੋਣ ਕਰਕੇ ਬਨਾਰਸ ਵਿਚ ਜਾਂ ਇਸ ਦੇ ਆਸ-ਪਾਸ ਵਿਚਰਦੇ ਰਹੇ। ਬਨਾਰਸ ਹਿੰਦੂਆਂ ਦਾ ਵੱਡਾ ਧਾਰਮਿਕ ਸਥਾਨ ਹੈ ਜਿੱਥੇ ਧਾਰਮਿਕ ਕਹਾਉਣ ਵਾਲੇ ਲੋਕ ਬਹੁ-ਗਿਣਤੀ ਵਿਚ ਵਿਚਰਦੇ ਜਾਂ ਰਹਿੰਦੇ ਸਨ। ਉਸ ਵੇਲੇ ਵੀ ਧਰਮ ਦੇ ਨਾਂ 'ਤੇ ਅਨੇਕਾਂ ਠੱਗੀਆਂ ਮਾਰੀਆਂ ਜਾਂਦੀਆਂ ਸਨ, ਖਾਸ ਕਰਕੇ ਬਨਾਰਸ ਸ਼ਹਿਰ ਧਰਮ ਦੀ ਆੜ ਹੇਠ ਠੱਗੀ ਮਾਰੇ ਜਾਣ ਲਈ ਬਹੁਤ ਮਸ਼ਹੂਰ ਸੀ। ਇਸੇ ਲਈ ਧਰਮ ਦੇ ਨਾਂ 'ਤੇ ਠੱਗੀ ਮਾਰਨ ਵਾਲਿਆਂ ਲਈ ਆਮ ਮੁਹਾਵਰਾ 'ਬਨਾਰਸ ਦੇ ਠੱਗ' ਪ੍ਰਚਲਿਤ ਹੋ ਗਿਆ। ਅੱਜ ਵੀ ਅਜਿਹਾ ਬਹੁਤ ਕੁਝ ਧਰਮ ਦੀ ਆੜ ਹੇਠ ਹੋ ਰਿਹਾ ਹੈ।

ਅੰਧ ਵਿਸ਼ਵਾਸੀ ਲੋਕਾਂ ਨੇ ਅਜਿਹਾ ਮਾਹੌਲ ਬਣਾ ਦਿੱਤਾ ਹੈ ਕਿ ਬਾਬਿਆਂ ਦੇ ਸਾਰੇ ਨੁਕਸ ਛੁਪਾਏ ਜਾ ਰਹੇ ਹਨ। ਬਾਬੇ ਦੇ ਆਲੇ ਦੁਆਲੇ ਦਸ-ਵੀਹ ਚੇਲੇ ਤੇ ਚੇਲੀਆਂ ਸੇਵਾ ਵਿੱਚ ਹਾਜ਼ਰ ਹਨ। ਸਿਆਸਤਦਾਨ ਆਪਣੀਆਂ ਵੋਟਾਂ ਦੀ ਖਾਤਰ ਇਨ੍ਹਾਂ ਪਖੰਡੀ ਬਾਬਿਆਂ ਦੀ ਪ੍ਰਕਰਮਾ ਕਰ ਰਹੇ ਹਨ। ਜਿੱਥੇ ਇਨ੍ਹਾਂ ਪ੍ਰਵਚਨਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ, ਉੱਥੇ ਫੁੱਲਾਂ ਨਾਲ ਸ਼ਾਨਦਾਰ ਸਜਾਵਟ ਕੀਤੀ ਜਾਂਦੀ ਹੈ। ਬਾਬਾ ਸ਼ਾਹੀ ਗੱਦੀ ਜਾਂ ਸ਼ਾਹੀ ਕੁਰਸੀ ਉਪਰ ਬਿਰਾਜਮਾਨ ਰਹਿੰਦਾ ਹੈ। 'ਪ੍ਰਵਾਚਨ' ਸੈੱਟ 'ਤੇ ਪੰਜ ਤਾਰਾ ਸਹੂਲਤਾਂ ਹਨ। ਜਨਤਾ ਬਾਬੇ ਦੀ ਭਗਤੀ ਰਸ ਵਿੱਚ ਲੀਨ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਅਜਿਹਾ ਕਰਕੇ ਉਹ ਪਾਪ ਬਖਸ਼ਾ ਰਹੇ ਹਨ ਤੇ ਸਵਰਗ ਦੀ ਟਿਕਟ ਪੱਕੀ ਕਰ ਰਹੇ ਹਨ। ਬਾਬਾ ਹਰ ਮੁਸੀਬਤ ਅਤੇ ਦੁੱਖ ਦਾ ਇਲਾਜ ਦੱਸ ਰਿਹਾ ਹੈ, ਫਲਾਣੇ ਦਿਨ ਨੇੜੇ ਦੇ ਮੰਦਰ ਵਿੱਚ ਜਾਵੋ, ਫਲਾਣੇ ਰੰਗ ਦੇ ਕੱਪੜੇ ਪਾਓ, ਫਲਾਣੇ ਦਾਣੇ ਖਾਓ, ਚੜ੍ਹਾਵਾ ਚੜ੍ਹਾਓ, ਸਾਰੇ ਦੁੱਖ ਦੂਰ ਹੋ ਜਾਣਗੇ। ਅਕਲ ਤੇ ਵਿਵੇਕ ਨੂੰ ਤਾਲਾ ਲਗਾ ਕੇ ਸ਼ਰਧਾਲੂ ਪੂਰੀ ਸ਼ਰਧਾ ਨਾਲ ਸਾਧ ਦੇ ਹੁਕਮ ਦੀ ਪਾਲਣਾ ਕਰ ਰਹੇ ਹਨ। ਗੱਦੀ 'ਤੇ ਬੈਠਾ ਬਾਬਾ ਖ਼ੁਸ਼ੀ ਨਾਲ ਧਨ ਕਮਾ ਰਿਹਾ ਹੈ, ਇਸਤਰੀਆਂ ਦਾ ਸ਼ੋਸ਼ਣ ਕਰ ਰਿਹਾ ਹੈ। ਇਨ੍ਹਾਂ ਅੰਧ ਸ਼ਰਧਾਲੂਆਂ ਦੀ ਕ੍ਰਿਪਾ ਕਰਕੇ ਇਨ੍ਹਾਂ ਪਾਖੰਡੀ ਬਾਬਿਆਂ ਕੋਲ ਘੁੰਮਣ ਲਈ ਲੰਬੀ ਕਾਰ ਹੈ ਅਤੇ ਏ-ਗ੍ਰੇਡ ਬਾਬਾ ਹੋਵੇ ਤਾਂ ਉਸ ਕੋਲ ਹੈਲੀਕਾਪਟਰ ਵੀ ਹੈ। ਇਨ੍ਹਾਂ ਪਾਖੰਡੀ ਬਾਬਿਆਂ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਰੱਬ ਨਾਲ ਸਿੱਧਾ ਸਬੰਧ ਹੈ ।ਜੇਕਰ ਇਹ ਸੱਚ ਹੈ ਤਾਂ ਇਹ ਡਰ ਕਿਸ ਤੋਂ ਰਹੇ ਹਨ। ਇਨ੍ਹਾਂ ਸਰਕਾਰੀ ਜ਼ੈੱਡ ਪਲੱਸ ਸੁਰੱਖਿਆ ਦੀ ਲੋੜ ਕਿਉਂ ਹੈ ? ਇਨ੍ਹਾਂ ਨੇ ਫਾਈਵ ਸਟਾਰ ਸਹੂਲਤਾਂ ਵਾਲੇ ਆਸ਼ਰਮ ਤੇ ਡੇਰੇ ਇਸ ਤਰ੍ਹਾਂ ਦੇ ਬਣਾਏ ਹੋਏ ਹਨ ਕਿ ਮਰ ਚੁੱਕੇ ਸ਼ਹਿਨਸ਼ਾਹ ਵੀ ਸ਼ਰਮ ਨਾਲ ਜ਼ਮੀਨ ਵਿੱਚ ਦੱਬ ਜਾਣ। ਅਜੋਕੇ ਅਖੌਤੀ ਸਾਧੂਆਂ ਦਾ ਨਾ ਤਾਂ ਕੋਈ ਕਿਰਦਾਰ ਹੈ ਅਤੇ ਨਾ ਹੀ ਕੋਈ ਸਮਾਜ ਨੂੰ ਦੇਣ। ਹਰ ਰੋਜ਼ ਇਨ੍ਹਾਂ ਦੇ ਕਾਲੇ ਕਾਰਨਾਮਿਆਂ ਦਾ ਖੁਲਾਸਾ ਹੁੰਦਾ ਹੈ। ਇਸ ਦੇ ਬਾਵਜੂਦ ਅੰਧ ਸ਼ਰਧਾਲੂਆਂ ਦੀ ਇਨ੍ਹਾਂ ਪਖੰਡੀ ਸਾਧਾਂ ਪ੍ਰਤੀ ਸ਼ਰਧਾ ਰਹਿੰਦੀ ਹੈ।

ਬਲਾਤਕਾਰ ਦੇ ਇੱਕ ਮਾਮਲੇ ਵਿੱਚ ਸੀਬੀਆਈ ਅਦਾਲਤ ਵੱਲੋਂ 10 ਸਾਲ ਦੀ ਸਜ਼ਾ ਪਾਉਣ ਵਾਲੇ ਸੌਦਾ ਸਾਧ ਪੈਰੋਲ 'ਤੇ ਹਨ। ਇਹ ਹਰਿਆਣਾ ਸਰਕਾਰ ਦੀ ਮਿਹਰਬਾਨੀ ਹੈ। 25 ਅਗਸਤ 2017 ਨੂੰ ਵਿਸ਼ੇਸ਼ ਅਦਾਲਤ ਨੇ ਸੌਦਾ ਸਾਧ ਨੂੰ 2002 ਦੇ ਇੱਕ ਕੇਸ ਵਿੱਚ ਦੋ ਔਰਤਾਂ ਨਾਲ ਬਲਾਤਕਾਰ ਕਰਨ ਦਾ ਦੋਸ਼ੀ ਪਾਇਆ ਸੀ। ਸਜ਼ਾ 28 ਅਗਸਤ ਨੂੰ ਸੁਣਾਈ ਗਈ ਸੀ। ਇਸ ਮਾਮਲੇ ਵਿੱਚ ਸੌਦਾ ਸਾਧ ਨੂੰ 20 ਸਾਲ ਦੀ ਸਖ਼ਤ ਕੈਦ ਅਤੇ 65 ਲੱਖ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ ਗਈ ਸੀ ਅਤੇ 11 ਜਨਵਰੀ 2019 ਨੂੰ ਪੱਤਰਕਾਰ ਰਾਮਚੰਦਰ ਛਤਰਪਤੀ ਕਤਲ ਕੇਸ ਵਿੱਚ ਸੌਦਾ ਸਾਧ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਸੀ ਅਤੇ 17 ਜਨਵਰੀ 2019 ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਸੌਦਾ ਸਾਧ ਦੇ ਸਮਰਥਕਾਂ ਨੇ ਰਾਜ ਭਰ ਵਿੱਚ ਹਿੰਸਕ ਪ੍ਰਦਰਸ਼ਨ ਕੀਤੇ। ਇਸ ਦੌਰਾਨ ਘੱਟੋ-ਘੱਟ 38 ਲੋਕਾਂ ਦੀ ਮੌਤ ਹੋ ਗਈ ਸੀ ਜਦਕਿ ਸੈਂਕੜੇ ਲੋਕ ਜ਼ਖਮੀ ਹੋ ਗਏ ਸਨ। ਕਰੋੜਾਂ ਰੁਪਏ ਦੀ ਜਾਇਦਾਦ ਦਾ ਵੀ ਨੁਕਸਾਨ ਹੋਇਆ ਸੀ। ਇਸ ਤੋਂ ਬਾਅਦ ਅਦਾਲਤ ਵੱਲੋਂ ਫਟਕਾਰ ਲੱਗਣ ਤੋਂ ਬਾਅਦ ਸਰਕਾਰ ਹਰਕਤ ਵਿੱਚ ਆਈ ਸੀ ਅਤੇ ਫੌਜ ਨੇ ਸੌਦਾ ਡੇਰੇ ਨੂੰ ਘੇਰ ਕੇ ਤਲਾਸ਼ੀ ਲਈ ਸੀ। ਪਰ ਤਲਾਸ਼ੀ ਦੌਰਾਨ ਕੀ ਨਿਕਲਿਆ, ਇਹ ਅਜੇ ਤਕ ਭੇਦ



ਬਣਿਆ ਹੋਇਆ ਹੈ। ਡੇਰਾ ਸੌਦਾ ਮੁਖੀ ਨੂੰ ਬਲਾਤਕਾਰ ਦੇ ਦੋਸ਼ਾਂ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਡੇਰਿਆਂ ਦੀਆਂ ਗਤੀਵਿਧੀਆਂ ਵੱਲ ਧਿਆਨ ਦੇਣ ਦੀ ਲੋੜ ਸੀ, ਕਿਉਂਕਿ ਇਸ ਡੇਰੇ ਦੀਆਂ ਹਰਕਤਾਂ ਸਮਾਜ ਵਿਰੋਧੀ ਸਨ। ਪਰ ਹਰਿਆਣਾ ਸਰਕਾਰ ਇਸ ਨੂੰ ਵਾਰ ਵਾਰ ਪੈਰੋਲ ਦੇ ਰਹੀ ਹੈ ਤਾਂ ਜੋ ਭਾਜਪਾ ਦਾ ਵੋਟ ਬੈਂਕ ਮਜਬੂਤ ਕੀਤਾ ਜਾ ਸਕੇ। ਸੌਦਾ ਸਾਧ ਇਸ ਵੇਲੇ ਇੱਕ ਹੋਰ ਕਤਲ ਕੇਸ ਦਾ ਸਾਹਮਣਾ ਕਰ ਰਿਹਾ ਹੈ। ਇਸ ਮਾਮਲੇ ਵਿੱਚ ਅਗਲੇ ਮਹੀਨੇ ਫੈਸਲਾ ਸੁਣਾਏ ਜਾਣ ਦੀ ਉਮੀਦ ਹੈ।

ਇਨ੍ਹਾਂ ਪਾਖੰਡੀ ਡੇਰਿਆਂ ਦਾ ਮੁੱਖ ਆਧਾਰ ਅੰਧਵਿਸ਼ਵਾਸ, ਰਾਜਨੀਤੀ ਅਤੇ ਅਪਰਾਧ ਹੈ। 25 ਅਗਸਤ ਤੋਂ ਲੈ ਕੇ ਹੁਣ ਤੱਕ ਜੋ ਕੁਝ ਵਾਪਰਿਆ ਹੈ, ਉਸ ਨੂੰ ਦੇਖਦਿਆਂ ਹਰ ਨਾਗਰਿਕ ਦੇ ਮਨ ਵਿੱਚ ਇੱਕ ਹੀ ਸਵਾਲ ਹੈ ਅਤੇ ਉਹ ਇਹ ਹੈ ਕਿ ਉਹ ਕਿਹੜੇ ਕਾਰਨ ਹਨ ਜੋ ਇੱਕ ਅਪਰਾਧੀ ਸਾਧ ਨੂੰ ਕਰੋੜਾਂ ਲੋਕਾਂ ਦੀ ਸ਼ਰਧਾ ਦਾ ਕੇਂਦਰ, ਬੇਅੰਤ ਦੌਲਤ ਅਤੇ ਸਿਆਸੀ ਤਾਕਤ ਦਾ ਮਾਲਕ ਬਣਾਉਂਦੇ ਹਨ। ਪਿਛਲੇ ਸਾਲ ਹੀ ਹਰਿਆਣਾ ਦੇ ਇੱਕ ਮੰਤਰੀ ਨੇ ਡੇਰਾ ਸੱਚਾ ਸੌਦਾ ਨੂੰ ਗਿਆਰਾਂ ਲੱਖ ਰੁਪਏ ਸਰਕਾਰੀ ਫੰਡ ਯਾਨੀ ਜਨਤਾ ਦੇ ਪੈਸੇ ਵਿੱਚੋਂ ਦਿੱਤੇ ਸਨ। ਸੌਦਾ ਸਾਧ ਨੂੰ ਸਰਕਾਰ ਵੱਲੋਂ ਜ਼ੈੱਡ ਪਲੱਸ ਸੁਰੱਖਿਆ ਵੀ ਦਿੱਤੀ ਗਈ ਸੀ । ਭਾਜਪਾ ਸਰਕਾਰ ਵਲੋਂ ਇਸ ਬਲਾਤਕਾਰੀ ਸਾਧ ਦੀ ਪ੍ਰਸ਼ੰਸਾ ਕੀਤੀ ਗਈ ਸੀ। ਕਾਂਗਰਸ ਵੀ ਇਸ ਡੇਰੇ ਦਾ ਸਹਾਰਾ ਲੈ ਰਹੀ ਹੈ। ਜ਼ਾਹਿਰ ਹੈ ਕਿ ਉਸ ਦੇ ਸਮਰਥਨ ਨਾਲ ਸੱਤਾ ਵਿਚ ਆਉਣ ਵਾਲੀ ਪਾਰਟੀ ਉਸ ਦੀ ਰਿਣੀ ਰਹੇਗੀ ਅਤੇ ਡੇਰੇ ਦੇ ਮੁਖੀ ਨੂੰ ਸਰਕਾਰ ਅਤੇ ਪ੍ਰਸ਼ਾਸਨ ਤੋਂ ਸੁਰੱਖਿਆ ਹੀ ਮਿਲੇਗੀ। ਪਿਛਲੇ ਕਈ ਦਹਾਕਿਆਂ ਤੋਂ ਅਜਿਹਾ ਹੁੰਦਾ ਆ ਰਿਹਾ ਹੈ।

ਹਰਿਆਣਾ ਵਿੱਚ ਅਜਿਹਾ ਹੀ ਇੱਕ ਬਾਬਾ ਰਾਮਪਾਲ ਹੈ। ਉਹ ਵੀ ਜੇਲ੍ਹ ਵਿੱਚ ਹੈ। ਨਵੰਬਰ 2014 ਵਿੱਚ, ਸਵੈ-ਸਟਾਇਲ ਰਾਮਪਾਲ ਦੇ ਸਤਲੋਕ ਆਸ਼ਰਮ ਤੋਂ ਨਕਦੀ, ਹਥਿਆਰ, ਬੁਲੇਟਪਰੂਫ ਜੈਕਟ ਅਤੇ ਕਮਾਂਡੋ ਕੱਪੜੇ ਬਰਾਮਦ ਕੀਤੇ ਗਏ ਸਨ। ਹਰਿਆਣਾ ਸਰਕਾਰ ਦੇ ਸਿੰਚਾਈ ਵਿਭਾਗ ਵਿਚ ਜੇ.ਈ ਦੇ ਅਹੁਦੇ 'ਤੇ ਰਹੇ ਰਾਮਪਾਲ ਨੇ ਸੰਤ ਬਣ ਕੇ ਲੋਕਾਂ ਦੀਆਂ ਅੱਖਾਂ 'ਤੇ ਝੂਠ ਦਾ ਅਜਿਹਾ ਪਰਦਾ ਪਾ ਦਿੱਤਾ ਸੀ ਕਿ ਲੋਕ ਉਸ ਨੂੰ ਭਗਵਾਨ ਦਾ ਅਵਤਾਰ ਮੰਨਣ ਲੱਗ ਪਏ ਸਨ।

ਮੁੰਬਈ ਦੇ ਇਕ ਆਲੀਸ਼ਾਨ ਆਸ਼ਰਮ ਵਿਚ ਰਹਿਣ ਵਾਲੀ ਰਾਧੇ ਮਾਂ ਦੇ ਸਾਹਮਣੇ ਸਮਾਜ ਦੇ ਅਮੀਰ ਲੋਕਾਂ ਤੋਂ ਲੈ ਕੇ ਬਾਲੀਵੁੱਡ ਸਿਤਾਰਿਆਂ ਦੀ ਆਮਦ ਹੁੰਦੀ ਹੈ, ਪਰ ਆਸਥਾ ਦੇ ਪਿੱਛੇ ਦੀ ਸੱਚਾਈ ਕੀ ਹੈ, ਇਹ ਕੋਈ ਨਹੀਂ ਜਾਣਦਾ। ਸਾਰੇ ਸਵਾਲਾਂ ਤੋਂ ਬਾਅਦ ਵੀ ਰਾਧੇ ਮਾਂ ਦੇ ਦਰਬਾਰ ਸਜਾਉਣ ਦਾ ਸਿਲਸਿਲਾ ਰੁਕਿਆ ਨਹੀਂ। ਉਸ ਦੀ ਸ਼ਰਧਾ ਵਿੱਚ ਫਿਲਮੀ ਗੀਤ ਗਾਏ ਜਾਂਦੇ ਹਨ। ਜਦੋਂ ਉਹ ਧੂਮ-ਧੜੱਕੇ ਨਾਲ ਨੱਚਣ ਲੱਗਦੀ ਹੈ ਤਾਂ ਸਾਰੇ ਸ਼ਰਧਾਲੂ ਮੰਤਰ ਮੁਗਧ ਹੋ ਜਾਂਦੇ ਹਨ। ਜਦੋਂ ਰਾਧੇ ਮਾਂ ਕਿਸੇ ਸ਼ਰਧਾਲੂ ਤੋਂ ਬਹੁਤ ਖ਼ੁਸ਼ ਹੋ ਜਾਂਦੀ ਹੈ, ਤਾਂ ਉਹ ਨੱਚਦੇ ਹੋਏ ਉਸਦੀ ਗੋਦੀ ਵਿੱਚ ਛਾਲਾਂ ਮਾਰਦੀ ਹੈ। ਅਜਿਹਾ ਸ਼ਰਧਾਲੂਆਂ ਵਲੋਂ ਮੰਨਿਆ ਜਾਂਦਾ ਹੈ ਕਿ ਜਿਸ ਸ਼ਰਧਾਲੂ ਦੀ ਗੋਦ ਵਿੱਚ ਮਾਂ ਨੇ ਛਾਲ ਮਾਰੀ ਹੈ, ਉਹ ਬਹੁਤ ਖੁਸ਼ਕਿਸਮਤ ਹੁੰਦਾ ਹੈ ਅਤੇ ਉਸ ਦੀਆਂ ਸਾਰੀਆਂ ਮਨੋਕਾਮਨਾਵਾਂ ਤੁਰੰਤ ਪੂਰੀਆਂ ਹੁੰਦੀਆਂ ਹਨ। ਪੰਜਾਬ ਦੀ ਰਹਿਣ ਵਾਲੀ ਰਾਧੇ ਮਾਂ ਨੂੰ ਅਗਸਤ 2015 ਵਿੱਚ ਮੁੰਬਈ ਵਿਖੇ ਮਾਮਲਾ ਦਰਜ ਹੋਣ ਤੋਂ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਮੁੰਬਈ ਦੀ ਇੱਕ ਔਰਤ ਨੇ ਦੋਸ਼ ਲਾਇਆ ਹੈ ਕਿ ਰਾਧੇ ਮਾਂ ਦਾਜ ਲਈ ਉਸ ਨੂੰ ਮਾਨਸਿਕ-ਸਰੀਰਕ ਤੌਰ 'ਤੇ ਤੰਗ ਕਰਦੀ ਸੀ। ਉਸ ਦੇ ਚੇਲਿਆਂ ਨੇ ਉਸ ਦੀ ਕੁੱਟਮਾਰ ਕੀਤੀ ਸੀ। ਉਸ ਦੇ ਕਹਿਣ 'ਤੇ ਉਸ ਦੇ ਸਹੁਰਿਆਂ ਨੇ ਉਸ ਨੂੰ ਘਰੋਂ ਕੱਢ ਦਿੱਤਾ ਸੀ। ਪੀੜਤਾ ਮੁਤਾਬਕ ਉਸ ਦਾ ਵਿਆਹ 2012 ਦੌਰਾਨ ਮੁੰਬਈ ਵਿਖੇ ਹੋਇਆ ਸੀ।

ਆਸਾਰਾਮ ਬਾਪੂ ਦੇ ਕਾਰਨਾਮਿਆਂ ਤੋਂ ਹਰ ਕੋਈ ਜਾਣੂ ਹੈ। ਉਸ ਨੇ ਆਪਣੇ ਗੁਰੂਕੁਲ ਵਿੱਚ ਪੜ੍ਹਦੀ ਇੱਕ ਨਾਬਾਲਿਗ ਬੱਚੀ ਨਾਲ ਯੋਜਨਾਬੱਧ ਢੰਗ ਨਾਲ ਬਲਾਤਕਾਰ ਕੀਤਾ ਸੀ। ਹੁਣ ਜੋਧਪੁਰ ਦੀ ਜੇਲ੍ਹ ਵਿੱਚ ਹੈ। ਭਾਰਤ ਭਰ ਵਿੱਚ ਅਹਿਮਦਾਬਾਦ, ਸੂਰਤ, ਇੰਦੌਰ ਦਿੱਲੀ ਅਤੇ ਜੋਧਪੁਰ ਵਿਖੇ ਸਾਧ ਆਸਾ ਰਾਮ ਦੇ ਕਈ ਆਸ਼ਰਮ ਹਨ। ਅਜਿਹੀਆਂ ਖਬਰਾਂ ਵੀ ਆਈਆਂ ਸਨ ਕਿ ਕਈ ਬਾਬਿਆਂ ਨੇ ਲੋਕਾਂ ਦੀ ਜ਼ਮੀਨ 'ਤੇ ਕਬਜ਼ਾ ਕੀਤਾ ਹੋਇਆ ਹੈ, ਉਥੇ ਨਾਜਾਇਜ਼ ਤੌਰ 'ਤੇ ਆਸ਼ਰਮ ਬਣਾ ਲਏ ਹਨ। ਜਦ ਸਰਕਾਰ ਤੇ ਪ੍ਰਸ਼ਾਸਨ ਸਾਧ ਦੀ ਪ੍ਰਕਰਮਾ ਕਰ ਰਿਹਾ ਹੈ ਤਾਂ ਆਮ ਲੋਕਾਂ ਨੂੰ ਕੌਣ ਇਨਸਾਫ ਦੇਵੇਗਾ।

ਬੰਗਲੌਰ ਦੇ ਪਰਮਹੰਸ ਨਿਤਿਆਨੰਦ ਦੀ ਕਥਿਤ ਸੈਕਸ ਵੀਡੀਓ ਨੇ 2010 ਵਿੱਚ ਸਨਸਨੀ ਮਚਾ ਦਿੱਤੀ ਸੀ। ਇਸ ਤੋਂ ਬਾਅਦ ਨਿਤਿਆਨੰਦ ਸੁਰਖੀਆਂ ਵਿਚ ਆਇਆ। ਉਹ ਦੁਨੀਆ ਦੇ ਕਈ ਦੇਸ਼ਾਂ ਵਿੱਚ ਨਿਤਿਆਨੰਦ ਧਿਆਨਪੀਠ ਚਲਾਉਂਦਾ ਹੈ। ਦੱਖਣੀ ਭਾਰਤ ਦੇ ਇੱਕ ਟੈਲੀਵਿਜ਼ਨ ਚੈਨਲ ਨੇ ਇਸ ਵੀਡੀਓ ਨੂੰ ਪ੍ਰਸਾਰਿਤ ਕੀਤਾ ਸੀ ਜਿਸ ਵਿੱਚ ਇੱਕ ਸਾਧੂ ਦੀ ਤਰ੍ਹਾਂ ਦਿਖਾਈ ਦੇਣ ਵਾਲੇ ਇੱਕ ਵਿਅਕਤੀ ਨੂੰ ਦੋ ਔਰਤਾਂ ਨਾਲ ਅਸ਼ਲੀਲ ਸਥਿਤੀ ਵਿੱਚ ਦਿਖਾਇਆ ਗਿਆ ਸੀ। ਇਸ ਤੋਂ ਬਾਅਦ ਸਥਾਨਕ ਲੋਕਾਂ ਨੇ ਨਿਤਿਆਨੰਦ ਧਿਆਨਪੀਠ 'ਤੇ ਹਮਲਾ ਕਰ ਕੇ ਭੰਨਤੋੜ ਕੀਤੀ। ਕਾਂਚੀ ਕਾਮਾਕੋਟੀ ਪੀਠ ਦੇ ਸ਼ੰਕਰਾਚਾਰੀਆ ਜੈਂਦਰ ਸਰਸਵਤੀ ਨੂੰ ਨਵੰਬਰ 2004 ਵਿੱਚ ਇੱਕ ਕਤਲ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਅੱਠ ਸਾਲ ਬਾਅਦ ਵੀ ਇਹ ਕੇਸ ਪੁਡੂਚੇਰੀ ਦੀ ਅਦਾਲਤ ਵਿੱਚ ਚੱਲ ਰਿਹਾ ਹੈ। ਕੇਰਲ ਦੇ ਰਹਿਣ ਵਾਲੇ ਅੰਮ੍ਰਿਤ ਚੈਤੰਨਿਆ ਉਰਫ਼ ਸੰਤੋਸ਼ ਮਾਧਵਨ ਨੂੰ 2009 ਵਿੱਚ ਇੱਕ ਅਦਾਲਤ ਨੇ ਨਾਬਾਲਗ ਕੁੜੀਆਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਮਾਮਲੇ ਵਿੱਚ 16 ਸਾਲ ਦੀ ਸਜ਼ਾ ਸੁਣਾਈ ਸੀ।

ਸੁੰਦਰ ਕਮਾਂਡੋ ਬੀਬੀਆਂ ਦੀ ਸੁਰੱਖਿਆ ਹੇਠ ਚੱਲਣ ਵਾਲੇ ਸੰਤ ਗਿਆਨੇਸ਼ਵਰ ਨੇ ਬਾਰਾਬੰਕੀ ਤੋਂ ਲੈ ਕੇ ਇਲਾਹਾਬਾਦ ਤੱਕ ਆਪਣਾ ਸਾਮਰਾਜ ਫੈਲਾਇਆ ਹੋਇਆ ਸੀ। ਕਈ ਵੀ.ਆਈ.ਪੀਜ਼ ਉਨ੍ਹਾਂ ਦੇ ਆਸ਼ਰਮ ਵਿੱਚ ਆਉਂਦੇ ਸਨ। ਸੰਤ ਗਿਆਨੇਸ਼ਵਰ 'ਤੇ ਦੋਸ਼ ਸੀ ਕਿ ਉਹ ਆਸ਼ਰਮ ਵਿੱਚ ਰਹਿਣ ਵਾਲੀਆਂ ਲੜਕੀਆਂ ਨੂੰ ਆਪਣੇ ਆਸ਼ਰਮ 'ਚ ਆਉਣ ਵਾਲੇ ਮਹਿਮਾਨਾਂ ਦੇ ਸਾਹਮਣੇ ਪੇਸ਼ ਕਰਦਾ ਸੀ। ਜਦੋਂ ਛਾਪੇਮਾਰੀ ਕੀਤੀ ਗਈ ਤਾਂ ਉਸ ਦੇ ਆਸ਼ਰਮ ਵਿਚੋਂ ਪੁਲਿਸ ਨੂੰ ਕਈ ਆਧੁਨਿਕ ਹਥਿਆਰ ਵੀ ਬਰਾਮਦ ਹੋਏ। ਭਾਜਪਾ ਦੀ ਟਿਕਟ 'ਤੇ ਦੋ ਵਾਰ ਸੰਸਦ ਮੈਂਬਰ ਰਹੇ ਸਚਿਦਾਨੰਦ ਹਰੀ ਉਰਫ ਸਾਕਸ਼ੀ ਮਹਾਰਾਜ 'ਤੇ ਸਮੇਂ-ਸਮੇਂ 'ਤੇ ਜ਼ਮੀਨ ਹੜੱਪਣ ਅਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲੱਗਦੇ ਰਹੇ ਹਨ। 27 ਮਾਰਚ 2009 ਨੂੰ ਜਦੋਂ ਸਾਕਸ਼ੀ ਮਹਾਰਾਜ ਦੇ ਆਸ਼ਰਮ ਵਿਚੋਂ 24 ਸਾਲਾ ਲੜਕੀ ਲਕਸ਼ਮੀ ਦੀ ਲਾਸ਼ ਬਰਾਮਦ ਹੋਈ ਤਾਂ ਹਲਚਲ ਮਚ ਗਈ ਸੀ।

ਲੋਕਾਂ ਦੀ ਅੰਨ੍ਹੀ ਸ਼ਰਧਾ ਭਾਰਤ ਵਿੱਚ ਪਖੰਡੀ ਸਾਧਾਂ ਨੂੰ ਰੱਬ ਬਣਾਉਣ ਵਿੱਚ ਹੀ ਭੂਮਿਕਾ ਨਿਭਾਉਂਦੀ ਹੈ ਅਤੇ ਇਨ੍ਹਾਂ ਸਾਧਾਂ ਦੇ ਹੁਕਮ ਅਨੁਸਾਰ ਸਿਆਸਤਦਾਨਾਂ ਦਾ ਵੋਟ ਬੈਂਕ ਬਣਦੀ ਹੈ। ਆਪਣੇ ਭਲੇ ਵਿਚ ਰੁੱਝਿਆ ਹੋਇਆ ਬਾਬਾ ਸਮਾਜ ਦਾ ਭਲਾ ਕਿਵੇਂ ਕਰ ਸਕਦਾ ਹੈ ? ਉਹ ਦੂਸਰਿਆਂ ਨੂੰ ਕੀ ਨੈਤਿਕਤਾ ਦੇ ਸਕਦਾ ਹੈ ਜੋ ਖ਼ੁਦ ਲਾਲਚ 'ਤੇ ਕਾਬੂ ਨਹੀਂ ਪਾ ਸਕਦਾ ? ਜੋ ਆਮ ਆਦਮੀ ਅਤੇ ਖਾਸ ਆਦਮੀ ਵਿੱਚ ਫਰਕ ਕਰਦਾ ਹੈ, ਉਹ ਭੇਦ ਕਿਵੇਂ ਦੂਰ ਕਰੇਗਾ ? ਇਸ ਨੂੰ ਸਮਝਣ ਦੀ ਲੋੜ ਹੈ। ਸਮਾਜ ਵਿੱਚ ਅਜਿਹੇ ਪਾਖੰਡੀਆਂ ਦੀ ਗਿਣਤੀ ਹਜ਼ਾਰਾਂ ਵਿੱਚ ਹੈ, ਜਿਨ੍ਹਾਂ ਦੇ ਕਾਲੇ ਕਾਰਨਾਮਿਆਂ ਦਾ ਪਰਦਾਫਾਸ਼ ਹਰ ਸਮੇਂ ਹੁੰਦਾ ਹੈ, ਪਰ ਫਿਰ ਵੀ ਲੋਕਾਂ ਦਾ ਇਨ੍ਹਾਂ ਤੋਂ ਮੋਹ ਭੰਗ ਨਹੀਂ ਹੁੰਦਾ। ਉਨ੍ਹਾਂ ਦੇ ਚੁੰਗਲ ਵਿੱਚ ਫਸਦੇ ਰਹਿੰਦੇ ਹਨ। ਇਸ ਦਾ ਲਾਹਾ ਲੈਂਦਿਆਂ ਵੱਡੀ ਗਿਣਤੀ ਵਿੱਚ ਪਾਖੰਡੀ ਸਾਧ ਕੈਂਸਰ ਦੀ ਤਰ੍ਹਾਂ ਫੈਲਦੇ ਜਾ ਰਹੇ ਹਨ। ਸਾਡਾ ਅਵਚੇਤਨ ਮਨ ਸਾਡੇ ਵਿਸ਼ਵਾਸ 'ਤੇ ਕੰਮ ਕਰਦਾ ਹੈ, ਵਿਵੇਕ 'ਤੇ ਨਹੀਂ। ਸਿਆਸਤਦਾਨਾਂ ਦੀ ਵੋਟ ਬੈਂਕ ਦੀ ਲਾਲਸਾ ਇਸ ਅਪਰਾਧੀ ਤੇ ਪਾਖੰਡੀ ਡੇਰਾਵਾਦ ਦੀ ਜ਼ਮੀਨ ਤਿਆਰ ਕਰਦੀ ਹੈ।

# ਮਾਤਾ ਇੰਦਰਜੀਤ ਕੌਰ ਬਦੇਸ਼ਾ ਦੀ ਪਹਿਲੀ ਬਰਸੀ ਉਪਰ ਵੱਡੀਆਂ ਸ਼ਖ਼ਸੀਅਤਾਂ ਹੋਈਆਂ ਸ਼ਾਮਲ ਭਾਰੀ ਗਿਣਤੀ 'ਚ ਸੰਗਤਾਂ ਵਲੋਂ ਮਾਤਾ ਜੀ ਨੂੰ ਸ਼ਰਧਾਂਜਲੀ

















ਮਲਸੀਆ/ਜਲੰਧਰ/ਏ.ਟੀ.ਨਿਊਜ਼ :-ਪੰਥਕ ਆਗੂ ਅਤੇ ਸਮਾਜ ਸੇਵਕ ਸਵਰਗੀ ਸਰਦਾਰ ਗੁਰਦੇਵ ਸਿੰਘ ਬਦੇਸਾ ਦੀ ਪਤਨੀ ਤੇ ਬਲਾਕ ਕਾਂਗਰਸ ਦੇ ਪ੍ਰਧਾਨ ਹਰਦੇਵ ਸਿੰਘ ਬਦੇਸ਼ਾ (ਪੀਟਾ) ਦੀ ਭਰਜਾਈ ਇੰਦਰਜੀਤ ਕੌਰ ਜੀ ਜੋ ਬੀਤੇ ਵਰ੍ਹੇ 15 ਮਾਰਚ 2022 ਨੂੰ ਅਕਾਲ ਪੁਰਖ ਵਲੋਂ ਦਿੱਤੀ ਸਾਹਾਂ ਦੀ ਪੂੰਜੀ ਭੋਗਕੇ ਅਕਾਲ ਪੁਰਖ ਦੇ ਚਰਨਾ 'ਚ ਜਾ ਬਿਰਾਜੇ ਸਨ। ਉਨ੍ਹਾਂ ਦੀ ਮਿੱਠੀ ਨਿੱਘੀ ਯਾਦ ਵਿਚ ਕਰਵਾਏ ਗਏ ਸਮਾਗਮ ਵਿਚ ਵੱਖ-ਵੱਖ ਸਿਆਸੀ, ਸਮਾਜਿਕ ਅਤੇ ਸਾਹਿਤਕ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ।

ਇਥੇ ਇਹ ਜ਼ਿਕਰਯੋਗ ਹੈ ਕੀ ਸਤਿਕਾਰਯੋਗ ਮਾਤਾ ਇੰਦਰਜੀਤ ਕੌਰ ਬਦੇਸ਼ਾ ਕੈਲੀਫੋਰਨੀਆ ਵਸਦੇ ਅਮਰੀਕਾ ਦੇ ਉਘੇ ਨੌਜਵਾਨ ਸਿੱਖ ਆਗੂ ਅਤੇ ਹਾਕੀ ਦੇ ਅੰਤਰਰਾਸ਼ਟਰੀ ਖਿਡਾਰੀ ਸ੍ਰ. ਜੰਗ ਸਿੰਘ ਬਦੇਸ਼ਾ ਦੇ ਮਾਤਾ ਜੀ ਸਨ। ਮਾਤਾ ਜੀ ਦੀ ਇਸ ਪਹਿਲੀ ਬਰਸੀ ਉਪਰ ਪੰਜਾਬ ਕਾਂਗਰਸ ਦੀ ਰੂਹ ਹਲਕਾ ਵਿਧਾਇਕ ਕਪੂਰਥਲਾ ਰਾਣਾ ਗੁਰਜੀਤ ਸਿੰਘ, ਹਾਕੀ ਦੇ ਉਲੰਪੀਅਨ ਖਿਡਾਰੀ ਅਤੇ ਐਸਐਸਪੀ ਸ੍ਰ. ਬਲਜੀਤ ਸਿੰਘ ਢਿੱਲੋਂ ਅਤੇ ਐਸ ਐਸ ਪੀ ਸ੍ਰ. ਹਰਪ੍ਰੀਤ ਸਿੰਘ ਮੰਡੇਰ ਪੰਜਾਬ ਦੀ ਅਵਾਜ਼ ਸਰਦਾਰ ਲੱਖਾ ਸਿੰਘ ਸਿਧਾਣਾ ਵੀ ਹਾਜ਼ਰ ਸਨ।

ਮਾਤਾ ਜੀ 15 ਮਾਰਚ 2022 ਨੂੰ ਸਦੀਵੀ ਵਿਛੋੜਾ ਦੇ ਗਏ ਸਨ। ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਪੈਣ ਉਪਰੰਤ ਸਥਾਨਕ ਅਨਾਜ ਮੰਡੀ ਵਿਚ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਸ਼ਰਧਾਂਜਲੀ ਭੇਟ ਕਰਨ ਤੋਂ ਪਹਿਲਾਂ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੇ ਇੰਦਰਜੀਤ ਕੌਰ ਬਦੇਸ਼ਾ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਕਿਹਾ ਕਿ ਪਹਿਲਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਫਿਰ ਸਰਕਾਰੀ ਡਿਗਰੀ ਕਾਲਜ ਤੇ ਅਨਾਜ ਮੰਡੀ ਦੀ ਸਥਾਪਨਾ ਕਰਨ ਵਿਚ ਬਦੇਸ਼ਾ ਪਰਿਵਾਰ ਦਾ ਵਿਸ਼ੇਸ਼ ਸਹਿਯੋਗ ਰਿਹਾ ਹੈ। ਹਲਕਾ ਵਿਧਾਇਕ ਕਪੂਰਥਲਾ ਰਾਣਾ ਗੁਰਜੀਤ ਸਿੰਘ ਨੇ ਵੀ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ। ਕੈਮ ਗਿੱਲ ਅਤੇ ਬਲਵਿੰਦਰ ਸਿੰਘ ਯੂਐਸਏ ਵੀ ਸ਼ਰਧਾਂਜਲੀ ਭੇਂਟ ਕਰਨ ਵਾਲਿਆਂ ਵਿਚ ਸ਼ਾਮਲ ਸਨ। ਇਸ ਸਮੇਂ ਅਮਰੀਕਾ ਦੇ ਉਘੇ ਸਿੱਖ ਫਾਰਮਰ ਟਰਾਂਸਪੋ੍ਟਰ ਸ੍ਰ. ਅੰਮ੍ਰਿਤਪਾਲ ਸਿੰਘ ਨਿਝੱਰ, ਸਿੱਖਾਂ ਦੀ ਅੰਤਰਰਾਸ਼ਟਰੀ ਅਵਾਜ਼ ਭਾਈ ਕੁਲਬੀਰ ਸਿੰਘ ਬੜਾਪਿੰਡ, ਹਾਕੀ ਦੇ ਉਲੰਪੀਅਨ ਖਿਡਾਰੀ ਅਤੇ ਐਸਐਸਪੀ ਸ੍ਰ. ਬਲਜੀਤ ਸਿੰਘ ਢਿੱਲੋਂ ਅਤੇ ਐਸ ਐਸ ਪੀ ਸ੍ਰ. ਹਰਪ੍ਰੀਤ ਸਿੰਘ ਮੰਡੇਰ ਵੀ ਹਾਜ਼ਰ ਸਨ ਅਤੇ ਹੋਰ ਉਘੀਆਂ ਸ਼ਖ਼ਸੀਅਤਾਂ ਹਾਜ਼ਰ ਸਨ। ਸਟੇਜ ਸਕੱਤਰ ਦੇ ਫਰਜ਼ ਸੀਨੀਅਰ ਕਾਂਗਰਸੀ ਆਗੂ ਤਰਲੋਕ ਸਿੰਘ ਰੂਪਰਾ ਨੇ ਨਿਭਾਏ। ਸਮਾਗਮ ਵਿਚ ਨਕੋਦਰ ਕਾਂਗਰਸ ਦੇ ਇੰਚਾਰਜ ਡਾ. ਨਵਜੋਤ ਸਿੰਘ ਦਾਹੀਆ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ, ਭਾਜਪਾ ਦੇ ਸੀਨੀਅਰ ਆਗੂ ਤਰਸੇਮ ਲਾਲ ਮਿੱਤਲ, ਭੁਪਿੰਦਰ ਸਿੰਘ ਥਿੰਦ ਸੇਵਾ ਮੁਕਤ ਡੀਐਸਪੀ, ਸਤੀਸ਼ ਰਿਹਾਨ ਸਾਬਕਾ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਗੁਲਜ਼ਾਰ ਸਿੰਘ ਥਿੰਦ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਦਵਿੰਦਰ ਸਿੰਘ ਆਹਲੂਵਾਲੀਆ ਚੇਅਰਮੈਨ ਸੋਸ਼ਲ ਇੰਪਾਵਰਮੈਂਟ ਐਂਡ ਵੈਲਫੇਅਰ ਪੰਜਾਬ, ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਪਵਨ ਕੁਮਾਰ ਪੁਰੀ ਸਾਬਕਾ ਪ੍ਰਧਾਨ ਨਗਰ ਪੰਚਾਇਤ ਸ਼ਾਹਕੋਟ, ਲੇਖਕ ਤੇ ਪੱਤਰਕਾਰ ਨਰਿੰਦਰ ਸੱਤੀ, ਐਡਵੋਕੇਟ ਰਘਬੀਰ ਸਿੰਘ ਟਰਕੀਆਣਾ, ਲਖਵਿੰਦਰ ਸਿੰਘ ਲੱਖਾ ਕਾਂਗਰਸ ਸਾਬਕਾ ਬਲਾਕ ਪ੍ਰਧਾਨ ਲੋਹੀਆ, ਸੁਖਦੀਪ ਸਿੰਘ ਕੰਗ, ਅਰਵਿੰਦ ਕੁਮਾਰ (ਦੋਵੇਂ ਪੀਏ), 'ਆਪ' ਆਗੂ ਬੂਟਾ ਸਿੰਘ ਕਲਸੀ, ਪ੍ਰਵੀਨ ਗਰੋਵਰ ਕਾਂਗਰਸ ਸ਼ਹਿਰੀ ਪ੍ਰਧਾਨ, ਪਵਨ ਅਗਰਵਾਲ ਸਾਬਕਾ ਐਮਸੀ, ਰੇਸ਼ਮ ਗਿੱਲ ਸਾਬਕਾ ਐਮਸੀ, ਰੋਮੀ ਗਿੱਲ ਸਾਬਕਾ ਐਮਸੀ, ਯਸ਼ਪਾਲ ਗੁਪਤਾ ਸਾਬਕਾ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ, ਮਹਿੰਦਰਪਾਲ ਸਿੰਘ ਟੂਰਨਾ ਕਾਂਗਰਸ ਬਲਾਕ ਪ੍ਰਧਾਨ ਮਹਿਤਪੁਰ, ਸੁਰਿੰਦਰ ਕੁਮਾਰ ਭੱਟੀ, ਬਲਜੀਤ ਕੌਰ ਗੁਗਨ ਜਲੰਧਰ, ਕਪਿਲ ਕੁਮਾਰ ਗੁਪਤਾ ਸਾਬਕਾ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ ਤੋਂ ਇਲਾਵਾ ਜੰਗ ਸਿੰਘ ਸਪੁੱਤਰ ਸਵਰਗੀ ਗੁਰਦੇਵ ਸਿੰਘ ਬਦੇਸ਼ਾ, ਬਲਜੀਤ ਸਿੰਘ ਬਦੇਸ਼ਾ, ਸੁਰਜੀਤ ਸਿੰਘ ਬਦੇਸ਼ਾ ਅਤੇ ਅਮਰੀਕ, ਕੈਨੇਡਾ ਤੇ ਇੰਗਲੈਂਡ ਵਸਦੇ ਬਦੇਸ਼ਾ ਪਰਿਵਾਰ ਦੇ ਬਹੁਤ ਸਾਰੇ ਮੈਂਬਰ ਸਮਾਗਮ ਵਿਚ ਹਾਜ਼ਰ ਸਨ।







## ਮਾਤਾ ਜੀ ਦੀ ਪਹਿਲੀ ਬਰਸੀ ਦੀਆਂ ਯਾਦਗਾਰੀ ਝਲਕੀਆਂ ਤਸਵੀਰਾਂ ਦੀ ਜੁਬਾਨੀ

















# ਭਾਜਪਾ ਦਾ ਸੰਵਿਧਾਨ ਨੂੰ ਕਮਜ਼ੋਰ ਕਰਨ ਦਾ ਵਰਤਾਰਾ

ਐਡਵੋਕੇਟ ਗੁਰਮੀਤ ਸ਼ੁਗਲੀ




ਅੱਜ ਤੋਂ ਨਹੀਂ, ਬਲਕਿ ਮੁੱਢ ਤੋਂ ਹੀ ਭਾਰਤੀ ਜਨਤਾ ਪਾਰਟੀ ਨੇ ਦਿਲੋਂ ਕਦੀ ਵੀ ਮੌਜੂਦਾ ਸੰਵਿਧਾਨ ਨੂੰ ਪਸੰਦ ਨਹੀਂ ਕੀਤਾ। ਇਸੇ ਕਰਕੇ ਜਦੋਂ ਵੀ ਉਸ ਨੂੰ ਮੌਕਾ ਮਿਲਦਾ ਹੈ, ਉਹ ਇਸ ਨਾਲ ਛੇੜ-ਛਾੜ ਕਰਦੀ ਰਹਿੰਦੀ ਹੈ। ਇਸ ਲਈ ਵਿਉਂਤਾਂ ਬਣਾਉਂਦੀ ਰਹਿੰਦੀ ਹੈ। ਮੌਕਾ ਮਿਲਣ ’ਤੇ ਛੇੜ-ਛਾੜ ਕਰ ਦਿੰਦੀ ਹੈ। ਜੀ ਹਾਂ, ਅਸੀਂ ਉਸ ਭਾਰਤੀ ਸੰਵਿਧਾਨ ਦੀ ਗੱਲ ਕਰ ਰਹੇ ਹਾਂ, ਜਿਸ ਨੂੰ ਬਣਾਉਣ ਦਾ ਵਿਚਾਰ ਸਭ ਤੋਂ ਪਹਿਲਾਂ ਉਸ ਵੇਲੇ ਦੇ ਸਮਾਜਵਾਦੀ ਨੇਤਾ ਐੱਮ ਐੱਨ ਰਾਏ ਨੇ 1934 ਵਿੱਚ ਦਿੱਤਾ ਸੀ, ਜਿਸ ਨੂੰ ਉਸ ਵੇਲੇ ਦੀ ਕਾਂਗਰਸ ਨੇ ਤਕਰੀਬਨ 1935-36 ਵਿੱਚ ਆਪਣਾ ਲਿਆ। ਫਿਰ ਅਜਿਹਾ ਸੰਵਿਧਾਨ ਬਣਾਉਣ ਲਈ 1946 ਵਿੱਚ ਚੋਣਾਂ ਕਰਾ ਦਿੱਤੀਆਂ। ਜਿਸ ਅਜਿਹੀ ਸੰਸਥਾ ਦੇ ਪ੍ਰਧਾਨ ਉਸ ਵੇਲੇ ਡਾਕਟਰ ਰਾਜਿੰਦਰ ਪ੍ਰਸਾਦ, ਜੋ ਬਾਅਦ ਵਿੱਚ ਦੇਸ਼ ਦੇ ਪਹਿਲੇ ਰਾਸ਼ਟਰਪਤੀ ਬਣੇ, ਨੂੰ ਇਸ ਸੰਸਥਾ ਦਾ ਪ੍ਰਧਾਨ ਅਤੇ ਡਾ. ਅੰਬੇਡਕਰ ਨੂੰ ਡਰਾਫਟਿੰਗ ਕਮੇਟੀ ਦਾ ਚੇਅਰਮੈਨ ਬਣਾਇਆ। ਜੋ ਇਸ ਸੰਵਿਧਾਨ ਸਭਾ ਨੇ ਸੰਵਿਧਾਨ ਤਿਆਰ ਕੀਤਾ, ਉਸ ਨੂੰ 26 ਨਵੰਬਰ 1949 ਨੂੰ ਮਾਨਤਾ ਦਿੱਤੀ ਗਈ। ਇਹ ਸੰਵਿਧਾਨ ਫਿਰ ਬਾਅਦ ਵਿੱਚ 26 ਜਨਵਰੀ 1950 ਨੂੰ ਲਾਗੂ ਕਰ ਦਿੱਤਾ ਗਿਆ। ਜੇ ਸੰਵਿਧਾਨ ਦੇ ਸ਼ੁਰੂ ਤੋਂ ਲੈ ਕੇ ਲਾਗੂ ਹੋਣ ਤਕ ਨਜ਼ਰ ਘੁਮਾਈ ਜਾਵੇ ਤਾਂ ਸਾਨੂੰ 26 ਅੰਕ ਦੀ ਮਹਾਨਤਾ ਦਾ ਪਤਾ ਲੱਗਦਾ ਹੈ। ਇਸੇ ਕਰਕੇ ਹੀ 26 ਜਨਵਰੀ ਨੂੰ ਹਰ ਸਾਲ ਇੰਨੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ। ਮੌਕੇ ਦੀਆਂ ਸਰਕਾਰਾਂ ਆਪਣੀਆਂ ਪ੍ਰਾਪਤੀਆਂ ਦਾ ਵਿਖਾਵਾ ਕਰਦੀਆਂ ਹਨ।

ਇਹ ਉਪਰੋਕਤ ਸਬੰਧਤ ਸੰਵਿਧਾਨ ਆਪਣੇ ਜਨਮ ਤੋਂ ਲੈ ਕੇ 26 ਜਨਵਰੀ 2023 ਤੱਕ ਪਹੁੰਚਦਾ-ਪਹੁੰਚਦਾ ਆਪਣੇ ਵਜੂਦ ਵਿੱਚ ਤਕਰੀਬਨ 105 ਸੰਵਿਧਾਨਕ ਸੋਧਾਂ ਕਰਵਾ ਚੁੱਕਾ ਹੈ। ਅੱਜ-ਕੱਲ੍ਹ ਇਹ ਜਿਨ੍ਹਾਂ ਦੇ ਵਸ ਪੈ ਚੁੱਕਾ ਹੈ, ਉਹ ਇਸ ਨੂੰ ਆਨੇ-ਬਹਾਨੇ ਉਦੋਂ ਤਕ ਹੋਰ ਸੋਧਣਾ ਚਾਹੁੰਦੇ ਹਨ, ਜਦੋਂ ਤਕ ਇਹ ਮੋਮ ਦਾ ਨੱਕ ਨਾ ਬਣ ਜਾਵੇ, ਮਦਾਰੀ ਦੇ ਜਮੂਰੇ ਵਾਂਗ ਹਰ ਗੱਲ ਵਿੱਚ ਹਾਂ ਵਿੱਚ ਹਾਂ ਨਾ ਮਿਲਾਵੇ। ਇਸੇ ਕਰਕੇ ਥੋੜ੍ਹਾ ਪਿੱਛੇ ਜਿਹੇ ਕੇਂਦਰੀ ਕਾਨੂੰਨ ਮੰਤਰੀ ਮਿਸਟਰ ਰਿਜਿਜੂ ਨੇ ਕਲੇਜੀਅਮ ਪ੍ਰਣਾਲੀ ਵਿੱਚ ਮੌਜੂਦਾ ਸਰਕਾਰ ਲਈ ਇੱਕ ਸੀਟ ਦੀ ਮੰਗ ਕਰਕੇ ਇੱਕ ਨਵੀਂ ਬਹਿਸ ਛੇੜ ਕੇ ਸੰਵਿਧਾਨ ਨੂੰ ਹੋਰ ਕਮਜ਼ੋਰ ਜਾਂ ਖਤਮ ਕਰਨ ਦੀ ਗੱਲ ਤੋਰੀ ਹੈ ਤਾਂ ਕਿ ਮੌਜੂਦਾ ਸਰਕਾਰ ਆਪਣੀ ਮਰਜ਼ੀ ਮੁਤਾਬਕ ਮੌਜੂਦਾ ਸੰਵਿਧਾਨ ਨੂੰ ਓਵਰਹਾਲ ਕਰ ਸਕੇ।

ਕਾਰਨ, ਸਰਕਾਰ ਸਮਝਦੀ ਹੈ ਕਿ ਜੇਕਰ ਕੋਈ ਸਰਕਾਰੀ ਕੰਮ-ਕਾਜ ਵਿੱਚ ਅੜਿੱਕਾ ਬਣਦਾ ਹੈ ਤਾਂ ਉਹ ਹੈ ਨਿਆਂ ਪਾਲਕਾ। ਇਸ ਕਰਕੇ ਭਾਜਪਾ ਸਰਕਾਰ ਦੀ ਸਮਝ ਹੈ ਕਿ ਇਸ ਕੰਡੇ ਨੂੰ ਕੱਢਣ ਲਈ ਸਾਡੀ ਕਲੇਜੀਅਮ ਪ੍ਰਣਾਲੀ ਵਿੱਚ ਨੁਮਾਇੰਦਗੀ ਜ਼ਰੂਰੀ ਹੈ। ਇਸ ਕਰਕੇ ਕੇਂਦਰੀ ਕਾਨੂੰਨ ਮੰਤਰੀ ਨੇ ਬਿਆਨ ਦੇ ਕੇ ਨਵੀਂ ਚਰਚਾ ਸ਼ੁਰੂ ਕਰਨ ਦੀ ਗੱਲ ਆਖੀ ਹੈ। ਜੋ ਅੱਜ-ਕੱਲ੍ਹ ਭਾਰਤ ਵਿੱਚ ਕਾਨੂੰਨ ਦੀ ਹਾਲਤ ਹੈ, ਜਿਹੋ-ਜਿਹੇ ਫੈਸਲੇ ਹੋ ਰਹੇ ਹਨ, ਬਹੁਤੇ ਫੈਸਲਿਆਂ ਵਿੱਚੋਂ ਸਰਕਾਰੀ ਦਖਲ ਦੀ ਬੋਅ ਆ ਰਹੀ ਹੈ। ਅਜਿਹੇ ਫੈਸਲਿਆਂ ’ਤੇ ਇੱਕ ਵਾਰ ਮਹਾਨ ਚਿੰਤਕ ਅਫਲਾਤੂਨ ਨੇ ਫਰਮਾਇਆ ਸੀ ਕਿ ‘ਕਾਨੂੰਨ ਸਭ ਲਈ ਇੱਕ ਹੈ, ਇਹ ਹੀ ਸਭ ਤੋਂ ਵੱਡਾ ਝੂਠ ਹੈ। ਕਾਨੂੰਨ ਮੱਕੜੀ ਦਾ ਉਹ ਜਾਲ ਹੈ, ਕੀੜੇ-ਮਕੌੜੇ ਤਾਂ ਫਸ ਜਾਂਦੇ ਹਨ, ਪਰ ਵੱਡੇ ਜਾਨਵਰ ਇਸ ਨੂੰ ਪਾੜ ਕੇ ਨਿਕਲ ਜਾਂਦੇ ਹਨ।’

ਜੇਕਰ ਤੁਸੀਂ ਅਫਲਾਤੂਨ ਦੇ ਉਪਰੋਕਤ ਕਥਨ ’ਤੇ ਗੌਰ ਨਾਲ ਨਜ਼ਰ ਮਾਰੋ ਤਾਂ ਅਜਿਹਾ ਹੀ ਹੋ ਰਿਹਾ ਹੈ। ਹਰ ਦੂਜੇ ਮਹੀਨੇ ਬਲਾਤਕਾਰੀ ਰਾਮ ਰਹੀਮ ਵਰਗਿਆਂ ਨੂੰ ਪੈਰੋਲ ਮਿਲ ਰਹੀ ਹੈ, ਪਰ ਬਾਕੀਆਂ ਨਾਲ ਅਜਿਹਾ ਨਹੀਂ ਹੋ ਰਿਹਾ। ਕਈ ਚਿਰੋਕੇ ਅੰਦਰ ਸੜ ਰਹੇ ਹਨ। ਬਹੁਤੇ ਬਹੁਤ ਚਿਰ ਪਹਿਲਾਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਉਹ ਫਿਰ ਵੀ ਅੱਜ ਤਕ ਸਜ਼ਾ ਕੱਟ ਰਹੇ ਹਨ। ਕਿਉਂ? ਜਦੋਂ ਸੰਵਿਧਾਨ ਇੱਕ ਹੈ, ਉਹ ਨਿਰਪੱਖ ਹੈ, ਉਹ ਜਾਤ-ਪਾਤ, ਛੂਤ-ਛਾਤ ਰਹਿਤ ਹੈ, ਉਹ ਸਭ ਧਰਮਾਂ ਅਤੇ ਜ਼ੁਬਾਨਾਂ ਲਈ ਇੱਕ ਹੈ, ਫਿਰ ਅਜਿਹਾ ਵਖਰੇਵਾਂ ਕਿਉਂ? ਕਿਸੇ ਦੀ ਰਿਹਾਈ, ਕਿਸੇ ਦੀ ਨਾ ਰਿਹਾਈ, ਸਵਾਲ ਤਾਂ ਉੱਠਦੇ ਹਨ ਅਤੇ ਅਜਿਹੇ ਵਿਤਕਰੇ ਖਿਲਾਫ ਉਦੋਂ ਤਕ ਉੱਠਦੇ ਰਹਿਣਗੇ, ਜਦੋਂ ਤਕ ਕਾਨੂੰਨੀ ਫੈਸਲੇ ਵਿਤਕਰੇ ਤੋਂ ਰਹਿਤ ਨਹੀਂ ਹੁੰਦੇ। ਬਹੁਤੀਆਂ ਗੱਲਾਂ ਸਭ ਸਣੇ ਸਰਕਾਰ ਦੇਖ-ਸੁਣ ਕੇ ਸਿੱਖ ਸਕਦੇ ਹਾਂ। ਜਿਵੇਂ ਅਸੀਂ ਸਭ ਜਾਣਦੇ ਹਾਂ ਕਿ ਕਾਨੂੰਨ ਸਭ ਲਈ ਇੱਕ ਹੈ। ਸਭ ਨੂੰ ਰਲ-ਮਿਲ ਕੇ ਕਾਨੂੰਨ ਦੀ ਪਾਲਣਾ ਕਰਨੀ ਚਾਹੀਦੀ ਹੈ। ਜਿਵੇਂ ਪਿਛਲੇ ਦਿਨੀਂ ਤੁਸੀਂ ਪੜ੍ਹਿਆ ਅਤੇ ਸੁਣਿਆ ਹੋਵੇਗਾ ਕਿ ਜਿਵੇਂ ਇੰਗਲੈਂਡ ਦੇ ਪ੍ਰਧਾਨ ਮੰਤਰੀ ਮਿਸਟਰ ਰਿਸ਼ੀ ਸੁਨਕ ਚੱਲਦੀ ਕਾਰ ਵਿੱਚ ਇੰਟਰਵਿਊ ਦੇਣ ਸਮੇਂ ਆਪਣੀ ਸੀਟ ਬੈਲਟ ਨਾ ਬੰਨ੍ਹਣ ਕਰਕੇ ਪੁਲਿਸ ਦੁਆਰਾ ਫੜਿਆ ਗਿਆ, ਜਿਸ ’ਤੇ ਇੰਗਲੈਂਡ ਦੇ ਪ੍ਰਧਾਨ ਮੰਤਰੀ ਨੇ ਮੌਕੇ ’ਤੇ ਜੁਰਮਾਨਾ ਵੀ ਭਰਿਆ ਅਤੇ ਮੁਆਫੀ ਵੀ ਮੰਗੀ। ਕੀ ਅਜਿਹੀ ਘਟਨਾ ਅਸੀਂ ਆਪਣੇ ਦੇਸ਼ ਵਿੱਚ ਹੁੰਦੀ ਸੁਣੀ ਹੈ? ਕਦਾਚਿਤ ਨਹੀਂ। ਜੇਕਰ ਇੱਥੇ ਅਜਿਹੀ ਘਟਨਾ ਹੋਵੇ ਤਾਂ ਪੁਲਿਸ ਨੂੰ ਹੀ ਮੁਆਫੀ ਮੰਗਣੀ ਪਵੇਗੀ।

ਸਾਡੇ ਦੇਸ਼ ਵਿੱਚ ਤਾਂ ਚਾਪਲੂਸੀ ਅਤੇ ਤਲਵੇ ਚੱਟਣ ਦੀ ਦੌੜ ਲੱਗੀ ਹੋਈ ਹੈ। ਅੰਧ-ਭਗਤ ਖੁੰਬਾਂ ਤੋਂ ਵੀ ਛੇਤੀ ਉੱਗ ਰਹੇ ਹਨ। ਅੰਧ-ਭਗਤਾਂ ਦੀ ਬਹੁਤਾਤ ਕਰਕੇ ਨਾ ਮਹਿੰਗਾਈ ਦਿਸ ਰਹੀ ਹੈ, ਨਾ ਹੀ ਮਹਿਸੂਸ ਕੀਤੀ ਜਾ ਰਹੀ ਹੈ। ਜਾਤ-ਪਾਤ ਦਾ ਰੌਲ਼ਾ ਪਾਇਆ ਜਾ ਰਿਹਾ ਹੈ। ਗੁਲਾਮ ਗੋਦੀ ਮੀਡੀਆ ਸਾਧੂ-ਸੰਤਾਂ, ਝੂਠੇ ਕੌਤਕੀ ਸਾਧੂ-ਸੰਤਾਂ ਦੇ ਚਮਤਕਾਰਾਂ ਦੀ ਦੁਹਾਈ ਦੇ ਕੇ ਸਮਾਂ ਬਤੀਤ ਕਰ ਰਿਹਾ ਹੈ। ਝੂਠੇ ਤੋਂ ਝੂਠੇ ਵਾਅਦੇ ਹੋ ਰਹੇ ਹਨ।

ਬਹੁ-ਸੰਮਤੀ ਦੇ ਮਾਲਕ ਹੋਣ ਦੇ ਬਾਵਜੂਦ ਤੁਸੀਂ ਆਪਣਾ ਨੇਤਾ ਚੁਣ ਨਹੀਂ ਸਕਦੇ, ਸਰਕਾਰਾਂ ਅਤੇ ਉਨ੍ਹਾਂ ਦੇ ਐੱਮ ਐੱਲ ਏ ਤੋੜਨ ਦੀਆਂ ਵਿਉਂਤਾਂ ਦਿਨ-ਰਾਤ ਬਣਾਈਆਂ ਜਾ ਰਹੀਆਂ ਹਨ। ਝੂਠ ਦਾ ਪ੍ਰਚਾਰ ਸੱਚ ਤੋਂ ਜ਼ਿਆਦਾ ਉੱਚੀ ਆਵਾਜ਼ ਵਿੱਚ ਹੋ ਰਿਹਾ ਹੈ। ਜੇਕਰ ਅਸੀਂ-ਤੁਸੀਂ ਸਭ ਸੋਚਦੇ ਹਾਂ ਕਿ ਅਜਿਹਾ ਨਾ ਹੋਵੇ ਤਾਂ ਸਾਨੂੰ ਸਭ ਨੂੰ ਸਭ ਤੋਂ ਪਹਿਲਾਂ ਆਪਣੇ ਮਤਭੇਦ ਭੁਲਾ ਕੇ ਸਿਰ ਜੋੜਨੇ ਪੈਣਗੇ। ਫਿਰ ਘੱਟੋ-ਘੱਟ ਪ੍ਰੋਗਰਾਮ ’ਤੇ ਸਹਿਮਤ ਹੋ ਕੇ ਵੱਧ ਤੋਂ ਵੱਧ ਜ਼ੋਰ ਲਗਾਉਣਾ ਹੋਵੇਗਾ। ਅਜਿਹਾ ਕਰਕੇ ਹੀ ਅਸੀਂ ਬਹੁਤਾ ਕੁਝ ਗਲਤ ਹੋਣੋਂ ਰੋਕ ਸਕਦੇ ਹਾਂ ਅਤੇ ਨਵਾਂ ਕੁਝ ਬਣਾਉਣ ਦੇ ਸਮਰੱਥ ਹੋ ਸਕਦੇ ਹਾਂ। ਕਿਸਾਨੀ ਏਕੇ ਦੇ ਦੋ ਘੋਲਾਂ ਨੇ ਬਹੁਤ ਕੁਝ ਸਾਨੂੰ ਸਿੱਖਣ ਤੇ ਸੰਘਰਸ਼ ਕਰਨ ਨੂੰ ਪ੍ਰੇਰਿਆ ਹੈ। ਹੋਰ ਤੇ ਹੋਰ ਸੱਚ ਪੜ੍ਹਨ-ਸੁਣਨ ਤੋਂ ਰੋਕਿਆ ਜਾ ਰਿਹਾ ਹੈ। ਫਿਲਮ ਜਗਤ ਵਿੱਚ ਵੀ ਜੋ ਇਹਨਾਂ ਅੰਧ-ਭਗਤਾਂ ਨੂੰ ਚੰਗਾ ਨਹੀਂ ਲੱਗਦਾ, ਉਸ ਨੂੰ ਪੜ੍ਹਨ ਅਤੇ ਦੇਖਣ ’ਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ। ਗੁਜਰਾਤ ਵਿੱਚ 2002 ਵਿੱਚ ਕੀ ਹੋਇਆ, ਇਸ ਬਾਰੇ ਦੋਵੇਂ ਧਿਰਾਂ ਆਪੋ-ਆਪਣਾ ਪੱਖ ਜਨਤਾ ਅੱਗੇ ਰੱਖ ਚੁੱਕੀਆਂ ਹਨ। ਉਹਨਾਂ ਮੁਤਾਬਕ ਧਿਰਾਂ ਬਣਦਾ ਇਨਸਾਫ ਜਾਂ ਬੇਇਨਸਾਫ ਲੈ ਚੁੱਕੀਆਂ ਹਨ। ਹੁਣ ਤਾਂ ਸਿਰਫ ਬਾਕੀ ਥੋੜ੍ਹਾ ਜਿਹਾ ਅਦਾਲਤੀ ਫੈਸਲਾ ਹੀ ਬਾਕੀ ਹੈ, ਪਰ 2002 ਦੇ ਦੰਗਿਆਂ ਬਾਰੇ ਬੀ ਬੀ ਸੀ ਨੇ ਇੱਕ ਦਸਤਾਵੇਜ਼ੀ ਕੱਢੀ ਹੈ ਜਿਸਦਾ ਸਿਰਲੇਖ ਹੈ ‘ਦੀ ਮੋਦੀ ਕੁਐਸ਼ਚਨ’ ਜਿਸ ਨੂੰ ਦੇਖਣ ’ਤੇ ਪਾਬੰਦੀ ਲਾਈ ਗਈ ਹੈ। ਦੇਖਣ ਵਾਲਿਆਂ ਦੀ ਫੜੋ-ਫੜੀ ਹੋ ਰਹੀ ਹੈ। ਯੂ ਟਿਊਬ, ਜੋ ਪ੍ਰਸਾਰਨ ਕਰ ਰਹੇ ਹਨ, ਉਹ ਬੰਦ ਕੀਤੇ ਜਾ ਰਹੇ ਹਨ। ਇਸੇ ਤਰ੍ਹਾਂ ਦੇਸ਼ ਵਿੱਚ ਮੋਟੇ ਤੌਰ ’ਤੇ ਅੰਧ-ਭਗਤਾਂ ਨੇ ‘ਪਠਾਣ’ ਫਿਲਮ ਦਾ ਵਿਰੋਧ ਕਰਕੇ ਭੰਨ-ਤੋੜ ਸ਼ੁਰੂ ਕਰ ਦਿੱਤੀ ਹੈ। ਇਹ ਅੰਧ-ਭਗਤ ਉਸ ਪਿਕਚਰ ਦਾ ਵਿਰੋਧ ਕਰ ਰਹੇ ਹਨ, ਜੋ ਸਾਡੇ ਲਿਖਣ ਤਕ ਤਕਰੀਬਨ ਢਾਈ ਸੌ (250) ਕਰੋੜ ਦਾ ਕਾਰੋਬਾਰ ਕਰਕੇ ਪਿਛਲੇ ਸਾਰੇ ਰਿਕਾਰਡ ਤੋੜ ਚੁੱਕੀ ਹੈ। ਜਿਹੜੀ ਫਿਲਮ ਆਉਣ ਵਾਲੇ ਦਿਨਾਂ ਵਿੱਚ ਹੋਰ ਹੈਰਾਨ ਕਰੇਗੀ, ਇਸ ਫਿਲਮ ਦੀ ਹੀਰੋਇਨ ਪਾਦੂਕੋਨ ਘਨੱਈਆ ਲਾਲ ਦੀ ਪ੍ਰਸ਼ੰਸਕ ਹੋਣ ਕਰਕੇ ਵਿਰੋਧ ਝੱਲ ਰਹੀ ਹੈ। ਫਿਲਮ ਦੇ ਹੀਰੋ ਦੀ ਜਾਤ ਬਾਰੇ ਤੁਸੀਂ ਸਭ ਜਾਣਦੇ ਹੋ। ਜੇਕਰ ਅੱਜ ਤੋਂ ਬਾਅਦ ਵੀ ਅਸੀਂ ਆਪਣੇ ਏਕੇ ਵੱਲ ਨਾ ਵਧੇ ਤਾਂ ਯਾਦ ਰੱਖੋ ਥੋੜ੍ਹੇ ਸਮੇਂ ਬਾਅਦ ਉਹ 2024 ਆ ਰਿਹਾ ਹੈ, ਜਿਹੜਾ ਆਪਣਾ ਤਿਗੜਮ ਲੜਾ ਕੇ ਇੰਨਾ ਅੱਗੇ ਲੰਘ ਜਾਵੇਗਾ ਕਿ ਅਸੀਂ ਪਛਤਾਉਂਦੇ ਰਹਿ ਜਾਵਾਂਗੇ। ਤੁਹਾਡੇ ਜਾਗ੍ਰਿਤ ਹੋਣ ’ਤੇ ਹੀ ਸੰਵਿਧਾਨ ਉਧੇੜ-ਬੁਣ ਤੋਂ ਬਚਿਆ ਰਹੇਗਾ।

# ਉਚੇਰੀ ਸਿੱਖਿਆ ਵਿਵਸਥਾ ਦੀ ਗੁਣਵੱਤਾ ਦੀ ਘਾਟ ਕਾਰਨ ਪ੍ਰਵਾਸ ਕਰ ਰਿਹੈ ਨੌਜਵਾਨ ਵਰਗ

ਪ੍ਰੋ. ਰਣਜੀਤ ਸਿੰਘ
ਮੋ. : 98778-68177



ਆਓ, ਜਾਣੀਏ ਕਿ ਸਿੱਖਿਆ ਸੰਸਾਰ ਵਿਚ ਗੁਣਵੱਤਾ (ਕੁਆਲਟੀ) ਅਤੇ ਕੀਮਤ ਦਾ ਨਾ-ਪਾਕ ਗੱਠਜੋੜ ਕਿਵੇਂ ਨੌਜਵਾਨਾਂ ਨੂੰ ਵਿਦੇਸ਼ਾਂ ਵੱਲ ਉਡਾਰੀ ਮਾਰਨ ਲਈ ਮਜਬੂਰ ਕਰ ਰਿਹਾ ਹੈ? ਨੌਜਵਾਨਾਂ ਦੇ ਵਿਦੇਸ਼ੀ ਪ੍ਰਵਾਸ ਦੇ ਭਾਵੇਂ ਅਨੇਕਾਂ ਕਾਰਨ ਹਨ ਜਿਵੇਂ ਰਿਸ਼ਤਿਆਂ ਵਿਚ ਖੋਖਲਾਪਣ, ਪਦਾਰਥਵਾਦੀ ਸੋਚ, ਆਪਣਿਆਂ ਦਾ ਆਪਣਿਆਂ ਦੀ ਅਪਣੱਤ ਤੋਂ ਮੁਨਕਰ ਹੋਣਾ ਆਦਿ, ਪ੍ਰੰਤੂ ਵਿਸ਼ੇ ਦੀ ਵਲਗਣ ਵਿਚ ਅਸੀਂ ਕੇਵਲ ਉਚੇਰੀ ਵਿੱਦਿਆ ਨੂੰ ਮੁੱਖ ਰੱਖ ਕੇ ਵਿਚਾਰ ਨੂੰ ਅਗਾਂਹ ਵਧਾਵਾਂਗੇ।

ਉਚੇਰੀ ਸਿੱਖਿਆ ਵਿਚ ਆਰਟਸ ਵਿਸ਼ਿਆਂ ਦੀ ਗੱਲ ਪਹਿਲ ਦੇ ਆਧਾਰ ’ਤੇ ਕਰਨੀ ਬਣਦੀ ਹੈ। ਮੈਂ ਇਮਾਨਦਾਰੀ ਨਾਲ ਦੱਸਣਾ ਚਾਹੁੰਦਾ ਹਾਂ ਕਿ ਅਧਿਆਪਨ ਦੇ ਖੇਤਰ ਵਿੱਚ ਵਿਚਰਦਿਆਂ ਵੀ ਮੈਂ ਕਦੀ ਇਹ ਨਹੀਂ ਜਾਣ ਸਕਿਆ ਕਿ ਇੰਨੀ ਵੱਡੀ ਤਾਦਾਦ ਵਿਚ ਅਸੀਂ ਇਨ੍ਹਾਂ ਬੱਚਿਆਂ ਨੂੰ ਕੀ ਅਤੇ ਕਿਉਂ ਪੜ੍ਹਾ ਰਹੇ ਹਾਂ? ਬਾਜ਼ਾਰ ਵਿਚੋਂ ਕੋਈ ਵਸਤੂ ਬਿੱਲ ਨਾਲ ਖ਼ਰੀਦਣੀ ਹੈ ਜਾਂ ਬਿਨਾਂ ਬਿੱਲ, ਬਰਾਂਡਿਡ ਖ਼ਰੀਦਣੀ ਹੈ ਜਾਂ ਨਾਨ-ਬਰਾਂਡਿਡ ਵਾਂਗ ਸਾਡੀ ਸਿੱਖਿਆ ਪ੍ਰਣਾਲੀ ਵੀ ਦੋ ਤਰ੍ਹਾਂ ਦੀ ਹੋ ਕੇ ਰਹਿ ਗਈ ਹੈ। ਕਾਲਜਾਂ ਵਿਚੋਂ ਲੱਖਾਂ ਦੀ ਗਿਣਤੀ ਵਿਚ ਬੀ.ਏ, ਐਮ.ਏ. ਕਰ ਕੇ ਕੁਝ ਸੈਂਕੜੇ ‘ਪ੍ਰਤਿਭਾਸ਼ਾਲੀ’ ਅਧਿਆਪਕ ਚੁਣੇ ਜਾਣ ਤੋਂ ਬਾਅਦ ਅਗਾਂਹ ਲੱਖਾਂ ਦੀ ਗਿਣਤੀ ਵਿੱਚ ਫਿਰ ਬੇਰੁਜ਼ਗਾਰ ਪੈਦਾ ਕਰਨ ਦੇ ਕਿੱਤੇ ’ਚ ਲੱਗ ਜਾਂਦੇ ਹਨ। ਇਹ ਵਰਤਾਰਾ ਇਕ ਕੜੀ ਦਾ ਰੂਪ ਲੈ ਲੈਂਦਾ ਹੈ। ਇਹੀ ਕਾਰਨ ਹੈ ਕਿ ਕਰੜੀ ਮਿਹਨਤ ਕਰ ਕੇ ਹੱਥ ਵਿਚ ਡਿਗਰੀ ਲੈ ਕੇ ਜਦੋਂ ਇਕ ਵਿਦਿਆਰਥੀ ਵਿਦਿਆਲੇ ਤੋਂ ਬਾਹਰ ਆਉਂਦਾ ਹੈ ਤਾਂ ਉਹ ਖ਼ੁਦ ਨੂੰ ਠੱਗਿਆ-ਠੱਗਿਆ ਜਿਹਾ ਮਹਿਸੂਸ ਕਰਦਾ ਹੈ। ਹੁਣ ਇਹ ਦਲੀਲ ਨਾ ਦੇਣ ਬੈਠ ਜਾਣਾ ਕਿ ਜੇ ਬਿਹਾਰ-ਬੰਗਾਲ ਤੋਂ ਆ ਕੇ ਰੇਹੜੀ ਲਾਉਣ ਵਾਲਾ ਲੱਖਾਂ ਕਮਾ ਸਕਦਾ ਹੈ ਤਾਂ ਸਾਡੇ ਨੌਜਵਾਨ ਕਿਉਂ ਨਹੀਂ? ਵੀਹ-ਪੰਝੀ ਸਾਲ ਉੱਚ-ਪੱਧਰ ਦੀ ਵਿੱਦਿਆ ਹਾਸਲ ਕਰਨ ਤੋਂ ਬਾਅਦ ਪਕੌੜਿਆਂ ਦੀ ਰੇਹੜੀ ਲਾਉਣੀ ਹੋਵੇ ਫਿਰ ਵਿੱਦਿਆ ਦੇ ਅਰਥ ਹੀ ਗੁਆਚ ਜਾਣਗੇ।

ਪੜ੍ਹੇ-ਲਿਖੇ ਨੌਜਵਾਨਾਂ ਦੇ ਪ੍ਰਵਾਸ ਪਿੱਛੇ ਕਾਰਨਾਂ ਵਿਚੋਂ ਇਕ ਪ੍ਰਮੁੱਖ ਕਾਰਨ ਸਾਡਾ ਉਚੇਰੀ ਵਿੱਦਿਆ ਦੇ ਢਾਂਚੇ ਦਾ ਬੁਰੀ ਤਰ੍ਹਾਂ ਡਗਮਗਾ ਜਾਣਾ ਹੈ। ਅਮੂਮਨ ਹੁੰਦਾ ਇਹ ਹੈ ਕਿ ਇੰਜੀਨੀਅਰਿੰਗ, ਤਕਨੀਕੀ ਜਾਂ ਹੋਰ ਪ੍ਰੋਫੈਸ਼ਨਲ ਕੋਰਸਾਂ ਵਿੱਚ ਵੱਡੀਆਂ ਮੱਲਾਂ ਮਾਰਨ ਵਾਲੇ ਵਿਦਿਆਰਥੀ ਵੀ ਪ੍ਰੈਕਟੀਕਲ ਗਿਆਨ ਤੋਂ ਵਿਹੂਣੇ ਹੁੰਦੇ ਹਨ (ਭਾਵੇਂ ਅਜਿਹੇ ਹਾਲਾਤ ਲਈ ਉਨ੍ਹਾਂ ਦੀ ਖ਼ੁਦ ਦੀ ਜ਼ਿੰਮੇਵਾਰੀ ਬਹੁਤ ਸੀਮਤ ਹੁੰਦੀ ਹੈ) ਕਾਲਜਾਂ ਦੀਆਂ ਸਾਇੰਸ ਲੈਬਾਰਟਰੀਆਂ ਖ਼ਾਲੀ ਪਈਆਂ ਹਨ, ਪ੍ਰੈਕਟੀਕਲ ਪੀਰੀਅਡ ਕਾਗ਼ਜ਼ੀ ਸਮਾਂ-ਸਾਰਣੀ ਦੀ ਸ਼ੋਭਾ ਵਧਾਉਣ ਤੱਕ ਮਹਿਫ਼ੂਜ਼ ਹਨ ਤਾਂ ਜੋ ਕਾਲਜ ਅਧਿਆਪਕ ਦੇ ‘ਕੰਮ ਦੇ ਬੋਝ’ (ਵਰਕ ਲੋਡ) ਨੂੰ ਤਰਕ-ਸੰਗਤ ਬਣਾਇਆ ਜਾ ਸਕੇ।

ਜਿਹੜੇ ਬੱਚੇ ਪੜ੍ਹਾਈ ਦੇ ਬਹਾਨੇ ਵਿਦੇਸ਼ੀ ਧਰਤੀ ’ਤੇ ਕਦਮ ਰੱਖ ਚੁੱਕੇ ਹਨ, ਉਨ੍ਹਾਂ ਵਿੱਚ ਕੋਈ ਲੱਖ ਕਮੀਆਂ ਲੱਭਦਾ ਫਿਰੇ ਪ੍ਰੰਤੂ ਹੱਡ-ਭੰਨਵੀਂ ਮਿਹਨਤ ਤੋਂ ਜੀਅ ਚੁਰਾਉਣ ਵਾਲੇ ਉਨ੍ਹਾਂ ਨੂੰ ਕਤਈ ਨਹੀਂ ਆਖਿਆ ਜਾ ਸਕਦਾ। ਸਭ ਜਾਣਦੇ ਹਨ ਕਿ ਉਹ ਆਪਣੀ ਪੜ੍ਹਾਈ ਦੇ ਨਾਲ-ਨਾਲ ਕੰਮ ਕਰਕੇ ਆਪਣੇ ਕੋਰਸਾਂ ਦੀ ਫ਼ੀਸ ਸਖ਼ਤ ਮਿਹਨਤ ਨਾਲ ਇਕੱਠੀ ਕਰ ਰਹੇ ਹਨ। ਕਦੀ ਸੋਚਿਆ ਹੈ ਕਿ ਬਿਗਾਨੀ ਧਰਤੀ, ਜਿੱਥੇ ਕੋਈ ਵੀ ਕਹਿਣ ਨੂੰ ਉਨ੍ਹਾਂ ਦਾ ਆਪਣਾ ਨਹੀਂ ਹੁੰਦਾ, ਉਨ੍ਹਾਂ ਦੇ ਨਾਂ ਕੋਈ ਜ਼ਮੀਨ ਜਾਇਦਾਦ ਵੀ ਨਹੀਂ ਹੁੰਦੀ ਫਿਰ ਵੀ ਉਥੋਂ ਦੀ ਵਿਵਸਥਾ ਉਨ੍ਹਾਂ ਨੂੰ ਘਰ, ਗੱਡੀ ਅਤੇ ਜ਼ਿੰਦਗੀ ਦੀਆਂ ਹੋਰ ਸੁਖ-ਸਹੂਲਤਾਂ ਮੁਹੱਈਆ ਕਰਵਾਉਣ ਵਿਚ ਉਕਾ ਹੀ ਸੰਕੋਚ ਨਹੀਂ ਕਰਦੀ। ਹਾਲਾਤ ਦੀ ਵਿਡੰਬਨਾ ਹੀ ਕਹੀ ਜਾਵੇਗੀ ਕਿ ਜਿੱਥੇ ਨੌਜਵਾਨ ਜੰਮਿਆ-ਪਲਿਆ, ਪ੍ਰਵਾਨ ਚੜ੍ਹਿਆ ਉਥੋਂ ਦੀ ਬੈਂਕਿੰਗ ਪ੍ਰਣਾਲੀ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨ ਨੂੰ ਬਿਨਾਂ ਜ਼ਮੀਨ ਜਾਇਦਾਦ ਗਿਰਵੀ ਰੱਖੇ ਕੱਖ ਨਹੀਂ ਦਿੰਦੀ।

ਉਚੇਰੀ ਸਿੱਖਿਆ ਵਿਵਸਥਾ ਵਿੱਚ ਨਿਘਾਰ ਦਾ ਮੁੱਢ ਉਦੋਂ ਬੱਝਾ ਜਦੋਂ ਵੱਡੇ ਧਨਾਢ ਘਰਾਣੇ ਵਿੱਦਿਆ ਦੇ ਪਿੜ ਵਿੱਚ ਪ੍ਰਵੇਸ਼ ਕਰ ਗਏ। ਨੌਜਵਾਨਾਂ ਦੇ ਵਿਦੇਸ਼ ਜਾਣ ਦੇ ਰੁਝਾਨ ਸਦਕਾ ਨਵੇਂ ਵਿੱਦਿਅਕ ਅਦਾਰਿਆਂ ਲਈ ਵਿਦਿਆਰਥੀਆਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ। ਗੁਣਵੱਤਾ ਬਹੁਤ ਪਿੱਛੇ ਰਹਿ ਗਈ ਕਿਉਂਕਿ ਗਿਣਤੀ ਵਿੱਚੋਂ ਹੀ ਗੁਣਵੱਤਾ ਨੂੰ ਛਾਂਟਣਾ ਹੁੰਦਾ ਹੈ। ਫਿਰ ਜਿਹੜਾ ਵੀ ਆਇਆ ਉਸ ਨੂੰ ਇੰਜੀਨੀਅਰਿੰਗ, ਮੈਨੇਜਮੈਂਟ, ਇੱਥੋਂ ਤੱਕ ਕਿ ਡਾਕਟਰੀ ਪੜ੍ਹਾਈ ਦੇ ਅਹਿਮ ਕੋਰਸਾਂ ਵਿਚ ਵੀ ਨਾ-ਕੇਵਲ ਦਾਖ਼ਲਾ ਮਿਲਣ ਲੱਗਾ ਬਲਕਿ ਡਿਗਰੀ ਤੱਕ ਪਹੁੰਚਦਾ ਕਰਨ ਦੇ ਇਕਰਾਰ ਵੀ ਹੋਣ ਲੱਗੇ। ਐਮ.ਫਿਲ ਅਤੇ ਪੀ.ਐਚ.ਡੀ. ਵਰਗੀਆਂ ਅਤਿ ਵੱਕਾਰੀ ਅਤੇ ਖੋਜ ਆਧਾਰਿਤ ਡਿਗਰੀਆਂ ਵੀ ਕਿਸੇ ਬਾਜ਼ਾਰੂ ਵਸਤੂ ਦੀ ਤਰ੍ਹਾਂ ਉਪਲਬਧ ਹੋਣ ਲੱਗੀਆਂ। ਇਸ ਸਭ ਕਾਸੇ ਲਈ ਅਸੀਂ ਕਿਸੇ ਸਰਕਾਰ ਜਾਂ ਰਾਜਨੀਤਕ ਪਾਰਟੀ ਵਿਸ਼ੇਸ਼ ਨੂੰ ਜ਼ਿੰਮੇਵਾਰ ਨਹੀਂ ਠਹਿਰਾਉਂਦੇ, ਕਿਉਂਕਿ ਇਹ ਸਭ ‘ਨਿਰਧਾਰਿਤ ਨੀਤੀ’ ਅਧੀਨ ਲਏ ਫ਼ੈਸਲਿਆਂ ਦੀ ਬਦੌਲਤ ਹੀ ਵਾਪਰਨ ਵਾਲਾ ਵਰਤਾਰਾ ਹੁੰਦਾ ਹੈ ਅਤੇ ਅਮੂਮਨ ਨੀਤੀਆਂ ਬਣਦੀਆਂ ਇਕ ਸਰਕਾਰ ਵੇਲੇ ਹਨ ਅਤੇ ਲਾਗੂ ਦੂਜੀ ਸਰਕਾਰ ਵੇਲੇ ਹੁੰਦੀਆਂ ਹਨ। ਇਸੇ ਲਈ ਅਸੀਂ ਸਾਰਥਿਕ ਨਤੀਜੇ ’ਤੇ ਨਹੀਂ ਅੱਪੜ ਪਾਉਂਦੇ। ਲੋੜ ਵਿਵਸਥਾ ਨੂੰ ਬਦਲਣ ਦੀ ਹੁੰਦੀ ਹੈ ਅਤੇ ਅਸੀਂ ਸਰਕਾਰ ਬਦਲਣ ਤੁਰ ਪੈਂਦੇ ਹਾਂ।

ਸਾਡਾ ਮਨਸ਼ਾ ਵਿਦੇਸ਼ਾਂ ਦੀ ਵਿੱਦਿਅਕ ਵਿਵਸਥਾ ਦੇ ਸੋਹਲੇ ਗਾਉਣਾ ਜਾਂ ਇੱਥੋਂ ਦੇ ਵਿੱਦਿਅਕ ਢਾਂਚੇ ਨਾਲ ਤਸ਼ਬੀਹ ਦੇ ਕੇ ਉਥੋਂ ਦੇ ਸਿਸਟਮ ਨੂੰ ਵਡਿਆਉਣਾ ਹਰਗਿਜ਼ ਨਹੀਂ ਹੈ। ਬਲਕਿ ਧੜਾ-ਧੜ ਭਰ ਕੇ ਜਾ ਰਹੇ ਨੌਜਵਾਨਾਂ ਦੇ ਜਹਾਜ਼ਾਂ ਤੋਂ ਇਨ੍ਹਾਂ ਸਤਰਾਂ ਦਾ ਲੇਖਕ ਵੀ ਓਨਾ ਹੀ ਚਿੰਤਤ ਹੈ, ਜਿੰਨਾ ਕੋਈ ਹੋਰ ਸਮਾਜ ਵਿਗਿਆਨੀ। ਸਾਨੂੰ ਦੇਰ-ਸਵੇਰ ਮੌਜੂਦਾ ਵਿਵਸਥਾ ਨੂੰ ਬਦਲਣਾ ਹੋਵੇਗਾ। ਵਿਵਸਥਾ ਵਿਚ ਬਦਲਾਅ ਇਸ ਵਿਵਸਥਾ ਤੋਂ ਚੰਗੀ-ਚੋਖੀ ਕਮਾਈ ਕਰ ਰਹੇ ਲੋਕ ਨਹੀਂ ਚਾਹੁਣਗੇ, ਇਸ ਪਾਸੇ ਸਾਨੂੰ ਗੰਭੀਰਤਾ ਨਾਲ ਸੋਚਣਾ ਪਵੇਗਾ। ਕਹਿੰਦੇ ਹਨ

(ਬਾਕੀ ਸਫ਼ਾ 31 ’ਤੇ)

21 ਫ਼ਰਵਰੀ ਮਾਂ ਬੋਲੀ ਦਿਵਸ 'ਤੇ ਵਿਸ਼ੇਸ਼

# ਮੈਨੂੰ ਕਈਆਂ ਨੇ ਆਖਿਆ ਕਈ ਵਾਰੀ, ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ..



ਹਰਮਨਪ੍ਰੀਤ ਸਿੰਘ
ਮੋ. ਨੰ. 9855010005

ਮਾਂ-ਬੋਲੀ ਹਰ ਵਿਅਕਤੀ ਦੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦਾ ਸਭ ਤੋਂ ਉੱਤਮ ਵਸੀਲਾ ਹੁੰਦੀ ਹੈ। ਮਨੁੱਖ ਜਨਮ ਤੋਂ ਬਾਅਦ ਆਪਣੀ ਮਾਂ ਤੋਂ ਜਿਹੜੀ ਭਾਸ਼ਾ ਵਿੱਚ ਲੋਰੀਆਂ ਸੁਣਦਾ, ਉਸ ਤੋਂ ਬਾਅਦ ਆਪਣੇ ਜੀਵਨ ਦੇ ਅਲੱਗ-ਅਲੱਗ ਪੜਾਵਾਂ ਅਤੇ ਆਪਣੇ ਸਮਾਜ ਵਿਚ ਵਿਚਰਦੇ ਹੋਏ ਆਪਣੀ ਮਾਤਭਾਸ਼ਾ ਵਿਚ ਬਾਤਾਂ, ਕਹਾਣੀਆਂ, ਗੀਤ, ਘੋੜੀਆਂ, ਸੁਹਾਗ ਅਤੇ ਹਰ ਖੁਸ਼ੀ, ਗਮੀ ਵਿਚ ਜੋ ਬੋਲਦਾ ਸੁਣਦਾ ਹੈ ਉਹ ਮਾਂ ਬੋਲੀ ਅਖਵਾਉਂਦੀ ਹੈ। ਮਾਂ ਕੇਵਲ ਬੱਚੇ ਨੂੰ ਜਨਮ ਦੇਣ ਵਾਲੀ ਹੀ ਨਹੀਂ ਹੁੰਦੀ ਸਗੋਂ ਉਸਦੀ ਪਹਿਲੀ ਅਧਿਆਪਕ ਵੀ ਹੁੰਦੀ ਹੈ। ਭਾਸ਼ਾ ਨਾਲ ਸਭ ਤੋਂ ਪਹਿਲਾ ਮਾਂ ਹੀ ਬੱਚੇ ਦੀ ਸਾਂਝ ਪੁਆਉਂਦੀ ਹੈ, ਤਾਹੀ ਤਾਂ ਇਹ ਪੰਜਾਬੀ ਭਾਸ਼ਾ 'ਮਾਂ ਬੋਲੀ' ਅਖਵਾਉਂਦੀ ਹੈ। ਸਾਨੂੰ ਫ਼ਖ਼ਰ ਹੋਣਾ ਚਾਹੀਦਾ ਹੈ ਕਿ ਇਹ ਮਾਖਿਓਂ ਮਿੱਠੀ ਸਾਡੀ ਮਾਂ ਬੋਲੀ ਪੰਜਾਬੀ ਹੈ ਜੋ ਹੁਣ ਦੇਸ਼ਾਂ-ਵਿਦੇਸ਼ਾਂ ਵਿਚ ਵੀ ਬੋਲੀ, ਸੁਣੀ ਤੇ ਲਿਖੀਂ ਜਾ ਰਹੀ ਹੈ ਪ੍ਰੰਤੂ ਉਦੋਂ ਬਹੁਤ ਦਿਲ ਦੁਖਦਾ ਹੈ ਜਦੋ ਆਪਣੇ ਹੀ ਰਾਜ, ਆਪਣੇ ਘਰ ਮਾਂ-ਬੋਲੀ ਰੋਜ਼ਮਰਾ ਦੀ ਬੋਲ ਚਾਲ ਵਿੱਚੋਂ ਘਟਦੀ ਜਾ ਰਹੀ ਹੈ। ਸਮਾਜ ਵਿਚ ਵਿਚਰਦੇ ਹੋਏ ਸਾਨੂੰ ਪੰਜਾਬੀ ਬੋਲਣ ਵਿੱਚ ਕਦੀ ਵੀ ਸ਼ਰਮਿੰਦਗੀ ਮਹਿਸੂਸ ਨਹੀਂ ਕਰਨੀ ਚਾਹੀਦੀ। ਅਸੀਂ ਦੁਨੀਆਂ ਦੀਆ ਹੋਰ ਭਾਸ਼ਾਵਾਂ ਸਿੱਖੀਏ ਤੇ ਬੋਲੀਏ, ਪੜ੍ਹੀਏ ਤੇ ਲਿਖੀਏ ਕਿਉਂਕਿ ਸਾਰੀਆਂ ਭਾਸ਼ਾਵਾਂ ਬਹੁਤ ਵਧੀਆ ਹਨ ਅਤੇ ਸਮੇਂ ਦੇ ਨਾਲ ਹਰ ਭਾਸ਼ਾ ਦਾ ਗਿਆਨ ਹੋਣਾ ਜ਼ਰੂਰੀ ਹੈ, ਪ੍ਰੰਤੂ ਸਾਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲੋਂ ਨਾਤਾ ਕਦੇ ਵੀ ਨਹੀਂ ਤੋੜਨਾ ਚਾਹੀਦਾ, ਪੂਰੇ ਸੰਸਾਰ ਵਿੱਚ 21 ਫ਼ਰਵਰੀ ਦੇ ਦਿਨ ਨੂੰ ਮਾਂ ਬੋਲੀ ਦਿਵਸ ਦੇ ਵਜੋਂ ਮਨਾਇਆ ਜਾਂਦਾ ਹੈ। ਯੂਨੈਸਕੋ ਨੇ ਸੰਨ 1999 ਈ: ਤੋਂ ਹਰ ਸਾਲ ਮਿਤੀ 21 ਫ਼ਰਵਰੀ ਨੂੰ ਮਾਤ ਭਾਸ਼ਾ ਮਨਾਉਣ ਦਾ ਐਲਾਨ ਕੀਤਾ ਸੀ। ਮਾਂ-ਬੋਲੀ ਪੰਜਾਬੀ 'ਤੇ ਪੰਜਾਬੀ ਬੋਲੀ ਦੇ ਮਸ਼ਹੂਰ ਸ਼ਾਇਰ ਉਸਤਾਦ ਦਾਮਨ ਜੀ ਕਹਿੰਦੇ ਹਨ ਕਿ :-

ਮੈਨੂੰ ਕਈਆਂ ਨੇ ਆਖਿਆ ਕਈ ਵਾਰੀ, ਤੂੰ ਲੈਣਾ ਪੰਜਾਬੀ ਦਾ ਨਾਂ ਛੱਡ ਦੇ,
ਗੋਦੀ ਜਿਦ੍ਹੀ 'ਚ ਪਲ਼ਕੇ ਜਵਾਨ ਹੋਇਓਂ, ਉਹ ਮਾਂ ਛੱਡ ਦੇ ਤੇ ਗਰਾਂ ਛੱਡ ਦੇ।
ਜੇ ਪੰਜਾਬੀ, ਪੰਜਾਬੀ ਈ ਕੂਕਣਾ ਈਂ, ਜਿੱਥੇ ਖਲਾ ਖਲੋਤਾ ਉਹ ਥਾਂ ਛੱਡ ਦੇ।
ਮੈਨੂੰ ਇੰਝ ਲੱਗਦਾ, ਲੋਕੀਂ ਆਖਦੇ ਨੇ, ਤੂੰ ਪੁੱਤਰਾ ਆਪਣੀ ਮਾਂ ਛੱਡ ਦੇ।

ਸਾਨੂੰ ਇੱਕ ਗੱਲ ਹਮੇਸ਼ਾ ਯਾਦ ਰੱਖਣੀ ਚਾਹੀਦੀ ਹੈ ਕਿ ਆਪਣੀ ਮਾਂ-ਬੋਲੀ ਪੰਜਾਬੀ ਨੂੰ ਭੁਲਾਉਣਾ ਨਹੀਂ ਕਿਉਂਕਿ ਇਹ ਸਾਨੂੰ ਸਾਡੇ ਵਿਰਸੇ, ਸਭਿਆਚਾਰ ਤੇ ਇਤਿਹਾਸ ਨਾਲ ਜੋੜਨ ਦਾ ਕੰਮ ਕਰਦੀ ਹੈ। ਇਕ ਗੱਲ ਪ੍ਰਚਲਤ ਹੈ ਕਿ ਜੇ ਕਿਸੇ ਨੂੰ ਉਸਦੇ ਆਪਣੇ ਵਿਰਸੇ, ਉਸਦੀਆਂ ਜੜ੍ਹਾਂ ਨਾਲੋਂ ਤੋੜਨਾ ਹੋਵੇ ਤਾਂ ਉਸ ਕੋਲੋਂ ਉਸਦੀ ਮਾਂ-ਬੋਲੀ ਖੋਹ ਲਵੋ, ਉਹ ਹੌਲੀ-ਹੌਲੀ ਆਪੇ ਹੀ ਆਪਣੀ ਪਛਾਣ ਭੁੱਲ ਜਾਵੇਗਾ। ਮੌਜੂਦਾ ਸਮੇਂ ਕਈ ਪੜ੍ਹੇ-ਲਿਖੇ ਪੰਜਾਬੀ ਕਹਿੰਦੇ ਹਨ ਕਿ ਪੰਜਾਬੀ ਤਾਂ ਅਨਪੜ੍ਹ ਦੀ ਬੋਲੀ ਹੈ, ਝੂਠੀ ਸ਼ਾਨ ਅਤੇ ਗਲਤ-ਫ਼ਹਿਮੀ ਦਾ ਸ਼ਿਕਾਰ ਉਹ ਆਪਣੇ ਘਰ ਪਰਿਵਾਰ ਵਿੱਚ ਵੀ ਪੰਜਾਬੀ ਬੋਲਣ ਤੋਂ ਗੁਰੇਜ਼ ਕਰਦੇ ਹਨ। ਉਹ ਪੰਜਾਬੀ ਵਿੱਚ ਗੱਲ-ਬਾਤ ਕਰਨ ਨੂੰ ਆਪਣੀ ਹੱਤਕ ਸਮਝਦੇ ਹਨ ਇਸ ਤਰਾਂ ਸਕੂਲ, ਕਾਲਜ ਵਿਚ ਵੀ ਪੰਜਾਬੀ ਨਾਲ ਵਿਤਕਰਾ ਕੀਤਾ ਜਾਂਦਾ ਹੈ। ਸਾਨੂੰ ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕੇ ਇਹ ਸਾਡੇ ਗੁਰੂਆਂ, ਪੀਰਾਂ ਦੀ ਭਾਸ਼ਾ ਹੈ ਜਿਸ ਨੂੰ ਮਾਂ ਦਾ ਦਰਜ ਮਿਲਿਆ, ਇਸ ਬੋਲੀ ਰਹੀ ਹੀ ਤਾਂ ਸੂਫੀ ਸੰਤ ਫਰੀਦ ਜੀ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ ਆਦਿ ਅਨੇਕਾਂ ਹੀ ਸੂਫੀ ਸੰਤ, ਫਕੀਰਾਂ ਨੇ ਆਪਣੀਆਂ ਰਚਨਾਵਾਂ ਰਚੀਆਂ। ਇਸ ਤੋਂ ਇਲਾਵਾ ਅਨੇਕਾਂ ਹੀ ਕਵੀ, ਕਵੀਸ਼ਰੀਆਂ, ਲੇਖਕਾ ਨੇ ਮਾਂ ਬੋਲੀ ਰਾਹੀਂ ਪੰਜਾਬੀ ਲੋਕ-ਗੀਤ, ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਨੂੰ ਪੇਸ਼ ਕਰਦਿਆਂ ਪੰਜਾਬੀ ਫਿਲਮਾਂ, ਪੰਜਾਬੀ ਗਾਣੇ, ਪੰਜਾਬੀ ਅਖੌਤਾਂ, ਮੁਹਾਵਰੇ, ਪੰਜਾਬੀ ਬੁਝਾਰਤਾਂ, ਟੱਪੇ ਆਦਿ ਪੰਜਾਬੀ ਬੋਲੀ ਵਿੱਚ ਸਿਰਜ ਕੇ ਸਾਡੀ ਝੋਲੀ ਪਾਏ। ਸਾਨੂੰ ਚਾਹੀਦਾ ਹੈ ਕੇ ਮਾਂ ਬੋਲੀ ਵਿਚ ਸਿਰਜਿਆ ਇਹ ਸ਼ਬਦ ਰੂਪੀ ਖਜ਼ਾਨਾ ਅਸੀਂ ਸਾਂਭੀਏ। ਆਓ ਆਪਣੇ ਆਪ ਨਾਲ ਵਾਅਦਾ ਕਰੀਏ ਕਿ ਆਪਣੀ ਮਾਂ ਬੋਲੀ ਦੇ ਸਨਮਾਨ ਪ੍ਰਤੀ , ਮਾਂ ਬੋਲੀ ਦੇ ਪਿਆਰ ਪ੍ਰਤੀ, ਅਸੀਂ ਆਪ ਅਤੇ ਆਪਣੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਨਾਲ ਜੋੜਾਂਗੇ। ਮਾਂ ਬੋਲੀ ਪੰਜਾਬੀ ਪ੍ਰਤੀ ਆਪਣੀ ਮੁਹੱਬਤ ਦਾ ਇਜ਼ਹਾਰ ਕਰਦਿਆਂ ਮਾਂ-ਬੋਲੀ ਪੰਜਾਬੀ 'ਤੇ ਉਸਤਾਦ ਦਾਮਨ ਜੀ ਕਹਿੰਦੇ ਹਨ :-

ਉਰਦੂ ਦਾ ਮੈਂ ਦੋਖੀ ਨਾਹੀਂ ਤੇ ਦੁਸ਼ਮਣ ਨਹੀਂ ਅੰਗਰੇਜ਼ੀ ਦਾ,
ਪੁੱਛਦੇ ਓ ਮੇਰੇ ਦਿਲ ਦੀ ਬੋਲੀ, ਹਾਂ ਜੀ ਹਾਂ ਪੰਜਾਬੀ ਏ,
ਹਾਂ ਜੀ ਹਾਂ ਪੰਜਾਬੀ ਏ।
ਬੁੱਲ੍ਹਾ ਮਿਲ਼ਿਆ ਏਸੇ ਵਿੱਚੋਂ, ਏਸੇ ਵਿੱਚੋਂ ਵਾਰਿਸ ਵੀ।
ਧਾਰਾਂ ਮਿਲ਼ੀਆਂ ਏਸੇ ਵਿੱਚੋਂ, ਮੇਰੀ ਮਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।
ਇਹਦੇ ਬੋਲ ਕੰਨਾਂ ਵਿਚ ਪੈਂਦੇ, ਦਿਲ ਮੇਰੇ ਦੇ ਵਿੱਚ ਨੇ ਰਹਿੰਦੇ ।
ਤਪਦੀਆਂ ਹੋਈਆਂ ਰੇਤਾਂ ਉੱਤੇ, ਇੱਕ ਠੰਡੀ ਛਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।
ਇਹਦੇ ਦੁੱਧਾਂ ਦੇ ਵਿੱਚ ਮੱਖਣੀ, ਮੱਖਣਾਂ ਵਿੱਚ ਘਿਓ ਦੀ ਚੱਖਣੀ।
ਡੱਬ ਖੜੱਬੀ ਦੁੱਧਲ ਜੇਹੀ, ਇੱਕ ਸਾਡੀ ਗਾਂ ਪੰਜਾਬੀ ਏ।
ਹਾਂ ਜੀ ਹਾਂ ਪੰਜਾਬੀ ਏ।

# ਪੰਜਾਬ ਦੇ ਸਰਕਾਰੀ ਅਦਾਰੇ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਪ੍ਰਤੀ ਸੁਹਿਰਦ ਨਹੀਂ



ਪਰਮਜੀਤ ਸਿੰਘ
ਢੀਂਗਰਾ

ਭਾਸ਼ਾ ਮਨੁੱਖ ਦੀ ਪਛਾਣ ਹੈ, ਸੱਭਿਆਚਾਰ ਉਹਦੇ ਜੀਣ-ਥੀਣ ਦਾ ਢੰਗ ਹੈ ਤੇ ਸਾਹਿਤ ਉਹਦੇ ਸੁਹਜ-ਸਵਾਦ ਦਾ ਸੋਮਾ ਹੈ। ਹਰ ਮਨੁੱਖ ਆਪਣੀ ਜ਼ਿੰਦਗੀ ਵਿੱਚ ਇਨ੍ਹਾਂ ਤਿੰਨਾਂ ਨਾਲ ਕਿਸੇ ਨਾ ਕਿਸੇ ਰੂਪ ਵਿਚ ਜੁੜਿਆ ਰਹਿੰਦਾ ਹੈ। ਕਿਸੇ ਸਮਾਜ ਦੀ ਪਛਾਣ ਲਈ ਭਾਸ਼ਾ ਤੇ ਸੱਭਿਆਚਾਰ ਅਜਿਹੇ ਜੁੱਟ ਹਨ, ਜਿਨ੍ਹਾਂ ਦੇ ਵਿਕਾਸ ਨਾਲ ਮਨੁੱਖੀ ਸ੍ਰੋਤਾਂ ਦਾ ਵਿਕਾਸ ਹੁੰਦਾ ਹੈ। ਪਰ ਸਾਡੀਆਂ ਭਾਸ਼ਾਵਾਂ, ਸਾਹਿਤ ਤੇ ਸੱਭਿਆਚਾਰ ਬਸਤੀਕਾਲ ਤੋਂ ਹੀਣਤਾ ਤੇ ਹਾਸ਼ੀਏ ਦਾ ਸ਼ਿਕਾਰ ਰਹੇ ਹਨ। ਇਨ੍ਹਾਂ ਦੀ ਤਰੱਕੀ ਲਈ ਜਿਹੋ ਜਿਹੀ ਯੋਜਨਾਬੰਦੀ ਦੀ ਲੋੜ ਸੀ, ਉਸ ਤੋਂ ਸਮੇਂ ਦੀਆਂ ਸਰਕਾਰਾਂ ਹਮੇਸ਼ਾ ਅਵੇਸਲੀਆਂ ਰਹੀਆਂ, ਜਿਸ ਕਰਕੇ ਅੱਜ ਵੀ ਸਾਨੂੰ ਇਹ ਅਹਿਸਾਸ ਹੁੰਦਾ ਹੈ ਕਿ ਅਸੀਂ ਆਪਣੀ ਪਛਾਣ ਨੂੰ ਪੂਰੀ ਤਰ੍ਹਾਂ ਦ੍ਰਿੜ ਨਹੀਂ ਕਰਵਾ ਸਕੇ।

ਸੰਵਿਧਾਨ ਅਨੁਸਾਰ ਭਾਰਤ ਫੈਡਰਲ ਢਾਂਚੇ ਵਿੱਚ ਢਲਿਆ ਮਹਾਂਦੀਪ ਹੈ ਤੇ ਇਸ ਵਿੱਚ ਹਰ ਖਿੱਤੇ ਨੂੰ ਆਪਣੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਵਿਕਸਿਤ ਕਰਨ, ਉਸ ਦੀ ਰਾਖੀ ਕਰਨ ਤੇ ਆਪਣੇ ਲੋਕਾਂ ਨੂੰ ਉਹਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਦੀ ਖੁੱਲ੍ਹ ਹੈ। ਪਰ ਜਦੋਂ ਅਸੀਂ ਹਕੀਕੀ ਪੱਧਰ 'ਤੇ ਜਾ ਕੇ ਦੇਖਦੇ ਹਾਂ ਤਾਂ ਸਥਿਤੀਆਂ ਚਿੰਤਾਜਨਕ ਨਜ਼ਰ ਆਉਂਦੀਆਂ ਹਨ। ਅੱਜ ਭਾਰਤ ਦੀ ਬਹੁਬਿਧਤਾ, ਬਹੁਭਾਸ਼ਾਈ, ਬਹੁਧਰਮੀ, ਬਹੁਨਸਲੀ ਰਹਿਤਲ ਤੋਂ ਮੁਨਕਰ ਹੋ ਕੇ ਇਸਦੇ ਕੇਂਦਰੀਕਰਨ 'ਤੇ ਜ਼ੋਰ ਦੇ ਕੇ ਇਕ ਦੇਸ਼, ਇਕ ਭਾਸ਼ਾ, ਇਕ ਸਿੱਖਿਆ ਵਰਗੇ ਸੰਦੇਸ਼ ਦਿੱਤੇ ਜਾ ਰਹੇ ਹਨ, ਜੋ ਸ਼ਾਵਨਵਾਦੀ ਰੁਚੀਆਂ ਦੇ ਮੁਦਈ ਹਨ। ਅਜ਼ਾਦੀ ਤੋਂ ਬਾਅਦ ਭਾਸ਼ਾਵਾਂ ਦੇ ਆਧਾਰ 'ਤੇ ਸੂਬੇ ਬਣਾ ਦਿੱਤੇ ਗਏ ਪਰ ਪੰਜਾਬ ਦੇ ਸੰਦਰਭ ਵਿਚ ਇਸ ਨੂੰ ਦੋ ਭਾਸ਼ੀ ਖਿੱਤਾ ਕਰਾਰ ਦੇ ਕੇ ਵਿਸ਼ੈਲੀ ਮਾਨਸਿਕਤਾ ਦਾ ਪ੍ਰਗਟਾਵਾ ਕੀਤਾ ਗਿਆ, ਜਿਸ ਕਰਕੇ ਪੰਜਾਬ ਨੂੰ ਭੂਗੋਲਕ, ਭਾਸ਼ਾਈ, ਸੱਭਿਆਚਾਰਕ ਤੇ ਸਾਹਿਤਕ ਪੱਖੋਂ ਵੱਡੀ ਮਾਰ ਪਈ। ਇਸ ਦੀ ਭੂਗੋਲਕਤਾ ਨੂੰ ਭਾਸ਼ਾਈ ਇਕਾਈ ਨਾ ਮੰਨ ਕੇ ਰਾਜਨੀਤਕ ਸੋਚ ਅਨੁਸਾਰ ਇਸ ਨੂੰ ਖੰਡਿਤ ਕਰ ਦਿੱਤਾ ਗਿਆ। ਇੱਥੇ ਹੀ ਬਸ ਨਹੀਂ ਸਗੋਂ ਇਹਦੇ ਕੁਦਰਤੀ ਸਰੋਤਾਂ ਵਿਸ਼ੇਸ਼ ਕਰਕੇ ਪਾਣੀਆਂ ਨੂੰ ਸਾਮਰਾਜੀ ਲੁੱਟ ਦਾ ਸ਼ਿਕਾਰ ਬਣਾ ਕੇ ਕਾਣੀ ਵੰਡ ਕੀਤੀ ਗਈ। ਸਾਰੇ ਕੁਦਰਤੀ ਕਾਨੂੰਨਾਂ, ਸੰਧੀਆਂ, ਪਰੰਪਰਾਵਾਂ ਨੂੰ ਛਿੱਕੇ ਟੰਗ ਕੇ ਮਨਮਰਜ਼ੀ ਦੇ ਫ਼ੈਸਲੇ ਥੋਪੇ ਗਏ, ਜੋ ਅੱਜ ਤੱਕ ਰੇੜਕੇ ਦੇ ਰਿੜਕਣੇ ਪਏ ਹੋਏ ਹਨ।

ਅਜਿਹੀਆਂ ਇਤਿਹਾਸਕ ਦੁਰ-ਸਥਿਤੀਆਂ ਦੇ ਪ੍ਰਸੰਗ ਵਿੱਚ ਜੇ ਤਤਕਾਲੀ ਸਥਿਤੀਆਂ 'ਤੇ ਨਜ਼ਰ ਮਾਰੀਏ ਤਾਂ ਪੰਜਾਬ ਅੱਜ ਵੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਪੱਖੋਂ ਕਈ ਸਮੱਸਿਆਵਾਂ ਨਾਲ ਜੂਝ ਰਿਹਾ ਨਜ਼ਰ ਆਉਂਦਾ ਹੈ। ਇਹ ਸਮੱਸਿਆਵਾਂ ਆਜ਼ਾਦੀ ਤੋਂ ਬਾਅਦ ਵੱਖਰੇ ਰੂਪ ਵਿੱਚ ਨਜ਼ਰ ਆਉਂਦੀਆਂ ਹਨ। ਕਿਸੇ ਵੀ ਖਿੱਤੇ ਵਿੱਚ ਇਹ ਤਿੰਨੇ ਜੁੱਟ ਉਦੋਂ ਵਿਕਾਸ ਕਰਦੇ ਹਨ ਜਦੋਂ ਇਨ੍ਹਾਂ ਦੀ ਯੋਜਨਾਬੰਦੀ ਕੀਤੀ ਜਾਵੇ। ਪਰ ਪੰਜਾਬ ਦੀਆਂ ਸਰਕਾਰਾਂ ਨੇ ਕਦੇ ਵੀ ਇਨ੍ਹਾਂ ਦੀ ਯੋਜਨਾਬੰਦੀ ਨਹੀਂ ਕੀਤੀ। ਇਹ ਹਮੇਸ਼ਾ ਅਫ਼ਸਰਸ਼ਾਹੀ ਦਾ ਸ਼ਿਕਾਰ ਰਹੀਆਂ ਹਨ।

ਜੇ ਉਨ੍ਹਾਂ ਸੰਸਥਾਵਾਂ ਦੀ ਗੱਲ ਕਰੀਏ, ਜਿਹੜੀਆਂ ਇਨ੍ਹਾਂ ਦੇ ਪਹਿਰੇਦਾਰ ਦੇ ਰੂਪ ਵਿੱਚ ਹੁੰਦੀਆਂ ਹਨ ਤਾਂ ਉਨ੍ਹਾਂ ਦੀ ਹਾਲਤ ਬੜੀ ਖ਼ਸਤਾ ਹੋ ਚੁੱਕੀ ਹੈ। ਉਨ੍ਹਾਂ ਬਾਰੇ ਪਿਛਲੀਆਂ ਸਰਕਾਰਾਂ ਦੀਆਂ ਨੀਤੀਆਂ ਤੇ ਨੀਅਤ ਦੋਹਾਂ ਵਿੱਚ ਖੋਟ ਰਹੀ ਹੈ। ਉਨ੍ਹਾਂ ਨੇ ਕਦੇ ਵੀ ਕੇਂਦਰ ਸਰਕਾਰ ਕੋਲੋਂ ਇਨ੍ਹਾਂ ਦੇ ਵਿਕਾਸ ਲਈ ਨਾ ਤਾਂ ਗਰਾਂਟਾਂ ਮੰਗੀਆਂ, ਜੋ ਇਨ੍ਹਾਂ ਦਾ ਹੱਕ ਸੀ, ਤੇ ਨਾ ਆਪਣੇ ਬਜਟਾਂ ਰਾਹੀਂ ਪੈਸੇ ਦੀ ਕੋਈ ਵਿਵਸਥਾ ਕੀਤੀ। ਮਸਲਨ ਭਾਸ਼ਾ ਵਿਭਾਗ ਜੋ ਪੰਜਾਬੀ ਦੀ ਉੱਨਤੀ ਲਈ ਇਕ ਵੱਡੀ ਸੰਸਥਾ ਹੈ, ਹੁਣ ਇਹ ਲਗਭਗ ਸਾਧਨਹੀਣ ਤੇ ਅਣਗੌਲੀ ਸੰਸਥਾ ਹੋ ਕੇ ਰਹਿ ਗਈ ਹੈ। ਸਾਹਿਤ ਦੀ ਉੱਨਤੀ ਲਈ ਇਹ ਲੇਖਕਾਂ ਨੂੰ ਇਨਾਮ ਦੇਂਦੀ ਹੈ, ਪਰ ਪਿੱਛੇ ਜਿਹੇ ਇਨ੍ਹਾਂ ਇਨਾਮਾਂ ਸਬੰਧੀ ਪੈਦਾ ਹੋਏ ਵਿਵਾਦਾਂ ਨੇ ਇਸ ਦੀ ਸਾਖ਼ ਨੂੰ ਖੋਰਾ ਲਾ ਦਿੱਤਾ ਹੈ। ਇਸ ਸੰਸਥਾ ਕੋਲ ਆਪਣੇ ਮੈਗਜ਼ੀਨ ਚਲਾਉਣ ਤੇ ਕਿਤਾਬਾਂ ਦੀ ਛਪਾਈ ਲਈ ਉੱਚਿਤ ਫੰਡ ਨਹੀਂ ਹਨ। ਦਹਾਕਿਆਂ ਤੋਂ ਛਪਣ ਦੀ ਉਡੀਕ ਵਿੱਚ ਖਰੜੇ ਬਿਰਧ ਹੋ ਰਹੇ ਹਨ।

ਸੰਵਿਧਾਨ ਅਨੁਸਾਰ ਭਾਰਤ ਫੈਡਰਲ ਢਾਂਚੇ ਵਿੱਚ ਢਲਿਆ ਮਹਾਂਦੀਪ ਹੈ ਤੇ ਇਸ ਵਿੱਚ ਹਰ ਖਿੱਤੇ ਨੂੰ ਆਪਣੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਵਿਕਸਿਤ ਕਰਨ, ਉਸ ਦੀ ਰਾਖੀ ਕਰਨ ਤੇ ਆਪਣੇ ਲੋਕਾਂ ਨੂੰ ਉਹਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਦੀ ਖੁੱਲ੍ਹ ਹੈ। ਪਰ ਜਦੋਂ ਅਸੀਂ ਹਕੀਕੀ ਪੱਧਰ 'ਤੇ ਜਾ ਕੇ ਦੇਖਦੇ ਹਾਂ ਤਾਂ ਸਥਿਤੀਆਂ ਚਿੰਤਾਜਨਕ ਨਜ਼ਰ ਆਉਂਦੀਆਂ ਹਨ। ਅੱਜ ਭਾਰਤ ਦੀ ਬਹੁਬਿਧਤਾ, ਬਹੁਭਾਸ਼ਾਈ, ਬਹੁਧਰਮੀ, ਬਹੁਨਸਲੀ ਰਹਿਤਲ ਤੋਂ ਮੁਨਕਰ ਹੋ ਕੇ ਇਸਦੇ ਕੇਂਦਰੀਕਰਨ 'ਤੇ ਜ਼ੋਰ ਦੇ ਕੇ ਇੱਕ ਦੇਸ਼, ਇੱਕ ਭਾਸ਼ਾ, ਇੱਕ ਸਿੱਖਿਆ ਵਰਗੇ ਸੰਦੇਸ਼ ਦਿੱਤੇ ਜਾ ਰਹੇ ਹਨ, ਜੋ ਸ਼ਾਵਨਵਾਦੀ ਰੁਚੀਆਂ ਦੇ ਮੁਦੱਈ ਹਨ।

ਭਾਸ਼ਾ ਵਿਭਾਗ ਵੱਖ-ਵੱਖ ਜ਼ਿਲ੍ਹਿਆਂ 'ਚ ਦਫਤਰ ਖੋਲ੍ਹ ਕੇ ਖੋਜ, ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੀ ਉੱਨਤੀ ਲਈ ਵਚਨਬੱਧ ਹੈ। ਪਰ ਲੰਮੇ ਸਮੇਂ ਤੋਂ ਇਸ ਵਿੱਚ ਨਿਯੁਕਤੀਆਂ ਨਹੀਂ ਸਨ ਹੋ ਰਹੀਆਂ। ਚੋਣਾਂ ਤੋਂ ਕੁਝ ਸਮਾਂ ਪਹਿਲਾਂ ਖੇਡੇ ਇਕ ਦਾਅ ਵਾਂਗ ਅਫ਼ਸਰਸ਼ਾਹੀ ਨੇ ਸਕੂਲਾਂ ਵਿਚੋਂ ਅਧਿਆਪਕ ਚੁਣ ਕੇ ਉਨ੍ਹਾਂ ਨੂੰ ਭਾਸ਼ਾ ਅਫ਼ਸਰ ਤੇ ਖੋਜ ਸਹਾਇਕ ਲਾ ਦਿੱਤਾ। ਭਾਸ਼ਾ ਅਫ਼ਸਰਾਂ ਦੀ ਚੋਣ ਪਬਲਿਕ ਸਰਵਿਸ ਕਮਿਸ਼ਨ ਰਾਹੀਂ ਕੀਤੀ ਜਾਂਦੀ ਹੈ ਪਰ ਚੋਰਮੋਰੀ ਰਾਹੀਂ ਇਹ ਨਿਯੁਕਤੀਆਂ ਕਰ ਕੇ ਬੁੱਤਾ ਸਾਰਿਆ ਗਿਆ। ਨਾ ਤਾਂ ਭਾਸ਼ਾ ਅਫ਼ਸਰਾਂ ਕੋਲ ਕੋਈ ਸਿਖਲਾਈ ਤੇ ਯੋਜਨਾਬੰਦੀ ਹੈ ਨਾ ਖੋਜ ਸਹਾਇਕਾਂ ਨੂੰ ਪਤਾ ਹੈ ਕਿ ਖੋਜ ਦਾ ਮਤਲਬ ਕੀ ਹੈ, ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਭਾਸ਼ਾ ਅਫ਼ਸਰਾਂ ਦਾ ਸਹਾਇਕ ਲਾਇਆ ਗਿਆ ਹੈ। ਅਜਿਹੀਆਂ ਸਥਿਤੀਆਂ ਵਿੱਚ ਭਾਸ਼ਾ ਵਿਭਾਗ, ਜੋ ਕਦੇ ਪੰਜਾਬੀ ਮਹਿਕਮਾ ਹੁੰਦਾ ਸੀ, ਅੱਜ ਆਪਣੀ ਤਰਸਯੋਗ ਹਾਲਤ ਵਿਚ ਸਾਹ ਲੈ ਰਿਹਾ ਹੈ। ਉਸ ਕੋਲ ਪੰਜਾਬੀ ਭਾਸ਼ਾ ਨੂੰ ਵੱਖ-ਵੱਖ ਪੱਧਰਾਂ 'ਤੇ ਲਾਗੂ ਕਰਨ ਦੀ ਜ਼ਿੰਮੇਵਾਰੀ ਹੈ। ਪਰ ਉਹਨੇ ਕਦੇ ਵੀ ਇਸ ਵੱਲ ਗੌਰ ਨਹੀਂ ਕੀਤਾ। ਸਿੱਟੇ ਵਜੋਂ ਪੰਜਾਬੀ ਭਾਸ਼ਾ ਦੀ ਦਫ਼ਤਰਾਂ ਵਿੱਚ ਜੋ ਹਾਲਤ ਹੈ, ਅਸੀਂ ਸਾਰੇ ਚੰਗੀ ਤਰ੍ਹਾਂ ਜਾਣਦੇ ਹਾਂ। ਪੰਜਾਬ ਰਾਜ ਭਾਸ਼ਾ ਐਕਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ਼ ਲਾਗੂ ਕਰਨਾ ਇਸਦੀ ਬੁਨਿਆਦੀ ਜ਼ਿੰਮੇਵਾਰੀ ਹੈ, ਪਰ ਇਸ ਨੇ ਇਸ ਨੂੰ ਕਦੇ ਵੀ ਗੰਭੀਰਤਾ ਨਾਲ ਲੈ ਕੇ ਦਫ਼ਤਰਾਂ, ਬੋਰਡਾਂ ਤੇ ਹੋਰ ਅਦਾਰਿਆਂ ਦੀ ਰੁਟੀਨ ਚੈਕਿੰਗ ਕਰਕੇ ਸਰਕਾਰ ਨੂੰ ਕੋਈ ਰਿਪੋਰਟ ਨਹੀਂ ਭੇਜੀ ਕਿ ਪੰਜਾਬੀ ਵਿਚ ਕਿੰਨਾ ਕੁ ਕੰਮ ਹੋ ਰਿਹਾ ਹੈ। ਇਹ ਸੰਸਥਾ ਸੱਭਿਆਚਾਰਕ ਪ੍ਰੋਗਰਾਮ ਕਰਾਉਣ ਵਾਲੀ ਏਜੰਸੀ ਬਣ ਕੇ ਰਹਿ ਗਈ ਹੈ। ਭਾਸ਼ਾ ਤੇ ਸਾਹਿਤ ਦੀ ਖੋਜ ਤੇ ਪ੍ਰਸਾਰ ਪੱਖੋਂ ਇਸ ਨੇ ਅੱਖਾਂ ਮੀਟੀਆਂ ਹੋਈਆਂ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਸੰਸਥਾ ਨੂੰ ਮਜ਼ਬੂਤ ਬਣਾਵੇ ਤੇ ਜਿਸ ਉਦੇਸ਼ ਲਈ ਇਸ ਦੀ ਸਥਾਪਨਾ ਕੀਤੀ ਗਈ ਸੀ, ਉਹਦੇ ਲਈ ਇਹ ਵਚਨਬੱਧ ਹੋਵੇ। ਕੇਂਦਰੀ ਸਰਕਾਰ ਤੇ ਪੰਜਾਬ ਸਰਕਾਰ ਦੀ ਭਾਈਵਾਲੀ ਵਾਲਾ ਇਕ ਅਦਾਰਾ ਅੱਜ ਤੋਂ ਕਈ ਦਹਾਕੇ ਪਹਿਲਾਂ ਸਥਾਪਿਤ ਕੀਤਾ ਗਿਆ ਸੀ। ਇਸ ਦਾ ਨਾਂ ਸੀ -ਪੰਜਾਬ ਰਾਜ ਯੂਨੀਵਰਸਿਟੀ ਪਾਠ ਪੁਸਤਕ ਬੋਰਡ। ਇਹਦੇ ਉਦੇਸ਼ ਬੜੇ ਸਾਰਥਿਕ ਤੇ ਪੰਜਾਬ ਦੇ ਭਲੇ ਵਾਲੇ ਸਨ। ਇਹਦਾ ਮੁੱਖ ਕੰਮ ਸੀ ਸਕੂਲਾਂ, ਕਾਲਜਾਂ ਦੇ ਵਿਦਿਆਰਥੀਆਂ ਲਈ ਮਿਆਰੀ ਤੇ ਆਧੁਨਿਕ ਪਾਠ ਪੁਸਤਕਾਂ ਤਿਆਰ ਕਰਾਉਣੀਆਂ ਤੇ ਨਾਲ ਹੀ ਚੰਗੀਆਂ ਪਾਠ ਪੁਸਤਕਾਂ ਉੱਘੇ ਅਨੁਵਾਦਕਾਂ ਕੋਲੋਂ ਅਨੁਵਾਦ ਕਰਾਉਣੀਆਂ ਤਾਂ ਜੋ ਮਾਧਿਅਮ ਪਰਿਵਰਤਨ ਦੀ ਨੀਤੀ ਨੂੰ ਸੁਚਾਰੂ ਢੰਗ ਨਾਲ ਲਾਗੂ ਕੀਤਾ ਜਾ ਸਕੇ। ਇਸ ਅਦਾਰੇ ਨੇ ਬਹੁਤ ਸਾਰੀਆਂ ਤਕਨੀਕੀ ਕਿਤਾਬਾਂ ਤਿਆਰ ਵੀ ਕਰਵਾਈਆਂ ਤੇ ਅਨੁਵਾਦ ਵੀ। ਪਰ ਹੌਲੀ-ਹੌਲੀ ਤਾਲਮੇਲ ਦੀ ਘਾਟ ਤੇ ਸਰਕਾਰੀ ਅਣਗਹਿਲੀ ਕਰਕੇ ਇਸ ਬੋਰਡ ਦਾ ਭੋਗ ਪੈ ਗਿਆ। ਚੰਗੀਆਂ ਤੇ ਮਿਆਰੀ ਪੰਜਾਬੀ ਪਾਠ ਪੁਸਤਕਾਂ ਦੀ ਘਾਟ ਅੱਜ ਤੱਕ ਰੜਕਦੀ ਹੈ। ਇਸ ਬੋਰਡ ਦੀਆਂ ਵਧੀਆ ਪਾਠ ਪੁਸਤਕਾਂ ਨੂੰ ਜਾਂ ਤਾਂ ਸਿਉਂਕ ਖਾ ਗਈ ਜਾਂ ਉਹ ਕਿਸੇ ਗੋਦਾਮ ਵਿੱਚ ਪਈਆਂ ਰੱਦੀ ਦੇ ਢੇਰ ਬਣ ਗਈਆਂ। ਸਰਕਾਰ ਨੂੰ ਚਾਹੀਦਾ ਹੈ ਕਿ ਇਸ ਬੋਰਡ ਨੂੰ ਪੁਨਰਜੀਵਤ ਕਰੇ ਜਾਂ ਫਿਰ ਇਹੋ ਜਿਹੇ ਕਿਸੇ ਹੋਰ ਬੋਰਡ ਦਾ ਗਠਨ ਕਰੇ ਤਾਂ ਜੋ ਪਾਠ ਪੁਸਤਕਾਂ ਦਾ ਮਸਲਾ ਹੱਲ ਕੀਤਾ ਜਾ ਸਕੇ। ਸਿੱਖਿਆ, ਸਾਹਿਤ ਤੇ ਸੱਭਿਆਚਾਰ ਦੀ ਤਰੱਕੀ ਲਈ ਯੂਨੀਵਰਸਿਟੀਆਂ, ਕਾਲਜਾਂ ਦਾ ਯੋਗਦਾਨ ਬੜਾ ਵੱਡਮੁੱਲਾ ਹੁੰਦਾ ਹੈ, ਪਰ ਪੰਜਾਬ ਦੀਆਂ ਪਬਲਿਕ ਯੂਨੀਵਰਸਿਟੀਆਂ ਫੰਡਾਂ ਦੀ ਘਾਟ ਨਾਲ ਜੂਝਦੀਆਂ ਕਰਜ਼ਾਈ ਹੋ ਗਈਆਂ ਹਨ। ਪੰਜਾਬੀ ਭਾਸ਼ਾ ਦੇ ਨਾਂ 'ਤੇ ਬਣੀ ਯੂਨੀਵਰਸਿਟੀ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦਾ ਓਨਾ ਵਿਕਾਸ ਨਹੀਂ ਕਰ ਸਕੀ ਜਿੰਨੀ ਉਸ ਤੋਂ ਉਮੀਦ ਕੀਤੀ ਜਾਂਦੀ ਸੀ। ਫੰਡਾਂ ਦੀ ਘਾਟ ਕਰਕੇ ਇਹ ਯੂਨੀਵਰਸਿਟੀ ਅੱਜ ਕਰਜ਼ੇ ਦੀ ਮਾਰ ਨਾਲ ਝੰਬੀ ਪਈ ਹੈ। ਪਬਲਿਕ ਯੂਨੀਵਰਸਿਟੀਆਂ ਅੱਜ ਆਪਣੀ ਹੋਂਦ ਬਚਾਉਣ ਲਈ ਸਰਕਾਰ ਦੇ ਤਰਲੇ ਕੱਢ ਰਹੀਆਂ ਹਨ। ਇਨ੍ਹਾਂ ਦੀ ਹੋਂਦ ਕਾਇਮ ਰੱਖਣ ਲਈ ਸਰਕਾਰ ਨੂੰ ਵੱਡੇ ਤੇ ਵਾਧੂ ਯਤਨ ਕਰਨ ਦੀ ਲੋੜ ਹੈ। ਸਰਕਾਰੀ ਕਾਲਜ ਅਧਿਆਪਕਾਂ ਤੋਂ ਸੱਖਣੇ ਹੋ ਗਏ ਹਨ ਤੇ ਸਰਕਾਰ ਦੇ ਹੁੰਗਾਰੇ ਨੂੰ ਉਡੀਕ ਰਹੀ ਸਿੱਖਿਆ ਮੂਰਛਤ ਹੁੰਦੀ ਜਾ ਰਹੀ ਹੈ। ਜੁਗਾੜੂ ਪ੍ਰਬੰਧ ਸਿੱਖਿਆ ਦੀ ਬੇੜੀ ਪਾਰ ਨਹੀਂ ਲਾ ਸਕਦੇ।

ਇਸ ਦੇ ਨਾਲ ਜੁੜਿਆ ਇਕ ਹੋਰ ਮਸਲਾ ਵੀ ਹੈ, ਜਿਸ ਨਾਲ ਭਾਸ਼ਾ ਤੇ ਸਿੱਖਿਆ ਦਾ ਸੱਤਿਆਨਾਸ ਹੋ ਰਿਹਾ ਹੈ। ਸਿੱਖਿਆ ਦੇ ਬਾਜ਼ਾਰੀਕਰਨ ਨੇ ਇਹਦਾ ਮੂਲ ਉਦੇਸ਼ ਖ਼ਤਮ ਕਰਕੇ ਇਸ ਨੂੰ ਮੁਨਾਫ਼ੇ ਦੀ ਵਸਤ ਬਣਾ ਦਿੱਤਾ ਹੈ। ਪੰਜਾਬ ਵਿੱਚ ਧੜਾਧੜ ਖੁੱਲ੍ਹ ਰਹੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਤੇ ਹੋਰ ਸਿੱਖਿਆ ਅਦਾਰੇ ਜਿਸ ਤਰੀਕੇ ਨਾਲ ਸਿੱਖਿਆ ਦਾ ਵਪਾਰੀਕਰਨ ਕਰ ਕੇ ਲੋਕਾਂ ਨੂੰ ਲੁੱਟ ਰਹੇ ਹਨ, ਉਹ ਚਿੰਤਾ ਦਾ ਵਿਸ਼ਾ ਹੈ। ਸਿੱਖਿਆ ਦਾ ਇਹ ਬਾਜ਼ਾਰਵਾਦ ਸਾਡੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਨੂੰ ਹਮੇਸ਼ਾ ਹਾਸ਼ੀਏ 'ਤੇ ਰੱਖ ਕੇ ਇਸ ਨੂੰ ਦੁਰਕਾਰਦਾ ਰਿਹਾ ਹੈ। ਇਹਦੇ ਲਈ ਭਾਸ਼ਾ ਤੇ ਸਿੱਖਿਆ ਕਮਿਸ਼ਨ ਮੁੱਖ ਤਤਕਾਲੀ ਲੋੜ ਹੈ। ਸਰਕਾਰਾਂ ਇਸ ਦੇ ਬਾਰੇ ਚੋਣਾਂ ਵੇਲੇ ਵਾਅਦੇ ਜ਼ਰੂਰ

(ਬਾਕੀ ਸਫ਼ਾ 31 'ਤੇ)

# ਗੁਰਦੁਆਰਾ ਸਾਹਿਬ ਧਰਮ ਅਤੇ ਸਮਾਜ ਉਸਾਰੀ ਕੇਂਦਰ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗੁਰਦੁਆਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਸੰਗਤ ਗੁਰਬਾਣੀ, ਪਾਠ, ਕਥਾ-ਕੀਰਤਨ, ਇਤਿਹਾਸ ਅਤੇ ਢਾਡੀ ਵਾਰਾਂ ਸਰਵਣ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੀ ਹੈ। ਸ਼ਰਧਾ ਭਾਵਨਾ ਨਾਲ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਕੀਤੇ ਜਾਂਦੇ ਹਨ। ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਗੁਰੂਕਾਲ ਵਿਚ ਜਿੱਥੇ ਵੀ ਸਿੱਖ ਵਸਦੇ ਸਨ, ਘਰਾਂ ਵਿਚ ਇਕੱਠੇ ਹੋ ਕੇ ਗੁਰਬਾਣੀ ਸਰਵਣ ਕਰਦੇ, ਵਿਚਾਰਾਂ ਕਰਦੇ। ਜਦੋਂ ਸੰਗਤ ਦੀ ਗਿਣਤੀ ਵਧਣ ਲੱਗੀ ਤਾਂ ਧਰਮਸ਼ਾਲਾਵਾਂ ਬਣਾ ਲਈਆਂ। ਇਹ ਬਾਹਰੋਂ ਆਈ ਸੰਗਤ ਦੀ ਸੇਵਾ ਅਤੇ ਠਾਹਰ ਹੁੰਦੀਆਂ ਸਨ। ਇਸ ਤਰ੍ਹਾਂ ਧਾਰਮਿਕ ਕੇਂਦਰ ਹੋਂਦ ਵਿਚ ਆਉਂਦੇ ਗਏ। ਅਜਿਹੇ ਪਹਿਲਾ ਵੱਡਾ ਕੇਂਦਰ ਕਰਤਾਰਪੁਰ (ਪਾਕਿਸਤਾਨ) ਤਰਨ ਤਾਨ, ਕਰਤਾਰਪੁਰ (ਜਲੰਧਰ), ਚੱਕ ਨਾਨਕ (ਅਨੰਦਪੁਰ ਸਾਹਿਬ), ਕੀਰਤਪੁਰ, ਪਾਉਂਟਾ ਸਾਹਿਬ ਅੱਗੇ ਜਾ ਕੇ ਜਿਵੇਂ ਜਿਵੇਂ ਸੰਗਤ ਵਧਦੀ ਗਈ ਹੋਰ ਧਰਮਸ਼ਾਲਾਵਾਂ ਹੋਂਦ ਵਿਚ ਆਉਂਦੀਆਂ ਗਈਆਂ। ਜਿਵੇਂ ਭਾਈ ਕਲਿਆਣ (ਮਹਲਾ ਦਿਲਵਾਲੀ ਸਿੰਘਾਂ ਦਿੱਲੀ) ਭਾਈ ਗਦੋ (ਧਰਮਤਾਨ ਜੀਂਦ), ਢਾਕਾ, ਪਟਨਾ, ਕਸ਼ਮੀਰ ਦੀਆਂ ਧਰਮਸ਼ਾਲਾਵਾਂ

ਅਠਾਰਵੀਂ ਸਦੀ ਦੇ ਅੰਤ ਤੱਕ ਗੁਰੂ ਸਾਹਿਬਾਨ ਦੀ ਯਾਦ ਵਿਚ ਬਣੇ ਥੜਿਆਂ ਤੋਂ ਬਣਨ ਵਾਲੀਆਂ ਇਮਾਰਤਾਂ ਨੂੰ ਗੁਰਦੁਆਰਾ ਆਖਣਾ ਆਰੰਭ ਹੋਇਆ। ਗੁਰਦੁਆਰਾ ਦੇ ਰੂਪ ਵਿਚ ਬਣਨ ਵਾਲੀ ਪਹਿਲੀ ਇਮਾਰਤ ਦਰਬਾਰ ਸਾਹਿਬ ਅੰਮ੍ਰਿਤਸਰ ਹੀ ਸੀ। ਭਾਵੇਂ ਨਨਕਾਣਾ ਸਾਹਿਬ ਦੀ ਵੀ ਮਾਨਤਾ ਸੀ। ਇਸ ਤੋਂ ਅੱਗੇ ਤਰਨ ਤਾਰਨ, ਅਕਾਲ ਤਖਤ ਸਾਹਿਬ, ਕੀਰਤਪੁਰ ਸਾਹਿਬ, ਅਨੰਦਪੁਰ ਸਾਹਿਬ, ਨਨਕਾਣਾ ਸਾਹਿਬ ਗੁਰਦੁਆਰੇ ਸਥਾਪਤ ਹੋਏ। ਨਨਕਾਣਾ ਸਾਹਿਬ ਉਨਵੀਂ ਸਦੀ ਵਿਚ ਸਥਾਪਤ ਹੋਇਆ ਸੀ। ਦਿੱਲੀ ਵਿਚ ਵੀ ਗੁਰਦੁਆਰੇ ਅਠਾਰਵੀਂ ਸਦੀ ਦੇ ਅੰਤ ਵਿਚ ਬਣੇ ਹਨ। ਅਜੋਕੇ ਸਮੇਂ ਵਿਚ ਦੇਸ਼ ਵਿਦੇਸ਼ ਵਿਚ ਸਿੱਖ ਜਾ ਵਸੇ ਹਨ, ਗੁਰਦੁਆਰੇ ਬਣਦੇ ਜਾ ਰਹੇ ਹਨ। ਗੁਰੂ ਸਾਹਿਬਾਨ ਨਾਲ ਸਬੰਧਤ ਹਰ ਮੁਕਾਮ ਅਤੇ ਗੁਰਦੁਆਰੇ ਬਣੇ ਹਨ।

ਗੁਰਦੁਆਰਾ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ : ਗੁਰੂ ਤੇ ਦੁਆਰਾ/ਦਰਵਾਜਾ/ਦਰ-ਘਰ। ਅਰਥਾਤ ਗੁਰੂ ਦਾ ਘਰ। ਜਿਸ ਤੋਂ ਅਸੀਂ ਵਾਹਿਗੁਰੂ ਜੀ ਦੇ ਦਰਸ਼ਨ ਕਰਨ ਦੀ ਤਿਆਰੀ ਕਰਦੇ ਹਾਂ। ਗੁਰਦੁਆਰਾ ਸਿੱਖ ਪੰਥ ਦੀ ਸੇਧ ਦਾ ਧੁਰਾ ਹੈ। ਇਹ ਸਿਰਫ਼ ਧਾਰਮਿਕ ਕੇਂਦਰ ਹੀ ਨਹੀਂ, ਸਗੋਂ ਇਹ ਰੂਹਾਨੀ, ਭਾਈਚਾਰਕ, ਵਿਦਿਅਕ, ਵਿਵਹਾਰਕ ਅਤੇ ਸਮਾਜ ਉਸਾਰੀ ਕੇਂਦਰ ਵੀ ਹੈ। ਅਸੂਲ ਅਨੁਸਾਰ ਹਰ ਗੁਰਦੁਆਰਾ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ, ਉੱਥੇ ਲੰਗਰ ਅਤੇ ਸ਼ਰਧਾਲੂਆਂ ਦੀ ਠਾਹਰ ਹੋਣਾ ਲਾਜ਼ਮੀ ਹੈ। ਸਾਂਝੇ ਲੰਗਰਾਂ ਦੀ ਪ੍ਰਥਾ ਭਾਵੇਂ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਮੇਂ ਪ੍ਰਚਲਤ ਸੀ, ਗੁਰੂ ਅੰਗਦ ਦੇਵ ਸਾਹਿਬ ਜੀ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਲੰਗਰਾਂ ਨੂੰ ਵੀ ਤੋਰਿਆ। ਫਿਰ ਗੁਰੂ ਅਮਰਦਾਸ ਸਾਹਿਬ ਜੀ ਦਾ ਆਦੇਸ਼ ਸੀ ਕਿ ਪਹਿਲਾਂ ਇਕ ਪੰਗਤ ਵਿਚ ਬੈਠ ਕੇ ਲੰਗਰ ਛਕਿਆ ਜਾਵੇ, ਫਿਰ ਗੁਰ-ਦਰਬਾਰ ਦੇ ਦਰਸ਼ਨ ਕੀਤੇ ਜਾਣ। ਜਿਸ ਨਾਲ ਊਚ-ਨੀਚ ਦਾ ਭੇਦ ਭਾਵ ਦੂਰ ਹੋਇਆ। ਇਥੋਂ ਤੱਕ ਕਿ ਮੁਗਲ ਬਾਦਸ਼ਾਹ ਅਕਬਰ ਨੇ ਵੀ ਪੰਗਤ ਵਿਚ ਬੈਠ ਕੇ ਲੰਗਰ ਛਕਿਆ। ਗੁਰਦੁਆਰਾ ਦੇ ਪ੍ਰਬੰਧ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਇਆ। ਗੁਰੂ ਸਾਹਿਬ ਜੀ ਦੀ ਉਸਤਤ ਕੀਤੀ। 'ਝੂਲਤੇ ਨਿਸ਼ਾਨ ਰਹੇਂ ਗੁਰੂ ਮਹਾਰਾਜ ਕੇ' ਸਿੱਖਾਂ ਨੂੰ ਇਹ ਬੜਾ ਸ਼ੌਕ ਹੁੰਦਾ ਹੈ ਕਿ ਉਹ ਜਿੱਥੇ ਵੀ ਜਾ ਕੇ ਵਸਦੇ ਹਨ ਸਭ ਤੋਂ ਪਹਿਲੀ ਕੋਸ਼ਿਸ਼ ਇਹ ਕਰਦੇ ਹਨ ਕਿ ਆਪਣੀ ਰਿਹਾਇਸ਼ ਤੇ ਆਪਣਾ ਮਕਾਨ ਹੋਵੇ। ਇਹ ਹੀ ਨਹੀਂ ਸਗੋਂ ਗੁਰੂ ਦਾ ਅਸਥਾਨ ਜ਼ਰੂਰ ਬਣਾਉਂਦੇ ਹਨ। ਇਸ ਲਈ ਜਿੱਥੇ ਵੀ ਸਿੱਖ ਦੀ ਅਬਾਦੀ ਹੁੰਦੀ ਹੈ, ਉਸ ਅਬਾਦੀ ਵਿਚ ਗੁਰਦੁਆਰਾ ਸਾਹਿਬ ਦੇ ਨਿਸ਼ਾਨ ਝੂਲਦੇ ਮਿਲਦੇ ਹਨ। ਵਿਦੇਸ਼ਾਂ ਵਿਚ ਵੀ ਜਿੱਥੇ ਸਿੱਖ ਜਾ ਵਸੇ ਹਨ, ਉੱਥੇ ਨਿਸ਼ਾਨ ਸਾਹਿਬ ਜੀ ਦੇ ਦਰਸ਼ਨ ਹੁੰਦੇ ਹਨ।

ਸਿੱਖਾਂ ਦੀ ਅਬਾਦੀ ਭਾਵੇਂ ਜ਼ਿਆਦਾਤਰ ਪੰਜਾਬ ਖਿੱਤੇ ਵਿਚ ਹੀ ਹੈ ਪਰ ਕਈ ਪ੍ਰਮੁੱਖ ਦੇਸ਼ਾਂ ਵਿਚ ਸਿੱਖ ਜਾ ਵਸੇ ਹਨ : ਜਿਵੇਂ ਇੰਗਲੈਂਡ, ਕੈਨੇਡਾ, ਅਮਰੀਕਾ, ਮਲੇਸ਼ੀਆ, ਕੀਨੀਆ, ਥਾਈਲੈਂਡ, ਸਿੰਘਾਪੁਰ, ਆਸਟ੍ਰੇਲੀਆ, ਨਿਊਜ਼ੀਲੈਂਡ, ਹਾਲੈਂਡ, ਹਾਂਗਕਾਂਗ, ਜਰਮਨੀ, ਨਾਰਵੇ, ਬੈਲਜ਼ੀਅਮ ਆਦਿ। ਵਿਦੇਸ਼ਾਂ ਵਿਚ ਮਾਂ ਬੋਲੀ ਗੁਰਮੁਖੀ ਦੀ ਉਨਤੀ ਲਈ ਪੰਜਾਬੀ ਧਰਮ ਇਤਿਹਾਸ ਅਤੇ ਵਿਰਸਾ ਆਦਿ ਖੇਤਰਾਂ ਵਿਚ ਭਾਈਚਾਰੇ ਵਲੋਂ ਯਤਨ ਕੀਤੇ ਜਾ ਰਹੇ ਹਨ। ਹਰ ਵਿਅਕਤੀ ਆਪਣੀ ਯਥਾ ਸ਼ਕਤੀ ਅਨੁਸਾਰ



ਯੋਗਦਾਨ ਪਾ ਰਿਹਾ ਹੈ। ਗੁਰਦੁਆਰੇ ਵਿਚ ਗੁਰਮਤਿ, ਇਤਿਹਾਸ ਕੀਰਤਨ, ਕਵਿਤਾ ਪਾਠ, ਬੀਰਰਸ ਵਾਰਾਂ ਅਤੇ ਗਤਕਾ ਆਦਿ ਦੇ ਅਭਿਆਸ ਦਾ ਉਚੇਚਾ ਪ੍ਰਬੰਧ ਹੁੰਦਾ ਹੈ, ਜਿਸ ਰਾਹੀਂ ਬੱਚਿਆਂ ਨੂੰ ਆਪਣੇ ਗੌਰਵਮਈ ਧਾਰਮਿਕ ਵਿਰਸੇ ਨਾਲ ਜੋੜਿਆ ਜਾ ਰਿਹਾ ਹੈ।

ਇਸ ਤਰ੍ਹਾਂ ਸਿੱਖ ਧਰਮ ਨੇ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਆਪਣੀ ਜਗ੍ਹਾ ਬਣਾਈ ਹੈ। ਪਰ ਅਜੋਕੇ ਸਮੇਂ ਵਿਚ ਫਿਰ ਵੀ ਆਪਣੀ ਸ਼ਨਾਖਤ ਦੀ ਰੱਖਿਆ ਲਈ ਬਚਾਓ ਦੇ ਯਤਨ ਕਰਨੇ ਪੈ ਰਹੇ ਹਨ। ਉਨ੍ਹਾਂ ਤੇ ਨਸਲੀ ਹਮਲੇ ਹੋ ਰਹੇ ਹਨ, ਗੁਰਦੁਆਰਿਆਂ ਵਿਚ ਆ ਕੇ ਦੂਸਰੀ ਨਸਲ ਦੇ ਸਿਰਫਿਰੇ ਸਿੱਖਾਂ ਨੂੰ ਮਾਰ ਜਾਂਦੇ ਹਨ। ਕਾਰੋਬਾਰਾਂ ਅਤੇ ਸੈਰਗਾਹਾਂ ਤੇ ਵੀ ਸਿੱਖ ਮਾਰੇ ਜਾਂਦੇ ਹਨ। ਇਸ ਸਮੇਂ ਅਜਿਹੇ ਪ੍ਰਚਾਰ ਦੀ ਲੋੜ ਹੈ ਕਿ ਦੂਸਰੇ ਧਰਮ ਅਤੇ ਨਸਲਾਂ ਦੇ ਲੋਕਾਂ ਨੂੰ ਵਿਸ਼ਵਾਸ਼ ਵਿਚ ਲੈ ਕੇ ਸਾਂਝੀ ਗੱਲਬਾਤ ਕੀਤੀ ਜਾਵੇ ਅਤੇ ਸਦਭਾਵਨਾ ਪੈਦਾ ਕੀਤੀ ਜਾਵੇ। ਆਪਣੇ ਗੌਰਵਮਈ ਵਿਰਸੇ, ਇਤਿਹਾਸ ਦੀ ਜਾਣਕਾਰੀ ਦੂਸਰੇ ਭਾਈਚਾਰੇ ਤੱਕ ਪਹੁੰਚਾਉਣੀ ਚਾਹੀਦੀ ਹੈ। ਅੰਦਰੂਨੀ ਧਰਮ ਵਿਸ਼ਵਾਸ਼ ਦਾ ਪ੍ਰਚਾਰ ਅਤੇ ਪਾਸਾਰ ਹੋਵੇ। ਸਮਾਜਿਕ ਮਾਧਿਅਮਾਂ ਰਾਹੀਂ ਧਰਮ ਪ੍ਰਚਾਰ ਆਪਣੀ ਸਵੈ ਰੱਖਿਆ ਲਈ ਕੀਤਾ ਜਾਵੇ।

ਗੁਰਦੁਆਰਾ ਗਿਆਨ ਦਾ ਕੇਂਦਰ ਹੈ। ਧਰਮ ਅਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਜੀਵਨ ਜਾਚ ਦੀ ਸੋਝੀ ਬਖਸ਼ਦਾ ਹੈ। ਇਹੀ ਗਿਆਨ ਸਾਨੂੰ ਗੁਰਦੁਆਰੇ ਨਾਲ ਜੋੜਦਾ ਹੈ। ਸੰਗਤ ਅਤੇ ਪੰਗਤ ਵਿਚ ਆਪਸੀ ਸਦਭਾਵਨਾ ਪੈਦਾ ਹੁੰਦੀ ਹੈ। ਕੌਮ ਉਨਤੀ ਕਰਦੀ ਹੈ। ਬੱਚਿਆਂ ਨੂੰ ਆਪਣਾ ਵਿਰਸਾ ਅਗਾਂਹ ਤੋਰਨ ਦੀ ਪ੍ਰੇਰਨਾ ਮਿਲਦੀ ਹੈ। ਮਨੁੱਖਾ ਜੀਵਨ ਸੰਵਾਰਨ ਦੀ ਸਮਝ ਆਉਂਦੀ ਹੈ।

ਅੰਤਿਕਾ : ਉਹੀ ਹਿਰਦਾ ਪਵਿੱਤਰ ਹੈ ਜਿਹੜਾ ਉਸ ਪ੍ਰਮਾਤਮਾ ਨੂੰ ਚੰਗਾ ਲੱਗਣ ਪੈਂਦਾ ਹੈ। ਜੇਕਰ ਮਨੁੱਖ ਦਾ ਹਿਰਦਾ ਅੰਦਰੋਂ ਵਿਕਾਰਾਂ ਨਾਲ ਬਹੁਤ ਗੰਦਾ ਪਿਆ ਹੈ ਤਾਂ ਬਾਹਰੋਂ ਸਰੀਰ ਨੂੰ ਤੀਰਥ ਆਦਿਕ ਦੇ ਇਸ਼ਨਾਨ ਕਰਾਇਆਂ ਹਿਰਦਾ ਅੰਦਰੋਂ ਸ਼ੁੱਧ ਨਹੀਂ ਹੋ ਸਕਦਾ। ਜੇ ਗੁਰੂ ਦੇ ਦਰ ਤੇ ਆਪਾ ਭਾਵ ਦੂਰ ਕਰਕੇ ਸਵਾਲੀ ਬਣੀਏ ਤਾਂ ਹਿਰਦੇ ਨੂੰ ਪਵਿੱਤਰ ਕਰਨ ਦੀ ਅਕਲ ਮਿਲਦੀ ਹੈ। ਗੁਰੂ ਦੇ ਦਰ ਤੇ ਰਹਿ ਕੇ ਹੀ ਵਿਕਾਰਾਂ ਦੀ ਮੱਲ ਧੋਤਿਆਂ, ਹਿਰਦਾ ਪਵਿੱਤਰ ਹੁੰਦਾ ਹੈ। ਜੇਕਰ ਗੁਰੂ ਦੇ ਦਰ ਤੇ ਟਿਕੀਏ ਤਾਂ ਪ੍ਰਮਾਤਮਾ ਆਪ ਹੀ ਇਹ ਵਿਚਾਰਨ ਦੀ ਸਮਝ ਬਖਸ਼ਦਾ ਹੈ ਕਿ ਅਸੀਂ ਚੰਗੇ ਹਾਂ ਜਾਂ ਮੰਦੇ। ਜੇ ਇਸ ਮਨੁੱਖਾ ਜੀਵਨ ਸਮੇਂ ਗੁਰੂ ਦਾ ਆਸਰਾ ਨਹੀਂ ਲਿਆ ਤਾਂ ਕੋਈ ਜੀਵ ਇਹ ਨਾ ਸਮਝ ਲਵੇ ਕਿ ਇਥੋਂ ਖਾਲੀ ਹੱਥ ਜਾ ਕੇ ਪ੍ਰਲੋਕ ਵਿਚ ਜੀਵਨ ਪਵਿੱਤਰ ਕਰਨ ਦੀ ਸੂਝ ਮਿਲੇਗੀ। ਇਹ ਇਕ ਕੁਦਰਤੀ ਨਿਯਮ ਹੈ ਕਿ ਇੱਥੇ ਮਨੁੱਖ ਜਿਹੋ ਜਿਹੇ ਕਰਮ ਕਰਦਾ ਹੈ, ਉਹੋ ਜਿਹਾ ਬਣ ਜਾਂਦਾ ਹੈ। ਜੇਕਰ ਮਨੁੱਖ ਗੁਰੂ ਦੇ ਦਰ ਤੇ ਡਿਗਦਾ ਹੈ, ਉਸ ਨੂੰ ਆਤਮਿਕ ਜੀਵਨ ਦੇਣ ਵਾਲਾ ਆਪਣਾ ਨਾਮ ਆਪ ਬਖਸ਼ਦਾ ਹੈ। ਜਿਸ ਮਨੁੱਖ ਨੂੰ ਇਹ ਦਾਤ ਮਿਲਦੀ ਹੈ, ਉਹ ਆਪਣਾ ਮਨੁੱਖਾ ਜੀਵਨ ਸੁਚੱਜਾ ਬਣਾ ਕੇ ਇੱਜਤ ਖੱਟ ਕੇ ਇਥੋਂ ਜਾਂਦਾ ਹੈ। ਉਹ ਆਪਣੀ ਸ਼ੋਭਾ ਦਾ ਵਾਜਾ ਇੱਥੇ ਵਜਾ ਜਾਂਦਾ ਹੈ। ਕੋਈ ਇਕ ਮਨੁੱਖ ਹੀ ਨਹੀਂ, ਤਿੰਨਾਂ ਹੀ ਲੋਕਾਂ ਵਿਚ ਪ੍ਰਮਾਤਮਾ ਉਸ ਦੀ ਸ਼ੋਭਾ ਖਿਲਾਰਦਾ ਹੈ। ਹੇ ਨਾਨਕ, ਉਹ ਮਨੁੱਖ ਆਪ ਸਦਾ ਪ੍ਰਸੰਨ ਚਿੱਤ ਰਹਿੰਦਾ ਹੈ ਅਤੇ ਆਪਣੀਆਂ ਸਾਰੀਆਂ ਕੁਲਾਂ ਨੂੰ ਵੀ ਤਾਰ ਲੈਂਦਾ ਹੈ। ਸ਼ੋਭਾ ਦਿਵਾਉਂਦਾ ਹੈ। ਅੰਗ-730

# ਸਿੱਖਾਂ 'ਚ ਅਨਮਤੀ ਦ੍ਰਿਸ਼ਟੀਕੋਣ ਕਾਰਨ ਨਾਨਕ ਪੰਥ ਹੋ ਰਿਹੈ ਖ਼ੁਆਰ



ਪ੍ਰੋ. ਦੇਵਿੰਦਰ ਸਿੰਘ
ਇਤਿਹਾਸਕਾਰ

ਨਕਲੀ ਇਤਿਹਾਸ ਲਿਖੇ ਹੋਏ ਪੜ੍ਹੇ ਜਾਣ ਕਰਕੇ, ਕਈ ਪਾਠਕਾਂ ਨੂੰ ਪੂਰੀ ਸਮਝ ਨਹੀਂ ਪੈਂਦੀ। ਬਸਤੀਵਾਦੀ ਸਿੱਖਿਆ ਦਾ ਨਤੀਜਾ ਜੋ ਹੋਇਆ।1925 ਵਿਚ ਸਿੱਖ ਗੁਰਦੁਆਰਾ ਐਕਟ ਬਣਨ ਤੋਂ ਪਹਿਲੋਂ ਪਹਿਲੋਂ, ਜੋਗੀ, ਬੈਰਾਗੀ, ਉਦਾਸੀ, ਨਿਰਮਲੇ, ਸੇਵਾਪੰਥੀ ਅਤੇ ਹੋਰ ਅਨੇਕ ਸੰਗਤਾਂ, ਸਾਰੇ ਹੀ ਵੱਖ-ਵੱਖ ਸੈਮੀਨਰੀਜ ਨਾਲ ਸਬੰਧਤ ਹੁੰਦੇ ਸਨ ਅਤੇ ਸਾਰੇ ਹੀ ਨਾਨਕ ਪੰਥੀਆਂ ਵਾਲੇ ਕੰਪੋਜਿਟ ਸਰੂਪ ਵਿਚ ਰਲਗੱਡ ਸਨ, ਜਿਹਨਾਂ ਵਿਚ ਮੁਸਲਿਮ ਜੋਗੀ ਵੀ ਸ਼ਾਮਿਲ ਸਨ। ਸਤਿਗੁਰੂ ਗੋਬਿੰਦ ਸਿੰਘ ਜੀ ਦੇ ਤਾਂ ਨਮਾਜ਼ੀ ਸਿੰਘ ਵੀ ਸੁਣੀਂਦੇ ਸਨ।

ਪਾਕਿਸਤਾਨ ਬਣਨ ਤੋਂ ਪਹਿਲੋਂ ਕਸੂਰ ਵਿੱਚ ਵੈਸਾਖੀ ਨੂੰ, ਰਾਮ ਥੰਮਨ ਵਿੱਚ ਇਨ੍ਹਾਂ ਦਾ ਤਿੰਨ ਦਿਨਾ ਮੇਲਾ ਵੀ ਲੱਗਦਾ ਸੀ, ਜਿਸ 'ਚ ਸਬ ਕਾਂਟੀਨੈਂਟ ਭਰ ਤੋਂ ਸਾਰੇ ਗਰੁੱਪ ਇਕੱਠੇ ਹੋ ਕੇ ਗੋਸ਼ਟਾਂ ਕਰਦੇ ਸਨ। ਪੁਰਾਣੀਆਂ ਫੋਟੋਆਂ ਅਤੇ ਕੰਧ ਚਿੱਤਰਾਂ ਵਿੱਚ ਉਸ ਦਾ ਦਰਪਣ ਝਲਕਦਾ ਹੈ। ਇਸੇ ਤਰ੍ਹਾਂ ਹੀ ਇੱਕ ਵਿਦੇਸ਼ੀ ਦਾ ਬਣਾਇਆ ਚਿੱਤਰ ਵੀ ਦਰਸਾ ਰਿਹਾ ਹੈ, ਜਿਸ ਵਿੱਚ ਲਾਹੌਰ ਦੀ ਸੜਕ ਵਿੱਚ ਸਰਕਾਰ ਰਣਜੀਤ ਸਿੰਘ ਹਾਥੀ ਤੇ ਸਵਾਰ ਜਾ ਰਿਹਾ ਵਿਖਾਇਆ ਗਿਆ ਹੈ ਅਤੇ ਤਕਰੀਬਨ ਹਰੇਕ ਮਤ ਦੇ ਪੈਰੋਕਾਰ ਉਸ 'ਚ ਤੁਰਦੇ ਹੋਏ ਵਿਖਾਏ ਗਏ ਹਨ ਉਹ ਵੀ ਪੂਰੀ ਅਜ਼ਾਦੀ ਦੇ ਸਵੈਮਾਣ ਵਿੱਚ ਭਰੇ।

ਨਗਾਰੇ, ਉਦਾਸੀਆਂ ਨਿਰਮਲਿਆਂ ਦੇ ਵੀ ਹੁੰਦੇ ਸਨ ਸਿੰਘਾਂ ਸਮੇਤ। ਦਰਅਸਲ ਤਖਤ, ਉਦਾਸੀਆਂ ਅਤੇ ਨਿਰਮਲਿਆਂ ਦੇ ਵੀ ਹੁੰਦੇ ਸਨ। ਅੰਮ੍ਰਿਤਸਰ ਦੇ ਪਹਿਲੇ ਨਾਉਂ, ਗੁਰੂ ਕੇ ਚੱਕ ਨੂੰ, ਧਰਮਪੀਠ ਰੂਪੀ 'ਤਖਤ ਬੁੰਗਾ-ਅਕਾਲ', ਲਹੌਰ ਸਰਕਾਰ ਵੇਲੇ ਨਿਰਮਲਿਆਂ ਨੇ ਹੀ ਰੂਪ ਦਿੱਤਾ ਸੀ। ਕਿਉਂਕਿ ਫ਼ੌਜੀ ਕਿਰਦਾਰ ਸਰਕਾਰੇ ਖਾਲਸਾ ਦੀ ਪੇਸ਼ਾਵਰ ਫੌਜ ਪਾਸ ਚਲਿਆ ਗਿਆ। ਸੋ ਦਲ




ਖਾਲਸਾ ਦੇ ਸਿੰਘਾਂ ਦਾ ਤਖਤ ਚੱਲਦਾ ਵਹੀਰ, ਚੱਕਰਵਰਤੀ ਹੀ ਰਿਹਾ। ਉਦਾਸੀਆਂ ਦਾ ਤਖਤ ਕੀਰਤਪੁਰ ਵਿੱਚ ਸੀ ਜਿਸ ਨੂੰ ਸੰਗਮਰਮਰ ਵਿੱਚ ਢੱਕ ਕੇ ਸ਼੍ਰੋਮਣੀ ਕਮੇਟੀ ਨੇ, ਇਹ ਇਤਿਹਾਸਕ ਨਿਸ਼ਾਨ ਤੀਹ ਕੁ ਸਾਲ ਪਹਿਲਾਂ ਹੀ ਮਿਟਾ ਦਿੱਤਾ ਸੀ । ਸਾਈਂ ਬੁਢਣ ਸ਼ਾਹ ਦੀ ਯਾਦਗਾਰ ਨਾਲ ਲੱਗਦੀ ਹੀ ਬਾਬਾ ਸ੍ਰੀ ਚੰਦ ਜੀ ਦੇ ਵਾਰਿਸ ਬਾਬਾ ਗੁਰਦਿੱਤਾ ਜੀ ਉਦਾਸੀ ਦੀ ਯਾਦਗਾਰ ਹੈ ਇਹ।

ਕੱਟੜਪੁਣਾ ਸਿੱਖ ਗੁਰਦੁਆਰਾ ਐਕਟ ਬਣਨ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਦੀ ਦੇਣ ਹੈ ।

1925 ਤੋਂ ਲੈ ਕੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਕਮੇਟੀ ਦੀ ਜਾਇਦਾਦ ਵਾਲਾ ਰੂਪ ਦੇਂਦੇ ਹੋਏ 1950 ਤੱਕ ਮਾਇਆ ਨੰਗੀ ਹੋ ਕੇ ਨੱਚੀ ਅਤੇ ਉਦਾਸੀ ਆਪਣੇ ਮੱਠ ਬਚਾਉਂਦੇ ਹੋਏ ਨਿਸ਼ਾਨ ਸਾਹਿਬ ਅਤੇ ਪੋਥੀ ਸਾਹਿਬ ਗਾਇਬ ਕਰ ਕੇ ਬਾਹਰ ਹੋ ਗਏ। 1980 ਤੱਕ ਭਾਰਤ ਭਰ ਵਿਚ ਗਿਣਤੀ ਵਿੱਚ ਸਭ ਤੋਂ ਵੱਧ ਅਤੇ ਵੱਧ ਧਨਵਾਨ ਮੱਠ ਉਦਾਸੀਆਂ ਦੇ ਹੀ ਸਨ। ਪੰਥ ਦਾ ਕਿੰਨਾ ਵੱਡਾ ਨੁਕਸਾਨ ਕੀਤਾ ਬਸਤੀਵਾਦ ਪ੍ਰਭਾਵਿਤ ਨਵਸਿੱਖ ਅਕਾਲੀਆਂ ਨੇ।

ਰਬਾਬੀ ਮੁਸਲਮਾਨਾ ਨੂੰ ਅਨਮਤੀਏ ਕਰਾਰ ਦੇ ਕੇ ਨਵ-ਅੰਮ੍ਰਿਤਧਾਰੀਆਂ ਨੇ ਪੇਸ਼ੇ ਦੇ ਲੋਭ ਵਿੱਚ ਗੁਰਦੁਆਰਿਆਂ ਵਿਚੋਂ ਕੱਢਣਾ ਸ਼ੁਰੂ ਕਰ ਦਿੱਤਾ, ਐਸੀ ਮਾਰ ਅੰਮ੍ਰਿਤਧਾਰੀ ਪੇਸ਼ੇਵਰ ਕੀਰਤਨੀਏ ਅਤੇ ਕਥਾਕਾਰਾਂ ਅਤੇ ਮਾਇਆਧਾਰੀਆਂ ਦੀ ਪਈ ਕਿ ਕੀਰਤਨ ਕਲਾ ਹੁਨਰ ਅਤੇ ਕਥਾਕਾਰੀ ਗੁਹਜ ਹੀ ਗੁਰਦੁਆਰਿਆਂ ਵਿਚੋਂ ਗਾਇਬ ਹੋ ਗਿਆ। ਪਿੱਛੇ ਜਿਹੇ ਰਬਾਬੀ ਭਾਈ ਚਾਂਦ ਜੀ ਅਤੇ ਭਾਈ ਲਾਲ ਜੀ ਪਾਕਿਸਤਾਨ ਤੋਂ ਆ ਕੇ ਜੋ ਵਿਲੱਖਣ ਕਲਾ ਹੁਨਰ ਅਤੇ ਪ੍ਰਾਣਾਂ ਨਾਲ ਕੀਰਤਨ ਦੀ ਛਹਿਬਰ ਲਗਾ ਕੇ ਗਏ, ਕਿ ਅਹਿਸਾਸ ਹੋਇਆ ਕਿ ਉਸ ਵਰਗਾ ਸਾਡੇ ਵਿੱਚੋਂ ਵਿਰਾਸਤੀ ਵਿਛੋੜੇ ਦਾ ਨੁਕਸਾਨ ਪੂਰਿਆ ਹੀ ਨਹੀਂ ਜਾ ਸਕਦਾ।

ਭਾਈ ਗੁਰਦਾਸ ਜੀ ਦੀ ਸਿਰਜੀ ਆਂਦਰਾਂ ਸੰਗਤ ਵਿਚੋਂ ਓਪਤ, ਰਾਧਾ ਸੁਆਮੀ ਸੰਗਤ ਵੀ ਡੇਰਿਆਂ ਨੂੰ ਬਚਾਉਣ ਲਈ ਬਾਹਰ ਹੋ ਗਏ, ਜਿਸ ਵਿੱਚੋਂ ਬਾਅਦ 'ਚ ਸਿਰਸਾ ਡੇਰਾ, ਕਿਰਪਾਲ ਸਿੰਘ ਡੇਰਾ, ਠਾਕਰ ਸਿੰਘ ਡੇਰਾ ਵੱਖ ਹੋ ਗਏ ਅਤੇ ਹਰੇਕ ਨੇ ਤੁਫ਼ਾਨੀ ਗੁਰਬਾਣੀ ਪ੍ਰਵਚਨਾਂ ਦੀ ਛਹਿਬਰ ਲਗਾਈ ਅਤੇ ਸਿੱਖ ਪੰਥ ਵਿੱਚ ਟੁਕੜੇ ਕਰ ਕਰ ਕੇ ਬੋਚੇ, ਆਪਣੀ ਸੰਗਤ ਵਧਾਉਣ ਲਈ।

ਇਹ ਸਾਰੇ ਦੁਸ਼ਪ੍ਰਭਾਵ 1925 ਵਿੱਚ ਸਿੱਖ ਗੁਰਦੁਆਰਾ ਐਕਟ ਲਾਗੂ ਹੋਣ ਦੇ ਫਲਸਰੂਪ ਸ਼੍ਰੋਮਣੀ ਕਮੇਟੀ ਬਣਨ ਕਾਰਨ, ਖੰਡ ਖੰਡ ਬਿਖਰਨ ਦੇ ਪ੍ਰਵਾਹ ਵਿਚ ਅੱਜ ਵੀ ਪਰਚਲਨ 'ਚ ਹੈ । ਨਿੱਜੀ ਸਿਆਸੀ ਤਾਕਤ, ਪਾਰਲੀਮਾਨੀ ਪ੍ਰਤਿਨਿਧੀ ਸਿਸਟਮ ਦਾ ਅਨਿੱਨ ਅੰਗ ਹੈ ਜਿਸ 'ਚ ਸਿੱਖੀ, ਗੁਰਦੁਆਰੀਆ ਹੋ ਕੇ 'ਟੈਂਪਲ ਰਿਲੀਜਨ' ਬਣ ਗਈ ਹੈ ਅਤੇ ਇੰਜ ਸਟੇਟ ਦਾ ਮਕਸਦ ਪੂਰਾ ਹੋ ਗਿਆ ਹੈ, ਹੰਨੇ ਹੰਨੇ ਮੀਰੀ ਵਾਲੇ ਪੰਥ-ਧਰਮ ਨੂੰ ਸਿੱਖੀ ਵਿਚੋਂ ਖਾਰਜ ਕਰਨ ਦਾ ।

ਪਰ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਹੈ ਕਿ ਇਹ ਅਨੇਕ ਨਾਨਕ ਪੰਥੀ ਸੰਗਤਾਂ, ਪੰਥ ਦੀਆਂ ਸੈਮੀਨਰੀਆਂ ਸਨ, ਜੋ ਕਿ ਬੰਦ ਹੋ ਗਈਆਂ। ਗਿਆਨੀ ਦਿੱਤ ਸਿੰਘ ਵੀ ਇਨ੍ਹਾਂ ਵਿੱਚੋਂ ਗੁਲਾਬ ਦਾਸੀ ਸੰਗਤ ਡੇਰੇ ਦੀ ਹੀ ਦੇਣ ਸਨ ।

ਫਿਰ ਸ਼੍ਰੋਮਣੀ ਕਮੇਟੀ ਤੋਂ ਅੱਡਰੇ ਆਜ਼ਾਦ ਸੰਤ ਮੱਠ ਗੁਰਦੁਆਰਿਆਂ ਦੀ ਭਰਮਾਰ ਹੋਈ ਅਤੇ ਸਿੰਘ ਸਭੀਆ ਪੂਜਾਧਾਨ-ਪੇਸ਼ਾਵਰ ਗੁਰਦੁਆਰਿਆਂ ਨਾਲ ਤੇ ਗਲ਼ੀਆਂ ਬਾਜ਼ਾਰ ਹੀ ਭਰ ਗਏ, ਪ੍ਰੰਤੂ ਸੈਮੀਨਰੀ/ਸਕੂਲ ਯੂਨੀਵਰਸਿਟੀਆਂ ਗੁਰਦਰਸਨੁ ਆਧਾਰਿਤ ਵਿੱਦਿਆ ਦੇ ਕਿੱਤੇ ਨਹੀਂ ਬਣੇ ।

ਮਾਇਆ ਡਰ ਡਰਪਤ ਹਾਰ ਗੁਰ ਦੁਆਰੇ ਜਾਵੀਏ॥ ਪ੍ਰੰਤੂ ਜੇ ਉੱਥੇ ਹੀ ਮਾਇਆ ਬਿਆਪੇ ਤਾਂ ਸਿੱਧ ਪਧਰੇ ਲੋਕ ਹੋਰ ਪਾਸੇ ਚਲੇ ਜਾਂਦੇ ਹਨ, ਜੋ ਕਿ ਹੋ ਹੀ ਰਿਹਾ ਹੈ। ਕੁਝ ਸੁਝਾਈਏ ਤਾਂ ਮਾਇਆਧਾਰੀ ਅਤਿ ਅੰਨ੍ਹਾ ਬੋਲਾ ਹੈ, ਬਹੁਤ ਰੋਲ ਘਚੋਲਾ ਪਾਉਂਦੇ ਹਨ ।

ਹੁਣ ਕੱਟੜਤਾ ਦੇ ਨਵੇਂ ਸੋਮੇ ਹਨ ਮਿਸ਼ਨਰੀ ਸਕੂਲ ਕਾਲਜ, ਜਿਨ੍ਹਾਂ ਦੇ ਨੈਰੇਟਿਵ ਅਤੇ ਭਾਖਿਆ ਸਨਾਤਨ, ਬਿਬਲੀਕਲ ਜਾਂ ਮੁਹੰਮਦੀ ਨਕਲਾਂ ਹਨ, ਫਲਸਰੂਪ ਕੱਟੜਤਾ ਇਨ੍ਹਾਂ ਦੇ ਪ੍ਰਵਚਨਾਂ ਦਾ ਅਨਿੱਨ ਅੰਗ ਹਨ।

# ਅੱਗ ਲਾਉਣੇ ਪਰਵਾਸ ਨੇ ਪੰਜਾਬੀਆਂ ਦਾ ਘੜ ਦਿੱਤਾ ਨਵਾਂ ਚਰਿੱਤਰ

## ਜਗਰੂਪ ਸਿੰਘ




ਕੁਝ ਦਿਨ ਪਹਿਲਾਂ ਮੈਨੂੰ ਬਾਪੂ ਜੀ ਦੇ ਲੰਗੋਟੀਆ ਮਿੱਤਰ ਦੀ ਤੀਸਰੀ ਪੀੜ੍ਹੀ ਵਿੱਚੋਂ ਫੋਨ ਆਇਆ। ਰਸਮੀ ਪਰਿਵਾਰਕ ਸੁੱਖ-ਸਾਂਦ ਪੁੱਛਣ ਮਗਰੋਂ ਮੈਂ ਫੋਨ ਕਰਨ ਦਾ ਕਾਰਨ ਪੁੱਛਿਆ। ਉਹ ਥੋੜ੍ਹਾ ਵੀ ਨਾ ਝਿਜਕਿਆ, ਉਸ ਨੇ ਕਿਹਾ, 'ਅੰਕਲ, ਵੀਰੇ ਤੋਂ ਥੋਡੀ ਨੂੰਹ ਲਈ ਕੈਨੇਡਾ ਦੇ ਵਿਜ਼ਟਰ ਵੀਜ਼ੇ ਦੀ ਸਪਾਂਸਰਸ਼ਿੱਪ ਭਿਜਵਾ ਦਿਓ। ਉਸ ਦਾ ਇੱਕ ਰਿਸ਼ਤੇਦਾਰ ਉਸ ਦੀ ਫਾਈਲ ਲਗਵਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਸਾਡੇ ਚਾਰ, ਪੰਜ ਲੱਖ ਬਚ ਜਾਣਗੇ ...।'

ਉਸ ਦੀ ਗੱਲ ਸੁਣ ਕੇ ਮੈਂ ਕਿਹਾ, 'ਬੇਟਾ, ਥੋਡੇ ਕੋਲ ਚੰਗੀ ਜ਼ਮੀਨ ਐ, ਵਧੀਆ ਖੇਤੀ ਐ। ਤੂੰ ਸਰਕਾਰੀ ਨੌਕਰੀ ਕਰ ਰਿਹਾ ਹੈਂ। ਤੈਨੂੰ ਚਾਰ ਪੈਸੇ ਵੀ ਬਣਦੇ ਨੇ। ਤੇਰੀ ਘਰ ਵਾਲੀ ਵੀ ਕੰਮ ਕਰਦੀ ਐ। ਫੇਰ ਵੀ ਉਹ ਕੈਨੇਡਾ ਕਿਉਂ ਜਾਣਾ ਚਾਹੁੰਦੀ ਐ, ਉਹ ਵੀ ਵਿਜ਼ਟਰ ਵੀਜ਼ਾ 'ਤੇ ?'

ਉਹ ਕਹਿਣ ਲੱਗਾ, 'ਅੰਕਲ, ਮੈਨੂੰ ਵੀ ਪੁੱਠੀਆਂ ਸਿੱਧੀਆਂ ਸੁਣਨੀਆਂ ਪੈਂਦੀਆਂ ਨੇ, ਨਾਲੇ ਤੁਹਾਡੀ ਨੂੰਹ ਨੂੰ ਲੋਕ ਭੈੜੀਆਂ ਨਜ਼ਰਾਂ ਨਾਲ ਦੇਖਣ ਲੱਗ ਜਾਂਦੇ ਨੇ। ਥੋਨੂੰ ਪਤਾ ਈ ਐ ਆਪਣੇ ਲੋਕਾਂ ਦਾ ਕਰੈਕਟਰ ਕਿਹੋ ਜਿਹਾ ਹੈ। 'ਉਹ' ਕੈਨੇਡਾ ਜਾਣ ਦੀ ਜ਼ਿੱਦ ਕਰ ਰਹੀ ਐ, ਕਹਿੰਦੀ ਸਾਰੇ ਵਿਜ਼ਟਰ ਵੀਜ਼ਾ 'ਤੇ ਹੀ ਜਾਂਦੇ ਨੇ। ਛੇ ਮਹੀਨੇ ਕੰਮ ਧੰਦਾ ਕਰਦੇ ਨੇ, ਮੈਂ ਵੀ ਕਰਲੂੰ ...।'

ਮੈਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਵਿਜ਼ਟਰ ਵੀਜ਼ੇ ਲਈ ਸਪਾਂਸਰਸ਼ਿੱਪ ਆਮ ਤੌਰ 'ਤੇ ਕਿਸੇ ਰਿਸ਼ਤੇਦਾਰ ਵੱਲੋਂ ਹੀ ਦਿੱਤੀ ਜਾਂਦੀ ਹੈ। ਬੇਟਾ ਕਾਨੂੰਨ ਤੋੜਨ ਦੇ ਹੱਕ ਵਿੱਚ ਨਹੀਂ ਹੈ। ਜੇਕਰ ਉਸਦੀ ਪਤਨੀ ਵਿਜ਼ਟਰ ਵੀਜ਼ੇ 'ਤੇ ਕੰਮ ਕਰਦੀ ਫੜੀ ਗਈ, ਉਸ ਨੂੰ ਵਾਪਸ ਤਾਂ ਭੇਜਣਗੇ ਹੀ, ਜੇਲ੍ਹ ਵੀ ਕਰ ਸਕਦੇ ਹਨ। ਪਿੰਡ ਵਿੱਚ ਬਦਨਾਮੀ ਹੋ ਜਾਊ ...।'

'ਅੰਕਲ, ਹੁਣ ਕੋਈ ਨੀ ਇਹ ਨੂੰ ਬਦਨਾਮੀ ਸਮਝਦਾ, ਬੱਸ ਤੁਸੀਂ ਕਾਗਜ ਭਿਜਵਾ ਦਿਓ..।'

ਮੇਰੇ ਹੁੰਗਾਰੇ ਲਈ ਪਤਾ ਨਹੀਂ ਉਹ ਹੋਰ ਕੀ ਅਵਾ-ਤਵਾ ਜਿਹਾ ਬੋਲ ਗਿਆ। ਮੈਂ ਅਜਿਹੇ ਗੈਰ ਕਾਨੂੰਨੀ ਅਤੇ ਅਨੈਤਿਕ ਕੰਮ ਦੀ ਭਾਗੀਦਾਰੀ ਤੋਂ ਗੁਰੇਜ਼ ਕਰਨ ਬਾਰੇ ਸੋਚਦਾ ਹੋਇਆ ਕੋਈ ਚਾਲੀ ਸਾਲ ਪਿੱਛੇ ਚਲਾ ਗਿਆ।ਅੱਸੀਵਿਆਂ ਦੇ ਦਹਾਕੇ ਵਿੱਚ ਜੇਕਰ ਕੋਈ ਮਿੱਤਰ ਬੇਲੀ ਦੀ ਮਿੰਨਤ ਕਰਕੇ 'ਯਾਤਰੀ ਵੀਜ਼ਾ' ਲਗਵਾ ਵੀ ਲੈਂਦਾ, ਸਾਰਾ ਕੁਨਬਾ ਅਤੇ ਮਿੱਤਰ ਦੋਸਤ ਦਿੱਲੀ ਹਵਾਈ-ਅੱਡੇ 'ਤੇ ਵਿਦਾ ਕਰਕੇ ਆਉਂਦੇ - 'ਕੈਨੇਡਾ ਦੇਖਣ ਚੱਲਿਐ ਬਈ,' ਵਾਪਸੀ 'ਤੇ ਉਹ ਵਿਅਕਤੀ ਦੋ ਚਾਰ 'ਯਾਦਗਾਰੀ ਚਿੰਨ' ਲਿਆਉਂਦਾ ਜਿਨ੍ਹਾਂ ਥੱਲੇ ਲਿਖਿਆ ਹੁੰਦਾ 'We have visited...' । ਅਸੀਂ ਇਸ ਥਾਂ ਦੀ ਯਾਤਰਾ ਕੀਤੀ ਅਤੇ ਇਹ ਚਿੰਨ੍ਹ ਕਾਰਨਸ 'ਤੇ ਪਏ ਚੁੱਪਚਾਪ ਬੋਲਦੇ ਕਿ ਬੰਦੇ ਘੁੰਮਣ ਫਿਰਨ ਦੇ ਸ਼ੌਕੀਨ ਨੇ, ਪੈਸੇ ਵਾਲੇ ਨੇ, ਤਾਹੀਓਂ ਤਾਂ ਸੈਰ ਸਪਾਟੇ ਲਈ ਕਨੇਡਾ ਜਾਂਦੇ ਨੇ।' ਅੰਦਰਲੀ ਗੱਲ ਨਾ ਕੋਈ ਦੱਸਦਾ ਤੇ ਨਾ ਹੀ ਕੋਈ ਪੁੱਛਦਾ। ਫਕਿਆ ਢੋਲ ਸੀ..। ਬਾਅਦ ਵਿੱਚ ਪਤਾ ਲੱਗਿਆ ਕਿ ਗੇੜੇ ਦਾ ਖਰਚਾ ਇਹ ਸੱਜਣ ਵੀ ਮਿੱਤਰਾਂ ਦੀ ਮਿਹਰਬਾਨੀ ਨਾਲ 'ਬੇਰ' ਤੋੜ ਕੇ ਕੱਢ ਲੈਂਦੇ ਸਨ।

'ਵਿਜ਼ਟਰ ਵੀਜ਼ੇ' 'ਤੇ ਗਈ ਇੱਕ ਔਰਤ ਨੇ ਦੱਸਿਆ, 'ਅਸੀਂ ਓਥੇ ਬੇਰ (Berry) ਤੋੜਨ ਜਾਇਆ ਕਰਦੇ ਸੀ। ਉਹ ਸਾਨੂੰ ਘਰੋਂ ਲੈ ਜਾਂਦੇ ਸਨ। ਟਰੱਕ ਵਿੱਚ ਬਿਠਾਉਣ ਸਾਰ ਟਰੱਕ ਬੰਦ ਕਰ ਦਿੰਦੇ। ਸਾਨੂੰ ਤਾਂ ਪਤਾ ਵੀ ਨਹੀਂ ਲਗਦਾ ਸੀ ਕਿ ਅਸੀਂ ਕਿਹੜੇ ਪਾਸੇ ਕਿਹੜੀ ਸੜਕ 'ਤੇ ਕਿੱਥੇ ਜਾ ਰਹੇ ਹੁੰਦੇ ਸੀ। ਅੱਠ ਘੰਟੇ ਉਹ ਇੱਕ ਮਿੰਟ ਵੀ ਸਾਹ ਨਾ ਲੈਣ ਦਿੰਦੇ। ਪਾਣੀ ਪੀਣ ਦੇ ਬਹਾਨੇ ਜੇ ਮਾੜਾ ਮੋਟਾ ਦਮ ਲੈਂਦੇ ਤਾਂ ਅੰਗਰੇਜ਼ੀ ਵਿੱਚ ਗਾਲ ਵੀ ਕੱਢ ਦਿੰਦੇ। ਬੁਰਾ ਤਾਂ ਬਹੁਤ ਲੱਗਦਾ ਪਰ ਡਾਲਰ ਦੀਂਹਦੇ ਤੇ ...।'

ਪਿੱਛੇ ਜਿਹੇ ਅਸੀਂ ਬੇਟੇ ਕੋਲ ਗਏ। ਕਈ ਦੋਸਤਾਂ ਮਿੱਤਰਾਂ ਨੇ ਉਨ੍ਹਾਂ ਕੋਲ ਆਉਣ ਦੀ ਸੁਲ੍ਹਾ ਵੀ ਮਾਰੀ। ਨਜ਼ਦੀਕੀ ਦੋਸਤ ਨੇ ਦੱਸਿਆ ਕਿ ਆਪਣੇ ਅਫਸਰ ਭਰਾ, ਲਾ ਥਾਣੇਦਾਰਾਂ, ਤਹਿਸੀਲਦਾਰਾਂ ਤੋਂ ... ਰਿਟਾਇਰਮੈਂਟ ਤੋਂ ਬਾਅਦ ਆਪਣੇ ਬੱਚਿਆਂ ਕੋਲ ਆ ਜਾਂਦੇ ਨੇ। ਜਵਾਨੀ ਦੇ ਦਿਨਾਂ ਵਿੱਚ ਮੌਤ ਨੂੰ ਮਖੌਲਾਂ ਕਰਨ ਵਾਲੇ ਯੁਗ ਦੀ ਇਹ ਪੀੜ੍ਹੀ ਕਿਵੇਂ ਬੇਸਮੈਂਟਾਂ ਵਿੱਚ ਕਾਲੇ-ਪਾਣੀ ਦੀ ਜੇਲ੍ਹ ਵਾਂਗ ਬੁਢੇਪਾ ਕੱਟਦੀ ਹੈ, ਉਸ ਵਕਤ ਉਨ੍ਹਾਂ ਦਾ ਦੁੱਖ ਨੀਂ ਦੇਖਿਆ ਜਾਂਦਾ ਜਦੋਂ ਨੂੰਹਾਂ ਕਦੇ ਕਦੇ ਕਹਿ ਦਿੰਦੀਆਂ ਨੇ, 'ਬਾਪੂ ਜੀ, ਵਿਹਲੇ ਬੈਠੇ ਵੀ ਦਿਨ ਨਹੀਂ ਲੰਘਦਾ, ਹੋਰ ਨੀ ਤਾਂ ਪਾਰਟ-ਟਾਈਮ ਈ ਕਰ ਲਿਆ ਕਰੋ। ਚਾਰ ਡਾਲਰ ਆ ਜਾਇਆ ਕਰਨਗੇ..।' ਤੇ ਫੇਰ ਉਹ ਵੱਡੇ ਵੱਡੇ ਫਾਰਮਾਂ ਵਿੱਚ ਬੇਰ ਤੋੜਦੇ ਹਨ। ਕਈ ਝੂਰਦੇ ਕਹਿੰਦੇ ਨੇ 'ਯਾਰ ਓਥੇ ਸਰਦਾਰੀ ਕਰਦੇ ਤੇ.. ਆਹ ਤੋੜ ਰਹੇ ਆਂ ਬੇਰ ਬੁਢਾਪੇ ਵੇਲੇ.. ਓਥੇ ਕੰਮੀਆਂ ਨੂੰ ਗਾਲ਼ਾਂ ਕੱਢਦੇ ਤੇ ਇੱਥੇ ਆਪ ਸੁਣਦੇ ਆਂ।'

ਮੈਂ ਹੱਸਦਿਆਂ ਕਿਹਾ, 'ਉਨ੍ਹਾਂ ਨੂੰ ਕਹਿ ਕਿ ਡੁੱਲ੍ਹੇ ਬੇਰਾਂ ਦਾ ਹਾਲੇ ਵੀ ਕੁਝ ਨਹੀਂ ਵਿਗੜਿਆ, ਵਾਪਸ ਆ ਜਾਣ।'

ਉਸ ਨੇ ਬੜੇ ਸੰਜੀਦਾ ਲਹਿਜ਼ੇ ਵਿੱਚ ਕਿਹਾ, 'ਸੱਚ ਤਾਂ ਇਹ ਹੈ ਕਿ ਇਸ ਅੱਗ ਲਾਉਣੇ ਪਰਵਾਸ ਨੇ ਪੰਜਾਬੀਆਂ ਦਾ ਚਰਿੱਤਰ ਹੀ ਨਵਾਂ ਘੜ ਦਿੱਤਾ ਹੈ। ...ਇਸਦੀ ਪੁਸ਼ਟੀ ਅਜਿਹੀਆਂ ਛਪ ਰਹੀਆਂ ਖ਼ਬਰਾਂ ਨਾਲ ਹੋ ਰਹੀ ਹੈ-'ਲੜਕੀ ਵੱਲੋਂ ਪਤੀ ਨੂੰ ਵਿਦੇਸ਼ ਨਾ ਸੱਦਣ 'ਤੇ ਤਿੰਨ ਖਿਲਾਫ ਕੇਸ ਦਰਜ'। ਮੁੰਡੇ ਵਾਲਿਆਂ ਦੇ ਖਰਚੇ ਤੇ ਆਈਲੈਟਸ ਕਰੋ, ਕੈਨੇਡਾ ਜਾਓ ਤੇ ਫੇਰ ਤੂੰ ਕੌਣ ? ਤੇ ਮੈਂ ਕੌਣ ? ... ਜੱਟ ਵੀਜ਼ਾ ਲਗਾਉਣ ਨੂੰ ਮਰਦਾ, ਲੱਡੂ ਖਾ ਕੇ ਤੁਰਦੀ ਬਣੀ.' ਵਾਲਾ ਵਰਤਾਰਾ ਹੁਣ ਟਾਵਾਂ-ਟਾਵਾਂ ਨਹੀਂ, ਆਮ ਹੋ ਗਿਆ ਹੈ।'



# ਪੰਜਾਬੀ ਭਾਸ਼ਾ ਪ੍ਰਤੀ ਸੁਹਿਰਦਤਾ



ਜਸਵੰਤ ਕੌਰ ਮਣੀ
ਮੋ. 98888-70822

ਹਰ ਵਰ੍ਹੇ 21 ਫਰਵਰੀ ਨੂੰ ਕੌਮਾਂਤਰੀ ਮਾਤ ਭਾਸ਼ਾ ਦਿਵਸ ਵਜੋਂ ਮਨਾਇਆ ਜਾਦਾ ਹੈ। ਆਪਣੀ ਮਾਤ ਭਾਸ਼ਾ ਦੀ ਹੋਂਦ ’ਤੇ ਗੌਰਵ ਲਈ ਇਹ ਦਿਨ ਆਪਣਾ ਇੱਕ ਲੰਮਾ ਇਤਿਹਾਸ ਲੈ ਕੇ ਜੁੜਿਆ ਹੋਇਆ ਹੈ। ਸਾਡੀ ਮਾਂ ਬੋਲੀ ਪੰਜਾਬੀ ਲਈ ਪੰਜਾਬ ਵਿੱਚ ਹੀ ਨਹੀਂ ਬਲਕਿ ਵਿਦੇਸ਼ਾਂ ਵਿੱਚ ਵੀ, ਜਿੱਥੇ ਪੰਜਾਬੀ ਵਸਦੇ ਹਨ ਆਪਣੀ ਮਾਤ ਭਾਸ਼ਾ ਪੰਜਾਬੀ ਲਈ ਇਹ ਦਿਹਾੜਾ ਮਨਾਉਂਦੇ ਹਨ। ਕਦੇ ਕਦੇ ਇੰਜ ਲਗਦਾ ਹੈ, ਜਿਵੇਂ ਪ੍ਰਦੇਸ਼ਾਂ ਵਿੱਚ ਜਾ ਕੇ ਵੀ ਪੰਜਾਬੀ ਆਪਣੀ ਮਾਂ ਬੋਲੀ ਤੋਂ ਵਿਰਵੇ ਨਹੀਂ ਹੋਏ ਬਲਕਿ ਉਨ੍ਹਾਂ ਨੇ ਉੱਥੇ ਵੀ ਆਪਣਾ ਇੱਕ ਵੱਖਰਾ ਪੰਜਾਬ ਵਸਾ ਲਿਆ ਹੈ। ਜਿਨ੍ਹਾਂ ਨੇ ਨਾ ਕੇਵਲ ਆਪਣੀ ਮਾਤ ਭਾਸ਼ਾ ਨੂੰ ਹੀ ਸੰਭਾਲਿਆ ਹੋਇਆ ਹੈ ਸਗੋਂ ਆਪਣੇ ਸਾਹਿਤ ਤੇ ਸੱਭਿਆਚਾਰ ਆਦਿ ਨੂੰ ਵੀ ਦੇਸ਼ਾਂ ਵਿਦੇਸ਼ਾਂ ਵਿੱਚ ਇੱਕ ਨਵੀਂ ਨਿਵੇਕਲੀ ਪਹਿਚਾਣ ਦਿੱਤੀ ਹੈ। ਪੰਜਾਬੀ ਸਪਤਾਹ, ਪੰਜਾਬੀ ਪੰਦਰਵਾੜਾ ਸਾਡੇ ਪੰਜਾਬ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸਾਹਿਤ ਸਭਾਵਾਂ ਆਦਿ ਵੱਲੋਂ ਹਰ ਵਰ੍ਹੇ ਵੱਡੇ ਵੱਡੇ ਭਾਸ਼ਣਾਂ, ਵਿਚਾਰ ਗੋਸ਼ਟੀਆਂ, ਸੰਮੇਲਨਾਂ ਆਦਿ ਰਾਹੀਂ ਜਾਂ ਫਿਰ ਪੱਤਰਾਂ, ਸੜਕਾਂ ’ਤੇ ਪ੍ਰਚਾਰਾਂ ਆਦਿ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਜੋ ਸਿਰਫ਼ ਇਨ੍ਹਾਂ ਦਿਨਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ ਅਤੇ ਫਿਰ ਪੰਜਾਬੀ ਨਾਲ ‘ਤੂੰ ਕੌਣ ਤੇ ਮੈਂ ਕੌਣ’ ਵਾਲੀ ਗੱਲ ’ਤੇ ਸਥਿਤੀ ਹੋ ਨਿੱਬੜਦੀ ਹੈ। ਅੱਜ ਆਮ ਪੰਜਾਬੀ ਘਰਾਂ ਤੋਂ ਲੈ ਕੇ ਵੱਡੇ ਵੱਡੇ ਅਮੀਰ ਘਰਾਂ ਤੱਕ ਪੰਜਾਬੀ ਦੀ ਜੋ ਦੁਰਦਸ਼ਾ ਹੈ ਉਹ ਕਿਸੇ ਵੀ ਨਜ਼ਰ ਤੋਂ ਲੁਕਿਆ ਨਹੀਂ ਹੋਇਆ। ਕਈ ਵਾਰ ਇਸ ਗੱਲ ’ਤੇ ਬੜਾ ਅਚੰਭਾ ਤੇ ਹੈਰਾਨੀ ਪ੍ਰਤੀਤ ਹੁੰਦੀ ਹੈ, ਜਦੋਂ ਪੰਜਾਬੀ ਦੇ ਵੱਡੇ ਵੱਡੇ ਹਮਾਇਤੀ ਜੋ ਮੁੱਖ ਬੁਲਾਰੇ ਦੇ ਰੂਪ ਵਿੱਚ ਪੰਜਾਬੀ ਭਾਸ਼ਾ ਲਈ ਵਿਸ਼ੇਸ਼ ਭਾਸ਼ਣ ਦੇਣ ਲਈ ਬੁਲਾਏ ਜਾਂਦੇ ਹਨ ਪਰ ਆਪਣੇ ਹੀ ਘਰ ਵਿੱਚ ਆਪਣੇ ਬੱਚੇ ਨੂੰ ਘਰ ਵਿੱਚ ਹਿੰਦੀ ਜਾਂ ਅੰਗਰੇਜ਼ੀ ਦੀ ਵਰਤੋਂ ਕਰਨ ’ਤੇ ਵਧੇਰੇ ਜ਼ੋਰ ਦਿੰਦੇ ਹਨ। ਕੋਈ ਵੀ ਭਾਸ਼ਾ ਮਾੜੀ ਨਹੀਂ ਹੁੰਦੀ ਪਰ ਜੋ ਗੱਲ ਆਪਣੀ ਮਾਤ ਭਾਸ਼ਾ ਵਿੱਚ ਵਜ਼ਨਦਾਰ ਤਰੀਕੇ ਨਾਲ ਆਖੀ ਜਾ ਸਕਦੀ ਹੈ ਉਹ ਕਿਸੇ ਹੋਰ ਭਾਸ਼ਾ ਵਿੱਚ ਨਹੀਂ ਆਖੀ ਜਾ ਸਕਦੀ। ਹਰ ਭਾਸ਼ਾ ਦਾ ਆਪਣਾ ਇੱਕ ਵੱਖਰਾ ਵਜੂਦ, ਵੱਖਰੀ ਵਿਸ਼ੇਸ਼ਤਾ ਆਦਿ ਹੁੰਦੀ ਹੈ। ਹਰ ਕਿਸੇ ਦੀ ਆਪਣੀ ਆਪਣੀ ਮਾਤ ਭਾਸ਼ਾ ਹੈ। ਜਿਸ ਵਿੱਚ ਉਹ ਵਧੇਰੇ ਚੰਗੀ ਤਰ੍ਹਾਂ ਬੋਲਣ, ਸਿੱਖਣ ’ਤੇ ਸਮਝਣ ਦੇ ਸਮਰੱਥ ਹੁੰਦਾ ਹੈ। ਪੰਜਾਬੀ ਭਾਸ਼ਾ ਦੀ ਗੱਲ ਕਰੀਏ ਤਾਂ ਇਹ ਕੋਈ ਅੱਜ ਦੀ ਨਹੀਂ ਬਲਕਿ ਇਸਦਾ ਆਪਣਾ ਇੱਕ ਲੰਮਾ ਇਤਿਹਾਸਕ ਪੜਾਅ ਹੈ। ਪੁਰਾਣੀ ਪੰਜਾਬੀ ਦੇ ਰੂਪ ਵਿੱਚ ਨਾਥਾਂ-ਯੋਗੀਆਂ ਦੇ ਧੂਣੇ ਤੋਂ ਹੁੰਦੀ ਹੋਈ, ਬਾਬਾ ਫ਼ਰੀਦ ਜੀ ਦੇ ਸ਼ਲੋਕਾਂ ਵਿੱਚ ਵਿਚਰਦੀ, ਗੁਰੂ ਸਾਹਿਬਾਨ ਦੀ ਮਿੱਠੀ ਤੇ ਪਵਿੱਤਰ ਬਾਣੀ ਤੋਂ ਸੰਚਾਰ ਕਰਦੀ ਹੋਈ ਪੰਜਾਬੀ ਬੋਲੀ ਆਧੁਨਿਕ ਲੇਖਕਾਂ/ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਅਨਿੱਖੜਵਾਂ ਅੰਗ ਬਣ ਗਈ ਹੈ। ਸ਼ਾਇਦ ਸਦੀਵੀ ਚਾਲ ਅਤੇ ਪੁਰਾਤਨ ਭਾਸ਼ਾ ਹੋਣ ਕਰਕੇ ਹੀ ਇਹ ਕਿਸੇ ਨਾ ਕਿਸੇ ਰੂਪ ਵਿੱਚ ਨਿਰੰਤਰ ਸੁਰਜੀਤ ਤੁਰੀ ਆ ਰਹੀ ਹੈ। ਪਰ ਅਫ਼ਸੋਸ ਪੰਜਾਬੀ ਸੂਬਾ ਬਣਨ ਦੇ ਬਾਵਜੂਦ ਵੀ ਹਰ ਵਾਰ ਦੀ ਤਰ੍ਹਾਂ ਇਹ ਅੱਜ ਵੀ ਸਹੀ ਰੂਪ ਵਿੱਚ ਸਰਕਾਰੀ ਦਫ਼ਤਰਾਂ ਦੀ ਜਾਂ ਪ੍ਰਬੰਧਕੀ ਭਾਸ਼ਾ ਦਾ ਰੁਤਬਾ ਹਾਸਲ ਨਹੀਂ ਕਰ ਸਕੀ। ਇਹ ਠੀਕ ਹੈ ਕਿ ਮਨੁੱਖ ਦੀ ਸੋਚ ਤੇ ਸਮਝ ਸ਼ਕਤੀ ਏਨੀ ਬਲਵਾਨ ਹੈ ਕਿ ਉਹ ਅਨੇਕਾਂ ਭਾਸ਼ਾਵਾਂ ਸਿੱਖ, ਸਮਝ ਤੇ ਬੋਲ ਸਕਦਾ ਹੈ ਅਤੇ ਦੂਸਰਿਆਂ ਰਾਜਾਂ/ਦੇਸ਼ਾਂ ਵਿੱਚ ਵਿਚਰਨ ਲਈ ਉਸ ਨੂੰ ਹੋਰਨਾਂ ਭਾਸ਼ਾਵਾਂ ਦਾ ਗਿਆਨ ਹੋਣਾ ਜ਼ਰੂਰੀ ਵੀ ਹੈ ਪਰ ਇਸਦੇ ਨਾਲ ਹੀ ਇਹ ਤੱਥ ਵੀ ਉੱਭਰ ਸਾਹਮਣੇ ਆਉਂਦਾ ਹੈ ਕਿ ਮਨੁੱਖ ਚਾਹੇ ਹੋਰਨਾਂ ਭਾਸ਼ਾਵਾਂ ਵਿੱਚ ਆਪਣੀ ਕਿੰਨੀ ਮਰਜ਼ੀ ਮਜਬੂਤ ਪਕੜ ਬਣਾ ਲਵੇ ਪਰ ਆਪਣੀ ਕਲਪਨਾ ’ਤੇ ਜਜ਼ਬਾਤਾਂ ਦਾ ਪ੍ਰਗਟਾਵਾ ਉਹ ਸਿਰਫ਼ ਆਪਣੀ ਮਾਂ ਬੋਲੀ ਵਿੱਚ ਹੀ ਕਰ ਸਕਦਾ ਹੈ। ਮਾਤ ਭਾਸ਼ਾ ਦੀ ਸਿਰਫ਼ ਇੱਕ ਸਤਰ ਵੀ ਰਸ ਘੋਲਦੀ ਹੈ ’ਤੇ ਓਹੀ ਸਤਰ ਜਦੋਂ ਵਿਦੇਸ਼ੀ ਭਾਸ਼ਾ ਵਿੱਚ ਉਚਾਰੀ ਜਾਵੇ ਤਾਂ ਕਿੰਨਾ ਓਪਰਾਪਨ ਲਗਦਾ ਹੈ। ਮਾਂ ਬੋਲੀ ਸਾਡੇ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਹੋਣ ਦੇ ਨਾਲ ਨਾਲ ਸਾਡੀ ਸਮੁੱਚੀ ਸਖ਼ਸੀਅਤ ਦਾ ਪ੍ਰਗਟਾਵਾ ਵੀ ਹੈ। ਜਿਵੇਂ ਬਠਿੰਡੇ ਵਾਲਿਆਂ ਦੀ ਬੋਲੀ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਇਹ ਬਠਿੰਡੇ ਨਾਲ ਸਬੰਧਤ ਹਨ।




ਭਾਸ਼ਾ ਮਾਹਿਰਾਂ ਦਾ ਵਿਚਾਰ ਹੈ ਕਿ ਬੱਚਾ ਜਿੰਨਾ ਵਧੇਰੇ ਆਪਣੀ ਮਾਤ ਭਾਸ਼ਾ ਵਿੱਚ ਸਿੱਖ ਸਕਦਾ ਹੈ ਓਨਾ ਕਿਸੇ ਹੋਰ ਭਾਸ਼ਾ ਵਿੱਚ ਚੰਗੀ ਤਰ੍ਹਾਂ ਨਹੀਂ ਸਿੱਖ ਸਕਦਾ। ਪਿਛਲੇ ਸਮਿਆਂ ਵਿੱਚ ਬੱਚਾ ਤੀਜੀ ਚੌਥੀ ਜਮਾਤ ਵਿੱਚ ਹੀ ਵੀਹ ਤੱਕ ਪਹਾੜੇ ਜੁਬਾਨੀ ਯਾਦ ਕਰਕੇ ਸੁਣਾ ਦਿੰਦਾ ਸੀ ਪਰ ਹੁਣ ਅੰਗਰੇਜ਼ੀ ਬਣੇ ਤੋਤੇ ਦਸ ਤੱਕ ਸੁਣਾਉਂਦੇ ਵੀ ਅੜ ਜਾਂਦੇ ਹਨ। ਮੇਰੇ ਗੁਆਂਢ ਦੀ ਇੱਕ ਬੱਚੀ ਜੋ ਪੰਜਵੀਂ ਜਮਾਤ ਵਿੱਚ ਪੜ੍ਹਦੀ ਹੈ। ਪਿਛਲੇ ਸਾਲ ਕਿਸੇ ਨਿੱਜੀ ਸਕੂਲ ਵਿੱਚ ਪੜਦੀ ਸੀ ਪਰ ਇਸ ਸਾਲ ਕੋਰੋਨਾ ਸੰਕਟ ਦੇ ਚਲਦਿਆਂ ਸਰਕਾਰੀ ਸਕੂਲ ਵਿੱਚ ਦਾਖ਼ਲ ਕਰਵਾ ਦਿੱਤੀ ਗਈ। ਭਾਵੇਂ ਉਸਦਾ ਮਾਧਿਅਮ ਅੰਗਰੇਜ਼ੀ ਹੀ ਰੱਖਿਆ ਗਿਆ ਪਰ ਅੰਗਰੇਜ਼ੀ ਪੰਜਾਬੀ ਦੇ ਚਲਦਿਆਂ ਉਸਦਾ ਪਹਾੜੇ ਸੁਣਾਉਣ ਦਾ ਅੰਦਾਜ਼ ਹੀ ਬਦਲ ਗਿਆ। ਛੇ ਦਾ ਪਹਾੜਾ ਸ਼ੁਰੂ ਕਰਦਿਆਂ ਹੋਇਆ ਉਹ ਪਹਿਲਾਂ ਅੰਗਰੇਜ਼ੀ ਵਿੱਚ ਸੁਣਾਉਂਦੀ ਹੈ ਪਰ ਅੱਗੇ ਹੀ ਉਹ ਅਟਕਦੀ ਹੋਈ ਆਖਦੀ ਹੈ, ਸਿਕਸ ਫੋਰ ਯਾ ਚੌਵੀ । ਸ਼ਾਇਦ ਉਹ ਛੇ ਦੀ ਗੁਣਾ ਚਾਰ ਨੂੰ ਚੌਵੀ ਸਿੱਖਣ ਦੇ ਜਲਦੀ ਸਮਰੱਥ ਸੀ ਕਿਉਂਕਿ ਇਹ ਉਸਦੀ ਮਾਤ ਭਾਸ਼ਾ ਦਾ ਪ੍ਰਭਾਵ ਸੀ ਪਰ ‘ਟਵੰਟੀ ਫੋਰ’ ਆਖਣਾ ਉਸ ਨੂੰ ਕੁਝ ਕਠਿਨ ਲੱਗ ਰਿਹਾ ਸੀ।

ਅੱਜ ਪੰਜਾਬੀ ਮਾਂ ਬੋਲੀ ਨੂੰ ਬਣਦਾ ਸਤਿਕਾਰ ਨਹੀਂ ਮਿਲ ਰਿਹਾ, ਸਗੋਂ ਥਾਂ-ਥਾਂ ਇਸਦੀ ਬੇਕਦਰੀ ਜ਼ਰੂਰ ਹੋ ਰਹੀ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਵੀ ਮਾਂ ਬੋਲੀ ਪ੍ਰਤੀ ਸੁਹਿਰਦ ਨਹੀਂ ਜਾਪਦੀਆਂ। ਪੰਜਾਬੀ ਦੀ ਕਦਰ ਦਾ ਅੰਦਾਜ਼ਾ ਤਾਂ ਇਸ ਗੱਲ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਅੱਜ ਅਸੀਂ ਕੋਈ ਵੀ ਕਾਗਜ਼ ਭਰੀਏ ਨਿੱਜੀ, ਦਫ਼ਤਰੀ ਜਾਂ ਜਨਤਕ ਆਦਿ ਉਹ ਜ਼ਿਆਦਾਤਰ ਅੰਗਰੇਜ਼ੀ ਵਿੱਚ ਹੀ ਹੁੰਦਾ ਹੈ। ਬੇਸ਼ੱਕ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਪੰਜਾਬੀ ਪ੍ਰੇਮੀ ਲਛਮਣ ਸਿੰਘ ਨੇ ਪੰਜਾਬੀ ਪ੍ਰਤੀ ਸੁਹਿਰਦਤਾ ਦਿਖਾਉਂਦੇ ਹੋਏ ‘ਰਾਜ ਭਾਸ਼ਾ ਕਾਨੂੰਨ’ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬੀ ਭਾਸ਼ਾ ਨੂੰ ਸਰਕਾਰੀ ਦਫ਼ਤਰਾਂ ਵਿੱਚ ਪ੍ਰਬੰਧਕੀ ਭਾਸ਼ਾ ਵਜੋਂ ਰੁਤਬਾ ਦਿਵਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਸੀ ਪਰ ਅੱਜ ਕੱਲ੍ਹ ਇਸ ਕਾਨੂੰਨ ਨੂੰ ਤੋੜਦੇ ਹੋਏ ਅੰਗਰੇਜ਼ੀ ਨੂੰ ਹੀ ਵਧੇਰੇ ਅਹਿਮੀਅਤ ਦਿੱਤੀ ਜਾ ਰਹੀ ਹੈ। ਜਦੋਂ ਵਿਦੇਸ਼ੀ ਭਾਸ਼ਾ ਨੂੰ ਰੁਜ਼ਗਾਰ ਲਈ, ਵਪਾਰ ਲਈ ਵਰਤਿਆ ਜਾਵੇ ਤਾਂ ਮਾਤ ਭਾਸ਼ਾ ਸਿਵਾਏ ਭਾਸ਼ਣਾਂ ਜਾਂ ਸਾਹਿਤਕ ਸਿਰਜਨਾਵਾਂ ਤੋਂ ਅੱਗੇ ਨਹੀਂ ਨਿਕਲ ਸਕਦੀ।

ਪੰਜਾਬੀ ਭਾਸ਼ਾ ਦੇ ਹਾਲਾਤ ਬਾਰੇ ਇੱਕ ਹੋਰ ਪੱਖ ਤੋਂ ਦੇਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਮਾਪੇ ਵੀ ਅਕਸਰ ਆਪਣੇ ਬੱਚਿਆਂ ਨੂੰ ਨਿੱਜੀ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ/ਕਾਲਜਾਂ ਵਿੱਚ ਪੜ੍ਹਾਉਣਾ ਵਧੇਰੇ ਪਸੰਦ ਕਰਦੇ ਹਨ। ਅਜਿਹਾ ਕਰਕੇ ਬੱਚੇ ਦੀ ਪਹਿਲੀ ਸ਼੍ਰੇਣੀ ਤੋਂ ਹੀ ਅੰਗਰੇਜ਼ੀ ਨਾਲ ਲਗਨ ਬਣਾ ਕੇ ਪੰਜਾਬੀ ਨੂੰ ਮਨੋ ਵਿਸਾਰਨ ਦੇ ਸਾਧਨ ਘੜ ਦਿੱਤੇ ਜਾਂਦੇ ਹਨ। ਪੜ੍ਹੇ ਲਿਖੇ ਹੀ ਨਹੀਂ ਅਨਪੜ੍ਹ ਮਾਪੇ ਵੀ ਆਖਦੇ ਹਨ, ਪੰਜਾਬੀ ਦਾ ਕੀ ਏ, ਆਪੇ ਆਜੂਗੀ। ਆਪਣੇ ਬੱਚੇ ਨੂੰ ਗਟਰ-ਗਟਰ ਅੰਗਰੇਜ਼ੀ ਬੋਲਦਿਆਂ ਤੇ ਅੰਗਰੇਜ਼ੀ ਨੂੰ ਜ਼ਿਆਦਾ ਅਹਿਮੀਅਤ ਦਿੰਦਿਆਂ ਦੇਖ ਅਨਪੜ੍ਹ ਮਾਪੇ ਵੀ ਬਹੁਤ ਖ਼ੁਸ਼ ਹੁੰਦੇ ਹਨ। ਅਜੋਕੇ ਦੌਰ ਵਿੱਚ ਦੇਖਿਆ ਜਾਵੇ ਤਾਂ ਪੰਜਾਬੀ ਦਲਿਤ ਵਰਗ ਦੀ ਭਾਸ਼ਾ ਤੱਕ ਸੀਮਤ ਹੁੰਦੀ ਜਾ ਰਹੀ ਹੈ। ਗਰੀਬ ਜਾਂ ਦਲਿਤ ਵਰਗ ਦੀ ਏਨੀ ਆਰਥਿਕ ਪਹੁੰਚ ਨਹੀਂ ਹੁੰਦੀ ਕਿ ਉਹ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਤੱਕ ਪਹੁੰਚਾ ਸਕਣ ਅਤੇ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਅਸਾਮੀਆਂ ਦਾ ਜੋ ਹਾਲ ਹੈ ਉਹ ਸਭ ਜਾਣਦੇ ਹੀ ਹਨ। ਜਦ ਸਭ ਕੁਝ ਨਿੱਜੀ ਹੱਥਾਂ ਵਿੱਚ ਜਾ ਰਿਹਾ ਹੈ ਅਤੇ ਕੁਝ ਜਾਣ ਦੀ ਤਿਆਰੀ ਵਿੱਚ ਹੈ ਤਾਂ ਸੁਭਾਵਿਕ ਹੈ ਕਿ ਭਾਸ਼ਾ ਵੀ ਨਿੱਜੀ ਵਰਗ ਦੁਆਰਾ ਖ਼ੁਦ ਹੀ ਨਿਰਧਾਰਿਤ ਕੀਤੀ ਜਾਵੇਗੀ।

ਰਾਖਵੇਂਕਰਨ ਤਹਿਤ ਦਲਿਤ ਵਰਗ ਵਿਕਾਸ ਕਰਕੇ ਅੱਜ ਖੁੱਲੀਆਂ ਸ਼੍ਰੇਣੀਆਂ ਵਿੱਚ ਆ ਰਹੇ ਹਨ ਪਰ ਮਾਰ ਪੈਰ ਪੈ ਰਹੀ ਹੈ ਤਾਂ ਇਸ ਭਾਸ਼ਾ ਵਿੱਚ ਰੁਜ਼ਗਾਰ ਨਾ ਮਿਲਣ ਦੀ ਤੇ ਉਹ ਹੋਰਨਾਂ ਵਿਸ਼ਿਆਂ ਦੀ ਪੜਾਈ ਲਈ ਏਨੀ ਦੇਣਦਾਰੀ ਨਹੀਂ ਜੁਟਾ ਪਾਉਂਦੇ ਕਿ ਉਹ ਇਹ ਮਹਿੰਗੀ ਸਿੱਖਿਆ ਹਾਸਲ ਕਰ ਸਕਣ। ਇਹੀ ਕਾਰਨ ਹੈ ਕਿ ਬਹੁਤ ਘੱਟ ਦਲਿਤ/ਗਰੀਬ ਵਰਗ ਡਾਕਟਰ, ਇੰਜੀਨਿਅਰਿੰਗ ਜਾਂ ਹੋਰ ਕਿੱਤਾਮੁਖੀ ਸਿੱਖਿਆ ਦੇ ਖੇਤਰ ਵਿੱਚ ਜਾ ਪਾਉਂਦੇ ਹਨ ਕਿਉਂਕਿ ਇਨ੍ਹਾਂ ਵਿਸ਼ਿਆਂ ਦੀ ਪੜ੍ਹਾਈ ਦਾ ਮਾਧਿਅਮ ਅੰਗਰੇਜ਼ੀ ਹੁੰਦਾ ਹੈ ਜੋ ਆਮ ਵਰਗ ਦੀ (ਬਾਕੀ ਸਫ਼ਾ 31 ’ਤੇ)

ਕਲਮਾਂ ਦੇ ਜਜ਼ਬਾਤ

# ਮਾਂ ਜੀ ਤੇਰੇ ਦੋ ਪਿੰਡ ਆ . . . ?

ਲਖਵਿੰਦਰ ਜੌਹਲ ‘ਧੱਲੇਕੇ’

ਨਿੱਕੇ ਹੁੰਦੇ ਨਾਨਕਿਆਂ ਦੇ ਪਿੰਡ ਜਦੋਂ ਕਦੇ ਜਾਣਾ ਤਾਂ ਬੜਾ ਚਾਅ ਚੜ੍ਹਨਾ। ਨਾਨਕੇ ਘਰ ਵਿੱਚ ਦੋਹਤਵਾਨਾਂ ਦੇ ਆਉਣ ਦਾ ਚਾਅ ਭਾਵੇਂ ਟੱਬਰ ਦੇ ਹਰੇਕ ਜੀਅ ਨੂੰ ਹੁੰਦਾ ਏ, ਪਰ ਨਾਨੇ ਨਾਨੀਆਂ ਨੂੰ ਸਭ ਨਾਲ਼ੋਂ ਵੱਖਰਾ ਹੀ ਚਾਅ ਹੁੰਦਾ ਹੈ। ਮੇਰੇ ਨਾਨੇ ਹੁਰੀਂ ਤਿੰਨ ਭਰਾ ਸਨ ਤੇ ਉਨ੍ਹਾਂ ਵਿੱਚੋਂ ਸਭ ਤੋਂ ਛੋਟੇ ਮੇਰੇ ਨਾਨਾ ਸ. ਬਲਦੇਵ ਸਿੰਘ ਜੀ ਸਨ। ਸਭ ਤੋਂ ਵੱਡੇ ਨਾਨਾ ਸ. ਬਲਵੀਰ ਸਿੰਘ ਜੀ ਪਿੰਡ ਦੇ ਸਰਪੰਚ ਹੁੰਦੇ ਸਨ ਤੇ ਉਨ੍ਹਾਂ ਦੀ ਘਰਵਾਲ਼ੀ ਮੁਖ਼ਤਿਆਰ ਕੌਰ ਤੇ ਮੇਰੀ ਨਾਨੀ ਗੁਰਨਾਮ ਕੌਰ ਦੋਵੇਂ ਸਕੀਆਂ ਭੈਣਾਂ ਸਨ। ਇਸ ਤਰ੍ਹਾਂ ਮੈਨੂੰ ਨਾਨਕਿਆਂ ਦੇ ਪਿੰਡ ਵਿੱਚ ਦੋ ਦੋ ਨਾਨੀਆਂ ਦਾ ਪਿਆਰ ਮਿਲਿਆ। ਵਿਚਕਾਰਲੇ ਨਾਨਾ ਸ. ਨਿਰੰਜਣ ਸਿੰਘ ਤੇ ਨਾਨੀ ਕਰਤਾਰ ਕੌਰ ਦੀ ਮੈਨੂੰ ਬੱਸ ਧੁੰਦਲੀ ਜਿਹੀ ਯਾਦ ਹੈ ਕਿਉਂਕਿ ਉਹ ਮੇਰੇ ਨਿੱਕੇ ਹੁੰਦੇ ਹੀ ਇਸ ਦੁਨੀਆਂ ਤੋਂ ਚਲੇ ਗਏ ਸਨ। ਆਪਣੀ ਨਾਨੀ ਨੂੰ ਮਾਤਾ ਜੀ ਦੀ ਰੀਸੋ ਰੀਸ ਅਸੀਂ ‘ਬੀਬੀ’ ਕਹਿੰਦੇ ਹਾਂ ਜਦੋਂਕਿ ਵੱਡੀ ਨਾਨੀ ਨੂੰ ਬਾਕੀ ਸਾਰਿਆਂ ਵਾਂਗ ‘ਮਾਂ ਜੀ’ ਕਹਿ ਕੇ ਬੁਲਾਉਂਦੇ। ਵੱਡੀ ਨਾਨੀ ਰਿਸ਼ਤੇ ਵਿੱਚ ਭਾਵੇਂ ਵੱਡੀ ਸੀ ਪਰ ਉਮਰ ਵਿੱਚ ਮੇਰੀ ਨਾਨੀ ਤੋਂ ਕੋਈ ਦੋ ਸਾਲ ਛੋਟੀ ਸੀ। ਪਰ ਵਿਆਹ ਉਨ੍ਹਾਂ ਦਾ ਪਹਿਲਾ ਹੋਇਆ ਸੀ, ਕਿਉਂਕਿ ਉਹ ਆਪਣੇ ਨਾਨਕੇ ਰਹਿੰਦੇ ਸੀ ਤੇ ਉਨ੍ਹਾਂ ਦਾ ਵਿਆਹ ਨਾਨਕਿਆਂ ਨੇ ਕੀਤਾ ਸੀ। ਉਸ ਤੋਂ ਬਾਅਦ ਉਨ੍ਹਾਂ ਨੇ ਹੀ ਮੇਰੀ ਨਾਨੀ ਦਾ ਰਿਸ਼ਤਾ ਏਸੇ ਘਰ ਲਿਆਂਦਾ ਸੀ।

ਸਮੇਂ ਦੇ ਬਦਲਾਅ ਨਾਲ ਅੱਗੇ ਨਾਨੇ ਹੁਰੀਂ ਅੱਡੋ ਅੱਡ ਹੋ ਗਏ। ਵੱਡੇ ਦੋਵੇਂ ਭਾਈਆਂ ਨੇ ਪਿੰਡ ਹੀ ਰਿਹਾਇਸ਼ ਰੱਖੀ ਤੇ ਮੇਰੇ ਨਾਨਾ ਜੀ ਆਪਣੀ ਰਿਹਾਇਸ਼ ਪਿੰਡ ਤੋਂ ਕੋਈ ਮੀਲ ਕੁ ਦੀ ਵਿੱਥ ਤੇ ਪਿੰਡੋਂ ਬਾਹਰਵਾਰ ਲੈ ਆਏ। ਮੇਰਾ ਜਨਮ ਵੀ ਮੇਰੇ ਨਾਨਕਿਆਂ ਦੇ ਇਸੇ ਘਰ ਵਿੱਚ ਹੋਇਆ। ਮੈਂ ‘ਬੀਬੀ’ ਤੇ ‘ਮਾਂ ਜੀ’ ਦੋਵੇਂ ਭੈਣਾਂ ਦਾ ਆਪਸ ਵਿੱਚ ਬਹੁਤ ਪਿਆਰ ਵੀ ਦੇਖਿਆ ਤੇ ਮਾੜੀ ਮੋਟੀ ਕਦੇ ਕਦੇ ਨੋਕ ਝੋਕ ਵੀ ਹੁੰਦੀ ਦੇਖੀ। ਬੀਬੀ ਸਾਡੀਆਂ ਸ਼ਰਾਰਤਾਂ ਤੋਂ ਤੰਗ ਆ ਕੇ ਕਦੇ ਦੋ ਚਾਰ ਸਾਡੇ ਕੰਨਾਂ ਤੇ ਧਰ ਵੀ ਦਿੰਦੀ, ਪਰ ‘ਮਾਂ ਜੀ’ ਨੇ ਸਾਨੂੰ ਕਦੇ ਕੁਝ ਨਾ ਕਹਿਣਾ ਸਗੋਂ ਸਾਡਾ ਬਚਾਅ ਕਰਨਾ। ਕਦੇ ਕਦੇ ਆਪਣਾ ਸਾਰਾ ਜ਼ੋਰ ਲਾ ਕੇ ਬੁੱਕਲ਼ ਵਿੱਚ ਘੁੱਟ ਲੈਣਾ। ਦੋਵੇਂ ਭੈਣਾਂ ਇੱਕ ਦੂਜੀ ਨੂੰ ਮਿਲਣ ਆਉਂਦੀਆਂ ਜਾਂਦੀਆਂ ਰਹਿੰਦੀਆਂ। ਦੋਵਾਂ ਦੀ ਗੱਲ-ਬਾਤ ਵਿੱਚ ਕਦੇ ਕਦੇ ਬਹਾਵਲਪੁਰੀ ਲਫ਼ਜ਼ਾਂ ਦੀ ਛੋਹ ਵੀ ਹੁੰਦੀ ਕਿਉਂਕਿ ਦੋਵਾਂ ਦਾ ਜਨਮ ਵੰਡ ਤੋਂ ਪਹਿਲਾਂ ਬਹਾਵਲਪੁਰ ਰਿਆਸਤ ਵਿੱਚ ਹੋਇਆ ਸੀ। ਦੋਵਾਂ ਦੀ ਉਮਰ ਉਨ੍ਹਾਂ ਦੇ ਹੀ ਦੱਸਣ ਮੁਤਾਬਕ ਦਸ-ਬਾਰਾਂ ਸਾਲ ਦੀ ਹੋਵੇਗੀ ਜਦੋਂ ਉਹ ਆਪਣੇ ਮਾਂ ਬਾਪ, ਹੋਰ ਛੇ ਭੈਣ-ਭਾਈਆਂ ਅਤੇ ਚਾਚੇ-ਤਾਇਆਂ ਦੇ ਟੱਬਰਾਂ ਨਾਲ ਬਹਾਵਲਪੁਰ ਤੋਂ ਪੈਦਲ ਚੱਲ ਕੇ ਚੜ੍ਹਦੇ ਪੰਜਾਬ ਵੱਲ ਆਈਆਂ ਸਨ। ਉਧਰੋਂ ਆਉਂਦੇ ਸ਼ਰੀਕੇ ਪਰਿਵਾਰ ਦੇ ਕੁਝ ਜੀਆਂ ਦਾ ਜਾਨੀ ਨੁਕਸਾਨ ਵੀ ਹੋਇਆ ਤੇ ਰਾਹ ਵਿੱਚ ਕੁਝ ਹੋਰ ਹੌਲਨਾਕ ਮੰਜ਼ਰ ਵੀ ਦੇਖੇ। ਜਿਸ ਕਰਕੇ ਮੇਰੇ ਪੁੱਛਣ ਤੇ ਵੀ ਕਦੇ ਜਿਆਦਾ ਕੁਝ ਨਾ ਦੱਸਦੀਆਂ।



ਇੱਕ ਵਾਰ ਨਿੱਕੇ ਹੁੰਦੇ ਮੈਂ ਨਾਨਕੇ ਘਰ ਗਿਆ ਤਾਂ ਅੱਗੋਂ ‘ਮਾਂ ਜੀ’ ਬੀਬੀ ਨੂੰ ਮਿਲਣ ਆਈ ਹੋਈ ਸੀ। ਥੋੜ੍ਹਾ ਚਿਰ ਤਾਂ ‘ਮਾਂ ਜੀ’ ਉੱਥੇ ਬੈਠੀ ਰਹੀ ਤੇ ਫੇਰ ਆਪਣੇ ਪਿੰਡ ਵਾਲੇ ਘਰ ਚਲੀ ਗਈ। ਅਗਲੇ ਦਿਨ ਸ਼ਾਮ ਵੇਲੇ ਮੈਂ ਮਾਤਾ ਜੀ ਤੇ ‘ਬੀਬੀ’ ਨਾਲ ਪਿੰਡ ਵਾਲੇ ਘਰ ਚਲਿਆ ਗਿਆ। ਜਾਂਦਿਆਂ ਸਾਰ ਹੀ ‘ਮਾਂ ਜੀ’ ਨੂੰ ਉੱਥੇ ਦੇਖਕੇ ਮੇਰੇ ਮੂੰਹੋਂ ਨਿਕਲਿਆ, ‘ਮਾਂ ਜੀ, ਤੇਰੇ ਕੋਈ ਦੋ ਪਿੰਡ ਆ..?’ ‘ਮਾਂ ਜੀ’ ਨੇ ਮੁਸਕਰਾਉਂਦੇ ਹੋਏ ਪੁੱਛਿਆ, ‘ਕਿਉਂ ਬਈ ਮੇਰੇ ਦੋ ਪਿੰਡ ਕਿਵੇਂ ਹੋਏ ?’ ਮੈਂ ਕਿਹਾ, ‘ਕੱਲ੍ਹ ਤੂੰ ਉੱਥੇ ਓਸ ਘਰੇ ਸੀ ਤੇ ਅੱਜ ਐਥੇ, ਹੁਣ ਦੱਸ ਤੇਰੇ ਦੋ ਪਿੰਡ ਆ।’ ਮੇਰੀ ਗੱਲ ਸੁਣਕੇ ਸਾਰੇ ਹੱਸ ਪਏ ਤੇ ‘ਮਾਂ ਜੀ’ ਨੇ ਵੀ ਪਿਆਰ ਨਾਲ ਬੁੱਕਲ਼ ਵਿੱਚ ਲੈ ਕੇ ਕਿਹਾ, ‘ਹਾਂ ਪੁੱਤ, ਮੇਰੇ ਦੋ ਪਿੰਡ ਆ।’ ਉਸ ਸਮੇਂ ਮੈਨੂੰ ਇਸ ਗੱਲ ਦਾ ਪਤਾ ਨਹੀਂ ਸੀ ਕਿ ‘ਮਾਂ ਜੀ’ ਤੇ ‘ਬੀਬੀ’ ਦੋਵੇਂ ਭੈਣਾਂ ਨੇ ਤੇ ਇੱਕ ਦੂਜੀ ਨੂੰ ਮਿਲਣ ਗਈਆਂ ਸਾਰਾ ਸਾਰਾ ਦਿਨ ਕਿਉਂ ਇਕੱਠੀਆਂ ਬੈਠੀਆਂ ਰਹਿੰਦੀਆਂ ਨੇ। ਉਦੋਂ ਇਹ ਗੱਲ ਕਿਸੇ ਭੇਦ ਵਰਗੀ ਲੱਗਦੀ, ਕੁਝ ਵੱਡੇ ਹੋਣ ਤੇ ਹੀ ਇਸ ਭੇਦ ਦਾ ਪਤਾ ਲੱਗਾ। ਫੇਰ ‘ਮਾਂ ਜੀ’ ਦੇ ਦੋ ਪਿੰਡਾਂ ਵਾਲੀ ਇਹ ਗੱਲ ਵੀ ਮੈਨੂੰ ਹੌਲੀ ਹੌਲੀ ਭੁੱਲ ਗਈ।

ਮਾਤਾ ਜੀ ਦੱਸਦੇ ਹੁੰਦੇ ਸਨ ਕਿ ‘ਮਾਂ ਜੀ’ ਦਾ ਇੱਕ ਪੁੱਤ ਤੇ ਇੱਕ ਧੀ ਛੋਟੀ ਉਮਰੇ ਹੀ ਹਾਦਸਿਆਂ ਨਾਲ ਚੱਲ ਵੱਸੇ ਸਨ। ਉਸ ਤੋਂ ਬਾਅਦ ਦੋ ਧੀਆਂ ਹੋਈਆਂ। ਫੇਰ ਉਨ੍ਹਾਂ ਨੇ ਨਾਨਾ ਨਿਰੰਜਣ ਸਿੰਘ ਦੇ ਵੱਡੇ ਪੁੱਤਰ ਨੂੰ ਆਪਣੇ ਪੁੱਤ ਵਜੋਂ ਪਾਲਿਆ। ਪਰ ਰੱਬ ਦੀ ਕਰਨੀ ਵੇਖੋ ਕਿ ‘ਮਾਂ ਜੀ’ ਤੋਂ ਪਹਿਲਾਂ ਹੀ ਉਨ੍ਹਾਂ ਦਾ ਇਹ ਪੁੱਤ ਤੇ ਇੱਕ ਧੀ ਵੀ ਆਪਣੇ ਭਰੇ ਭਰਾਏ ਟੱਬਰ ਛੱਡ ਕੇ ਦੁਨੀਆਂ ਤੋਂ ਰੁਖ਼ਸਤ ਹੋ ਗਏ। ਪਰ ਸਾਡੀ ਜ਼ਿੰਦਾ-ਦਿਲ ‘ਮਾਂ ਜੀ’ ਨੇ ਰੱਬ ਦੀ ਰਜ਼ਾ ਵਿੱਚ ਹੀ ਰਾਜ਼ੀ ਰਹਿਣਾ ਸਿੱਖਿਆ ਹੋਇਆ ਸੀ। ਸਖ਼ਤ ਜਾਨ ‘ਮਾਂ ਜੀ’ ਹਮੇਸ਼ਾ ਹੌਂਸਲੇ ਵਿੱਚ ਰਹਿੰਦੇ ਤੇ ਘਰ ਹਰ ਆਏ ਗਏ ਦਾ ਆਦਰ ਮਾਣ ਕਰਦੇ। ਸਾਡੇ ਵੱਡੇ ਹੋਣ ਤੱਕ ਵੀ ਸਾਨੂੰ ਓਵੇਂ ਹੀ ਬੁੱਕਲ਼ ਵਿੱਚ ਘੁੱਟਕੇ ਅਸੀਸਾਂ ਦੀ ਝੜੀ ਲਾ ਦਿੰਦੇ, ਜਿਵੇਂ ਸਾਨੂੰ ਛੋਟੇ ਹੁੰਦਿਆਂ ਲਾਡ ਕਰਦੇ ਸਨ। ‘ਮਾਂ ਜੀ’ ਦੀ ਸਭ ਤੋਂ ਪਹਿਲੀ ਚੰਗੀ ਗੱਲ ਜੋ ਮੈਨੂੰ ਲੱਗਦੀ ਉਨ੍ਹਾਂ ਦਾ ਗੋਰਾ ਨਿਛੋਹ ਰੰਗ ਤੇ ਮਿੱਠੀ ਬੋਲੀ ਬਾਣੀ, ਜਿਸ ਨਾਲ ਅਗਲੇ ਬੰਦੇ ਦਾ ਧਿਆਨ ਸੁਭਾਵਿਕ ਹੀ ਉਨ੍ਹਾਂ ਵੱਲ ਖਿੱਚਿਆ ਜਾਂਦਾ। ਦੂਜਾ ਉਨ੍ਹਾਂ ਦਾ ਲਿਬਾਸ, ਗਲਾਂਵੇ ਤੱਕ ਬੰਦ ਬਟਨਾਂ ਵਾਲੀ ਕੁੜਤੀ ਅਤੇ ਸਲਵਾਰ, ਸਿਰ ਤੇ ਚੁੰਨੀ ਜਿਸਨੂੰ ਕੋਈ ਕੰਮ ਕਰਦੇ ਵਕਤ ਸਿਰ ਤੇ ਰੱਖਕੇ ਪਿੱਛੇ ਲਮਕਾ ਲੈਣਾ ਤੇ ਨਿੱਕੇ ਨਿੱਕੇ ਕੰਮ ਧੰਦੇ ਕਰਦੇ ਰਹਿਣਾ।

ਹੁਣ ਪਿਛਲੇ ਕੁਝ ਸਾਲਾਂ ਤੋਂ ਆਪਣੇ ਅੱਠਾਂ ਭੈਣ ਭਾਈਆਂ ਵਿੱਚੋਂ ਵੀ ਸਿਰਫ ‘ਬੀਬੀ’ ਤੇ ‘ਮਾਂ ਜੀ’ ਹੀ ਰਹਿ ਗਈਆਂ, ਬਾਕੀ ਸਭ ਅਗਲੇ ਜਹਾਨ ਚਲੇ ਗਏ। ਵੱਧਦੀ ਉਮਰ ਦੇ ਨਾਲ ਨਾਲ ਤੁਰਨਾ ਫਿਰਨਾ ਵੀ ਕੁਝ ਘੱਟ ਗਿਆ। ਹੁਣ ਜਦੋਂ ਕਦੇ ਦੋਵੇਂ ਭੈਣਾਂ ਨੇ ਮਿਲਣਾ ਵੀ ਤਾਂ ਇੱਕ ਦੂਜੀ ਨੂੰ ਕਹਿਣਾ ਕਿ ‘ਪਹਿਲਾਂ ਤੂੰ ਮੈਨੂੰ ਮਿਲਣ ਕਿਉਂ ਨਾ ਆਉਂਦੀ, ਮੇਰਾ ਪਤਾ ਨਹੀਂ ਲੈਂਦੀ।’ ਪਰ ਬਾਅਦ ਵਿੱਚ ਫਿਰ ਉਹੋ ਜਿਹੀਆਂ ਹੋ ਜਾਂਦੀਆਂ। ਪਿਛਲੇ ਸਾਲ ਮੈਂ ਨਾਨਕੇ ਗਿਆ ਤਾਂ ਪਤਾ ਲੱਗਾ ਕਿ ‘ਮਾਂ ਜੀ’ ਹੁਣ ਠੀਕ ਨਹੀਂ ਰਹਿੰਦੇ। ਅਗਲੇ ਹੀ ਦਿਨ ਸ਼ਾਮ ਵੇਲੇ ਮੈਂ ਨਾਨਕਿਆਂ ਦੇ ਪਿੰਡ ਵਾਲੇ ਘਰ ਚਲਾ ਗਿਆ ਤਾਂ ਮੈਨੂੰ ਵੇਖਕੇ ਜਿਵੇਂ ‘ਮਾਂ ਜੀ’ ਨੂੰ ਚਾਅ ਜਿਹਾ ਚੜ੍ਹ ਗਿਆ। ਮੈਂ ਪੁੱਛਿਆਂ, ‘ਮਾਂ ਜੀ, ਪਛਾਣ ਲਿਆ ?’ ਅੱਗੋਂ ਮਾਂ ਜੀ ਨੇ ਜਵਾਬ ਦਿੱਤਾ, ਹਾਂ.. ਪਛਾਣ ਲਿਆ, ਹੁਣ ਤੈਨੂੰ ਥੋੜ੍ਹਾ ਭੁੱਲ ਸਕਦੀ ਆ ਭਲਾ ਜੀਹਨੇ ਮੇਰੇ ਦੋ ਪਿੰਡ ਬਣਾ ਦਿੱਤੇ ਸੀ’ (ਬਾਕੀ ਸਫ਼ਾ 31 ’ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE
QUIKQ wex




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE
ROAD SQUAD

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035




# ਸੂਰਜ ਨੂੰ ਛੂਹਣ ਵਾਲੀ ਪਹਿਲੀ ਇਨਸਾਨੀ ਵਸਤੂ : ਪਾਰਕਰ ਸੌਰ ਪ੍ਰੋਬ



ਹਰਜੀਤ ਸਿੰਘ
ਵਿਗਿਆਨੀ -ਇਸਰੋ, ਤ੍ਰਿਵੇਂਦ੍ਰਮ
+91 9995765095



14 ਦਸੰਬਰ 2021 ਨੂੰ ਨਾਸਾ ਨੇ ਐਲਾਨ ਕੀਤਾ ਕਿ ਸੌਰ ਉਪਗ੍ਰਹਿ ਪਾਰਕਰ ਸੌਰ ਪ੍ਰੋਬ ਨੇ 28 ਅਪ੍ਰੈਲ 2021 ਨੂੰ ਸੂਰਜ ਨੂੰ ਪਹਿਲੀ ਵਾਰ ਛੂਹਿਆ। ਸੂਰਜ ਨੂੰ ਛੂਹਣ ਦਾ ਕੀ ਮਤਲਬ ਹੈ, ਇਹ ਜਾਣਨ ਲਈ ਪਹਿਲਾਂ ਸਾਨੂੰ ਸੂਰਜ ਬਾਰੇ ਥੋੜੀ ਜਾਣਕਾਰੀ ਹੋਣੀ ਜ਼ਰੂਰੀ ਹੈ।

ਸਾਡਾ ਸੂਰਜ ਇੱਕ ਦਰਮਿਆਨੇ ਆਕਾਰ ਦਾ ਤਾਰਾ ਹੈ ਜੋ ਕਿ ਧਰਤੀ ਤੋਂ ਲਗਭਗ 110 ਗੁਣਾ ਵੱਡਾ ਹੈ। ਇਹ ਬਹੁਤ ਗਰਮ ਗੈਸਾਂ ਦਾ ਬਣਿਆ ਹੋਇਆ ਹੈ ਅਤੇ ਧਰਤੀ ਵਾਂਗ ਇਸਦੀ ਕੋਈ ਠੋਸ ਸਤ੍ਹਾ ਨਹੀਂ ਹੈ। ਇਸਦੇ ਕੇਂਦਰੀ ਭਾਗ ਨੂੰ ਕੋਰ ਕਹਿੰਦੇ ਹਨ। ਇੱਥੇ ਪ੍ਰਮਾਣੂ ਊਰਜਾ ਕਿਰਿਆਵਾਂ ਦੁਆਰਾ ਹਾਇਡ੍ਰੋਜਨਹੀਲੀਅਮ ਵਿੱਚ ਬਦਲਦੀ ਹੈ ਅਤੇ ਭਾਰੀ ਮਾਤਰਾ ਵਿੱਚ ਊਰਜਾ ਤਾਪ ਦੇ ਰੂਪ ਵਿੱਚ ਪੈਦਾ ਹੁੰਦੀ ਹੈ। ਸੂਰਜ ਦੀ ਸਾਰੀ ਊਰਜਾ ਦਾ ਸਰੋਤ ਇਹੀ ਕਿਰਿਆਵਾਂ ਹਨ। ਇਹ ਸੂਰਜ ਦਾ ਸਭ ਤੋਂ ਸੰਘਣਾ ਭਾਗ ਹੈ। ਇਹ ਇੰਨਾ ਸੰਘਣਾ ਹੈ ਕਿ ਪ੍ਰਕਾਸ਼ ਨੂੰ ਇਸ ਵਿੱਚੋਂ ਬਾਹਰ ਆਉਣ ਲਈ 2000 ਸਾਲ ਲੱਗ ਜਾਂਦੇ ਹਨ। ਉਸ ਤੋਂ ਬਾਹਰਲਾ ਭਾਗ ਰੇਡੀਏਟਿਵ ਜ਼ੋਨ ਹੈ ਜੋ ਕੋਰ ਦੀ ਊਰਜਾ ਨੂੰ, ਵਿਕਰਣ ਦੁਆਰਾ, ਅਗਲੀ ਪਰਤ ਕਨਵੈਕਟਿਵ ਜ਼ੋਨ ਤੱਕ ਲਿਜਾਂਦਾ ਹੈ। ਇਸ ਜ਼ੋਨ ਵਿੱਚ ਊਰਜਾ ਕਣਾਂ ਦੇ ਵਹਾਅ ਨਾਲ ਅੱਗੇ ਜਾਂਦੀ ਹੈ। ਇਸ ਤੋਂ ਅਗਲੀ ਪਰਤ ਫੋਟੋਸਫ਼ੀਅਰ ਹੈ। ਧਰਤੀ ਤੋਂ ਸੂਰਜ ਨੂੰ ਦੇਖਣ ਸਮੇਂ ਸਾਨੂੰ ਇਹੋ ਪਰਤ ਦਿਖਦੀ ਹੈ ਜਿਸ ਕਰਕੇ ਇਸ ਨੂੰ ਸੂਰਜ ਦੀ ਸਤ੍ਹਾ ਵੀ ਕਿਹਾ ਜਾਂਦਾ ਹੈ। ਅਗਲੀ ਪਰਤ ਦਾ ਨਾਮ ਕਰੋਮੋਸਫ਼ੀਅਰ ਹੈ ਜੋ ਕਿ ਬਹੁਤ ਵਿਰਲੀ ਹੈ ਅਤੇ ਬਿਨਾਂ ਖਾਸ ਫਿਲਟਰ ਦੇ ਨਹੀਂ ਦੇਖੀ ਜਾ ਸਕਦੀ। ਇਸ ਨੂੰ ਪੂਰਨ ਸੂਰਜ ਗ੍ਰਹਿਣ ਦੌਰਾਨ ਵੀ ਦੇਖਿਆ ਜਾ ਸਕਦਾ ਹੈ। ਸਭ ਤੋਂ ਬਾਹਰਲੀ ਪਰਤ ਦਾ ਨਾਮ ਹੈ ਕੋਰੋਨਾ। ਇਹ ਸਭ ਤੋਂ ਮੋਟੀ ਪਰ ਸਭ ਤੋਂ ਵਿਰਲੀ ਪਰਤ ਹੈ। ਕੋਰ ਤੋਂ ਬਾਅਦ ਇਹ ਸਭ ਤੋਂ ਗਰਮ ਪਰਤ ਹੈ।

ਸੂਰਜ ਦੀ ਸਤ੍ਹਾ ਤੇ ਦਿਖਣ ਵਾਲੇ ਕਾਲੇ ਰੰਗ ਦੇ ਧੱਬਿਆਂ ਨੂੰ ਸੌਰ ਧੱਬੇ ਕਹਿੰਦੇ ਹਨ। ਆਸ ਪਾਸ ਦੇ ਇਲਾਕੇ ਤੋਂ ਠੰਢੇ ਹੋਣ ਕਰਕੇ ਇਹ ਕਾਲੇ ਰੰਗ ਦੇ ਨਜ਼ਰੀਂ ਆਉਂਦੇ ਨੇ। ਇਹ ਜ਼ਿਆਦਾਤਰ ਜੋੜਿਆਂ ਵਿੱਚ ਮਿਲਦੇ ਨੇ। ਸੌਰ ਰੇਸ਼ੇ ਬਹੁਤ ਗਰਮ ਗੈਸ ਦੇ ਬਣੇ ਹੁੰਦੇ ਨੇ ਜੋ ਕਿ ਸੂਰਜ ਦੇ ਚੁੰਬਕੀ ਖੇਤਰ ਦੇ ਪ੍ਰਭਾਵ ਕਾਰਨ ਕੋਰੋਨਾ ਵਿੱਚ ਲਟਕੇ ਰਹਿੰਦੇ ਹਨ। ਕਰੋਮੋਸਫ਼ੀਅਰ ਵਿੱਚੋਂ ਤੇਜ਼ ਗਤੀ ਨਾਲ ਨਿਕਲਣ ਵਾਲੇ ਚੁੰਬਕੀ ਪਦਾਰਥ ਨੂੰ ਸੌਰ ਫਲੇਅਰ ਕਹਿੰਦੇ ਨੇ। ਕੁਝ ਫਲੇਅਰਾਂ ਬਹੁਤ ਸ਼ਕਤੀਸ਼ਾਲੀ ਅਤੇ ਤੇਜ਼ ਹੁੰਦੀਆਂ ਹਨ ਅਤੇ ਸੂਰਜ ਦੀ ਗੁਰੂਤਾ ਖਿੱਚ ਤੋਂ ਨਿਕਲ ਕੇ ਪੁਲਾੜ ਵਿੱਚ ਚਲੀਆਂ ਜਾਂਦੀਆਂ ਨੇ। ਕੋਰੋਨਾ ਵਿੱਚੋਂ ਲਗਾਤਾਰ ਤੇਜ਼ ਗਤੀ ਤੇ ਚਾਰਜਿਤ ਕਣ ਨਿਕਲਦੇ ਰਹਿੰਦੇ ਹਨ ਜਿਸਨੂੰ ਸੌਰ ਹਨੇਰੀ (Solar Wind) ਕਹਿੰਦੇ ਨੇ। ਇਹ ਹਨੇਰੀ ਧਰਤੀ ਤੱਕ ਵੀ ਪਹੁੰਚਦੀ ਹੈ।

ਉੱਪਰਲੇ ਪੈਰੇ ਵਿੱਚ ਦੱਸੀਆਂ ਸਾਰੀਆਂ ਚੀਜ਼ਾਂ ਸੌਰ ਵਾਤਾਵਰਨ ਦਾ ਹਿੱਸਾ ਹਨ ਅਤੇ ਧਰਤੀ ਦੀਆਂ ਰੁੱਤਾਂ ਵਾਂਗ ਬੱਝਵੇਂ ਰੂਪ ਵਿੱਚ ਵਾਪਰਦੀਆਂ ਰਹਿੰਦਿਆਂ ਹਨ। ਇਸ ਲਈ ਇਸ ਨੂੰ ਸੌਰ ਮੌਸਮ ਕਹਿੰਦੇ ਹਨ। ਸੌਰ ਹਨੇਰੀ ਦੁਆਰਾ ਸੂਰਜ ਅਰਬਾਂ ਟਨ ਚਾਰਜਿਤ ਕਣ, ਹਰ ਘੰਟੇ ਸਾਡੇ ਵੱਲ ਸੁੱਟਦਾ ਹੈ ਅਤੇ ਜਦੋਂ ਇਹ ਧਰਤੀ ਤੇ ਆਉਂਦੇ ਨੇ ਤਾਂ ਧਰਤੀ ਦੀ ਸੁਰੱਖਿਆ ਢਾਲ, ਚੁੰਬਕੀ ਖੇਤਰ, ਨਾਲ ਟਕਰਾਉਂਦੇ ਹਨ। ਇਨ੍ਹਾਂ ਕਣਾਂ ਵਿੱਚ ਖਤਰਨਾਕ ਇਲੈਕਟ੍ਰੋਨ ਅਤੇ ਪ੍ਰੋਟੋਨ ਹੁੰਦੇ ਹਨ, ਪਰ ਧਰਤੀ ਦੇ ਚੁੰਬਕੀ ਖੇਤਰ ਨਾਲ ਟਕਰਾ ਕੇ ਮੁੜ ਜਾਂਦੇ ਨੇ। ਇਨ੍ਹਾਂ ਕਣਾਂ ਕਰਕੇ ਹੀ ਯੂਰਪ ਦੀਆਂ ਪ੍ਰਸਿੱਧ ਉੱਤਰੀ ਲਾਈਟਾਂ (Aurora Borealis) ਬਣਦੀਆਂ ਹਨ। ਸੂਰਜ ਦੇ ਬਦਲਦੇ ਮੌਸਮ ਦਾ ਅਸਰ ਧਰਤੀ ਤੇ ਵੀ ਪੈਂਦਾ ਹੈ ਤੇ ਇਸ ਨੂੰ ਪੁਲਾੜ ਦਾ ਮੌਸਮ ਕਿਹਾ ਜਾਂਦਾ ਹੈ। ਇਹ ਮੌਸਮ ਸਾਡੀ ਧਰਤੀ ਦੇ ਉਪਗ੍ਰਹਿਆਂ, ਸੰਚਾਰ ਯੰਤਰਾਂ, ਮੋਬਾਈਲ ਫੋਨਾਂ ਅਤੇ ਬਿਜਲਈ ਯੰਤਰਾਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਇੱਕ ਤਕੜੀ ਫਲੇਅਰ ਪੂਰੀ ਧਰਤੀ ਦੇ ਸੰਚਾਰ ਉਪਗ੍ਰਹਿਆਂ,ਪਾਵਰ ਗਰਿੱਡ, ਮੋਬਾਈਲ ਨੈਟਵਰਕ, GPS, ਕੇਬਲ ਟੀਵੀ ਆਦਿ ਨੂੰ ਪ੍ਰਭਾਵਿਤ ਕਰਕੇ ਸਭ ਬੰਦ ਕਰ ਸਕਦੀ ਹੈ। ਦਿਨ ਬ ਦਿਨ ਸਾਡੀ ਇਨ੍ਹਾਂ ਯੰਤਰਾਂ ਤੇ ਨਿਰਭਰਤਾ ਵਧ ਰਹੀ ਹੈ। ਇਸੇ ਕਰਕੇ ਸੌਰ ਮੌਸਮ ਨੂੰ ਸਮਝਣਾ ਅਤੇ ਸਮਾਂ ਰਹਿੰਦੇ ਇੱਕ ਤਕੜੀ ਫਲੇਅਰ ਵਰਗੀ ਘਟਨਾ ਦੀ ਭਵਿੱਖਬਾਣੀ ਕਰਨਾ ਬਹੁਤ ਜ਼ਰੂਰੀ ਹੈ। ਜਦ ਤੱਕ ਅਸੀਂ ਸੂਰਜ ਬਾਰੇ ਚੰਗੀ ਤਰ੍ਹਾਂ ਜਾਣ ਨਹੀਂ ਲੈਂਦੇ, ਅਸੀਂ ਇਹ ਭਵਿੱਖਬਾਣੀ ਨਹੀਂ ਕਰ ਸਕਦੇ।

ਇਸ ਮਕਸਦ ਲਈ ਵਿਗਿਆਨੀਆਂ ਵੱਲੋਂ ਕਈ ਸਾਰੇ ਮਿਸ਼ਨ ਸੂਰਜ ਵੱਲ ਭੇਜੇ ਜਾ ਚੁੱਕੇ ਨੇ। ਇਨ੍ਹਾਂ ਵਿੱਚ ਪਾਇਓਨੀਰ ਲੜੀ ਦੇ ਉਪਗ੍ਰਹਿ, ਸੋਹੋ (S.O.H.O.), ਉਲੇਸਿਸ, ਜੇਨੇਸਿਸ, ਹੀਲੀਓਸ ਆਦਿ ਮੁੱਖ ਹਨ। ਇਸੇ ਲੜੀ ਵਿੱਚ ਅਗਲਾ ਮਿਸ਼ਨ ਹੈ ਪਾਰਕਰ ਸੌਰ ਪ੍ਰੋਬ।

ਪਾਰਕਰ ਸੌਰ ਪ੍ਰੋਬ ਇੱਕ ਇਤਿਹਾਸਿਕ ਉਪਗ੍ਰਹਿ ਹੈ ਜੋ ਪਹਿਲਾ ਉਪਗ੍ਰਹਿ ਹੋਵੇਗਾ ਜੋ ਸੂਰਜ ਦੇ ਕੋਰੋਨਾ ਵਿੱਚ ਦਾਖਲ ਹੋ ਸਕਿਆ ਹੈ। ਇਸ ਪ੍ਰੋਬ ਦਾ ਨਾਮ ਸ਼ਿਕਾਗੋ ਯੂਨੀਵਰਸਿਟੀ ਦੇ ਪ੍ਰੋ: ਯੂਜਿਨ ਪਾਰਕਰ ਦੇ ਨਾਮ ਤੇ ਰੱਖਿਆ ਗਿਆ ਹੈ। ਪ੍ਰੋ: ਪਾਰਕਰ ਨੇ 50ਵਿਆਂ ਦੇ ਦਹਾਕੇ ਵਿੱਚ ਇਹ ਦੱਸਿਆ ਸੀ ਕਿ ਤਾਰੇ ਊਰਜਾ ਕਿਵੇਂ ਛੱਡਦੇ ਹਨ। ਉਸ ਨੇ ਇਸ ਊਰਜਾ ਦੇ ਵਹਾਅ ਨੂੰ ਸੌਰ ਹਨੇਰੀ ਦਾ ਨਾਮ ਦਿੱਤਾ ਅਤੇ ਉਸਦੇ ਕੋਰੋਨਾ ਦੇ, ਆਸ ਤੋਂ ਉਲਟ, ਜ਼ਿਆਦਾ ਗਰਮ ਹੋਣ ਦਾ ਸੰਭਾਵਿਤਕਾਰਨ ਵੀ ਦੱਸਿਆ।

ਇਸ ਮਿਸ਼ਨ ਦੇ ਡਿਜ਼ਾਇਨ ਤੇ ਕੰਮ 2015 ਵਿੱਚ ਸ਼ੁਰੂ ਹੋਇਆ। 12 ਅਪ੍ਰੈਲ 2018 ਨੂੰ ਛੱਡੀ ਗਈ, 685 ਕਿੱਲੋ ਭਾਰੀ, ਇਸ ਪ੍ਰੋਬ ਦਾ ਮੁੱਖ ਮਕਸਦ ਉਸ ਊਰਜਾ ਦੇ ਵਹਾਅ ਦਾ ਪਤਾ ਲਗਾਉਣਾ ਹੈ ਜੋ ਕੋਰੋਨਾ ਨੂੰ ਏਨਾ ਗਰਮ ਕਰਦੀ ਹੈ ਅਤੇ ਸੌਰ ਹਨੇਰੀ ਨੂੰ ਪ੍ਰਬਲ ਬਣਾਉਂਦੀ ਹੈ। ਇਹ ਸੂਰਜ ਦੇ ਪਲਾਜ਼ਮਾ ਅਤੇ ਚੁੰਬਕੀ ਖੇਤਰ ਨੂੰ ਵੀ ਘੋਗੇਗੀ ਜੋਕਿ ਸੌਰ ਹਨੇਰੀ ਪੈਦਾ ਕਰਦੇ ਹਨ। ਇਹ ਪ੍ਰੋਬ ਬਾਹਰੀ ਕੋਰੋਨਾ ਦਾ ਪੂਰਾ ਸਰਵੇਖਣ ਕਰਕੇ ਡਾਟਾ ਧਰਤੀ ਤੇ ਭੇਜੇਗੀ। ਇਸ ਡਾਟਾ ਨਾਲ ਸਾਨੂੰ ਸੌਰ ਮੌਸਮ ਦੀ ਭਵਿੱਖਬਾਣੀ ਕਰਨ ਵਿੱਚ ਬਹੁਤ ਮਦਦ ਮਿਲੇਗੀ।




ਇਹ ਸੂਰਜ ਦੁਆਲੇ ਇੱਕ ਅੰਡਾਕਾਰ ਪੰਧ ਵਿੱਚ ਘੁੰਮਦੀ ਹੈ। ਪੰਧ ਦੌਰਾਨ ਸੂਰਜ ਤੋਂ ਸਭ ਤੋਂ ਦੂਰ ਹੋਣ ਸਮੇਂ ਇਹ ਸ਼ੁੱਕਰ ਦੇ ਪੰਧ ਤੋਂ ਵੀ ਬਾਹਰ ਆ ਜਾਂਦੀ ਹੈ। ਇੱਕ ਚੱਕਰ ਪੂਰਾ ਕਰਨ ਲਈ ਇਸ ਨੂੰ 88 ਦਿਨ ਲਗਦੇ ਹਨ। ਆਪਣੇ 8ਵੇਂ ਚੱਕਰ ਦੌਰਾਨ 28 ਅਪ੍ਰੈਲ 2021 ਨੂੰ ਪ੍ਰੋਬ ਨੇ ਸੂਰਜ ਦੇ ਕੋਰੋਨਾ ਵਿੱਚ ਦਾਖਲ ਹੋ ਕੇ ਇਤਿਹਾਸ ਰਚ ਦਿੱਤਾ। ਅਜਿਹਾ ਕਰਨ ਵਾਲੀ ਇਹ ਇਨਸਾਨ ਦੀ ਬਣਾਈ ਪਹਿਲੀ ਵਸਤੂ ਹੈ।

ਸੂਰਜ ਨੂੰ ਵਾਚਣ ਲਈ ਇਸ ਦੇ ਜ਼ਿਆਦਾ ਨੇੜੇ ਹੋਣਾ ਬਿਹਤਰ ਹੈ। ਸੋ ਸੂਰਜ ਨੇੜੇ ਇੱਕ ਗੋਲਾਕਾਰ ਪੰਧ ਜ਼ਿਆਦਾ ਵਧੀਆ ਹੋ ਸਕਦਾ ਸੀ। ਪਰ ਸੂਰਜ ਦੇ ਨੇੜੇ ਹੋਣ ਸਮੇਂ ਪ੍ਰੋਬ ਦਾ ਤਾਪਮਾਨ ਬਹੁਤ ਵਧ ਜਾਂਦਾ ਹੈ। ਪ੍ਰੋਬ ਨੂੰ ਠੰਢਾ ਕਰਨ ਲਈ ਇਸ ਨੂੰ ਸੂਰਜ ਤੋਂ ਦੂਰ ਲਿਜਾਣਾ ਪੈਂਦਾ ਹੈ। ਆਪਣੇ 88 ਦਿਨਾਂ ਵਿੱਚੋਂ ਇਹ ਸਿਰਫ਼ 11 ਕੁ ਦਿਨ ਸੂਰਜ ਨੇੜੇ ਰਹਿੰਦੀ ਹੈ ਅਤੇ ਬਾਕੀ 77 ਦਿਨ ਸੂਰਜ ਤੋਂ ਦੂਰ। ਸੂਰਜ ਨੇੜੇ ਪਹੁੰਚ ਕੇ ਧਰਤੀ ਨਾਲ ਸੰਚਾਰ ਵਿੱਚ ਵੀ ਦਿੱਕਤ ਆਉਂਦੀ ਹੈ, ਸੋ ਪ੍ਰੋਬ ਸਾਰਾ ਡਾਟਾ ਸੂਰਜ ਤੋਂ ਦੂਰ ਜਾ ਕੇ ਹੀ ਧਰਤੀ ਨੂੰ ਭੇਜਦੀ ਹੈ। ਇਸ ਦੀ ਡਾਟਾ ਟ੍ਰਾਂਸਫਰ ਦਰ ਵੀ ਬਹੁਤ ਘੱਟ ਹੈ। ਇਹੀ ਕਾਰਨ ਹੈ ਕਿ ਅਪ੍ਰੈਲ ਵਿੱਚ ਸੂਰਜ ਨੂੰ ਛੂਹਣ ਦੇ ਬਾਰੇ ਨਾਸਾ ਸਾਨੂੰ ਦਸੰਬਰ ਵਿੱਚ ਹੀ ਦੱਸ ਸਕੀ।

ਪ੍ਰੋਬ ਨੂੰ ਸੂਰਜ ਨੇੜੇ ਜਾ ਕੇ ਇੱਕ ਹੋਰ ਦਿੱਕਤ ਆਉਂਦੀ ਹੈ। ਬੇਹੱਦ ਗਰਮੀ ਦੇ ਨਾਲ-ਨਾਲ ਇਸ ਨੂੰ ਸੂਰਜ ਤੋਂ ਨਿਕਲ ਰਹੇ ਤੇਜ਼ ਕਣਾਂ ਦੀ ਬੰਬਾਰੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਧਰਤੀ ਤੱਕ ਪਹੁੰਚਦੇ-ਪਹੁੰਚਦੇ ਇਨ੍ਹਾਂ ਕਣਾਂ ਦੀ ਘਣਤਾ ਘਟ ਜਾਂਦੀ ਹੈ ਤੇ ਸਾਡਾ ਚੁੰਬਕੀ ਖੇਤਰ ਇਨ੍ਹਾਂ ਨੂੰ ਹੋਰ ਪਾਸੇ ਮੋੜ ਕੇ ਸਾਨੂੰ ਬਚਾ ਲੈਂਦਾ ਹੈ। ਪਰ ਸੂਰਜ ਨੇੜੇ ਇਨ੍ਹਾਂ ਕਣਾਂ ਦੀ ਘਣਤਾ ਵੀ ਬਹੁਤ ਜ਼ਿਆਦਾ ਹੈ ਅਤੇ ਬਚਾਅ ਲਈ ਕੋਈ ਚੁੰਬਕੀ ਖੇਤਰ ਵੀ ਨਹੀਂ ਹੈ। ਇਨ੍ਹਾਂ ਕਣਾਂ ਅਤੇ ਤਪਸ਼ ਤੋਂ ਬਚਾਉਣ ਲਈ 2.3 ਮੀਟਰ ਚੌੜੀ ਅਤੇ 4.5-ਇੰਚਮੋਟੀ ਤਾਪ ਰੋਧੀ ਢਾਲ ਵਰਤੀ ਗਈ ਹੈ। ਇਹ ਢਾਲ ਕਾਰਬਨ-ਕਾਰਬਨ ਸੈਂਡ ਵਿਚ ਅਤੇ ਕਾਰਬਨ ਫੋਮ ਦੀ ਬਣੀ ਹੈ। ਇਸਦਾ ਸੂਰਜ ਵਾਲਾ ਪਾਸ ਚਿੱਟੇ ਐਲੂਮੀਨਾ ਨਾਲ ਢਕਿਆ ਹੋਇਆ ਹੈ। ਸੂਰਜ ਦੇ ਸਭ ਤੋਂ ਨੇੜੇ ਹੋਣ ਸਮੇਂ ਇਸ ਦਾ ਬਾਹਰੀ ਤਾਪਮਾਨ 1400 ਡਿਗਰੀ ਸੈਲਸੀਅਸ ਅਤੇ ਇਸਦੇ ਅੰਦਰ ਦੇ ਉਪਕਰਣਾਂ ਦਾ ਤਾਪਮਾਨ 30 ਡਿਗਰੀ ਸੈਲਸੀਅਸ ਹੋਵੇਗਾ। ਇਹ ਪ੍ਰੋਬ ਸੌਰ ਊਰਜਾ ਤੇ ਕੰਮ ਕਰਦੀ ਹੈ, ਪਰ ਸੂਰਜ ਦੇ ਨੇੜੇ ਜਾਣ ਸਮੇਂ ਇਸ ਦੇ ਸੌਰ ਪੈਨਲ ਪਿਘਲ ਸਕਦੇ ਨੇ। ਇਸ ਲਈ ਨੇੜੇ ਜਾਣ ਸਮੇਂ ਇਸਦੇ ਸੌਰ ਪੈਨਲ ਬੰਦ ਕਰਕੇ ਤਾਪ ਰੋਧੀ ਢਾਲ ਦੇ ਪਿੱਛੇ ਤਹਿ ਕਰ ਦਿੱਤੇ ਜਾਂਦੇ ਹਨ। ਉਸ ਸਮੇਂ ਇਸ ਦਾ ਬਹੁਤ ਥੋੜ੍ਹਾ ਜਿਹਾ ਹਿੱਸਾ ਬਾਹਰ ਰਹਿੰਦਾ ਹੈ ਜਿਸ ਨੂੰ ਪਾਣੀ ਨਾਲ ਠੰਢਾ ਰੱਖਿਆ ਜਾਂਦਾ ਹੈ। ਨਾਲ ਹੀ ਇਹ ਧਿਆਨ ਵੀ ਰੱਖਿਆ ਜਾਂਦਾ ਹੈ ਕਿ ਪ੍ਰੋਬ ਕਦੇ ਵੀ ਢਾਲ ਦੀ ਛਾਂ ਵਿੱਚੋਂ ਬਾਹਰ ਨਾ ਆਵੇ। ਸੂਰਜ ਦੀ ਰੋਸ਼ਨੀ ਸਿੱਧੀ ਪੈਣ ਨਾਲ ਇਸ ਦਾ ਤਾਪਮਾਨ ਵਧ ਸਕਦਾ ਹੈ ਤੇ ਪ੍ਰੋਬ ਪਿਘਲ ਜਾਂ ਸੜ ਸਕਦੀ ਹੈ।

6 ਸਾਲ ਅਤੇ 11 ਮਹੀਨੇ ਦੇ ਜੀਵਨ ਕਾਲ ਦੌਰਾਨ ਇਹ ਪ੍ਰੋਬ ਸੂਰਜ ਦੇ ਕੁੱਲ 24 ਚੱਕਰ ਲਏਗੀ। ਆਪਣੇ ਆਖਰੀ ਦਿਨਾਂ ਦੌਰਾਨ ਇਹ ਸੂਰਜ ਦੇ ਸਭ ਤੋਂ ਨੇੜੇ, ਲਗਭਗ 61.6 ਲੱਖ ਕਿਲੋਮੀਟਰ ਦੀ ਦੂਰੀ ਤੇ ਹੋਵੇਗੀ। ਇਹ ਕਿੰਨਾ ਨੇੜੇ ਹੈ ਇਹ ਸਮਝਣਾ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਧਰਤੀ ਤੋਂ ਸੂਰਜ ਦੀ ਦੂਰੀ 15 ਕਰੋੜ ਕਿਲੋਮੀਟਰ ਹੈ। ਇਸ ਦੀ ਗਤੀ ਉਸ ਸਮੇਂ ਲਗਭਗ 200 ਕਿ. ਮੀ. ਪ੍ਰਤੀ ਸੈਕਿੰਡ ਹੋਵੇਗੀ।

ਆਪਣੇ ਹੁਣ ਤੱਕ ਦੇ ਸਫ਼ਰ ਵਿੱਚ ਪ੍ਰੋਬ ਨੇ ਉਮੀਦ ਮੁਤਾਬਕ ਹੀ ਕੰਮ ਕੀਤਾ ਹੈ ਅਤੇ ਬਹੁਤ ਸਾਰਾ ਡਾਟਾ ਧਰਤੀ ਤੇ ਭੇਜਿਆ ਹੈ। ਡਾਟਾ ਦੇ ਪੜਚੋਲ ਤੋਂ ਪਤਾ ਲੱਗਿਆ ਹੈ ਕਿ ਸੌਰ ਹਨੇਰੀ ਸੂਰਜ ਤੋਂ ਸਿੱਧੀ ਬਾਹਰ ਨਹੀਂ ਨਿਕਲਦੀ ਸਗੋਂ ਇਸ ਵਿੱਚ ਵਿੰਗ ਵਲ ਹੁੰਦੇ ਹਨ। ਕਿਉਂ, ਹਾਲੇ ਨਹੀਂ ਪਤਾ, ਪਰ ਇਹ ਨਵੀਂ ਜਾਣਕਾਰੀ ਹੈ। ਕੋਰੋਨਾ ਦੇ ਜ਼ਿਆਦਾ ਤਾਪਮਾਨ ਦਾ ਕਾਰਨ ਅਲਫੇਨ ਤਰੰਗਾਂ ਹੋਣ ਦੇ ਸੰਕੇਤ ਮਿਲੇ ਹਨ। ਨਾਲ ਹੀ ਸੂਰਜ ਦੀ ਸਤ੍ਹਾ ਤੋਂ ਲਗਭਗ 56 ਲੱਖ ਦੂਰ ਇੱਕ ਧੂੜ ਮੁਕਤ ਖੇਤਰ ਮਿਲਿਆ ਹੈ। ਸੂਰਜ ਦੇ ਦਬਾਅ ਕਰਕੇ ਇਸਤੋਂ ਅੰਦਰ ਕੋਈ ਧੂੜ ਦਾ ਕਣ ਨਹੀਂ ਆ ਸਕਦਾ, ਹਾਲਾਂਕਿ ਸੌਰ ਹਨੇਰੀ ਦੇ ਕਣ ਬਾਹਰ ਜਾ ਸਕਦੇ ਹਨ।

ਭਖਦੇ ਸਵਾਲ ਜਿਵੇਂ, ਕੋਰੋਨਾ ਸੂਰਜ ਦੀ ਸਤ੍ਹਾ ਤੋਂ ਜ਼ਿਆਦਾ ਗਰਮ ਕਿਉਂ ਹੈ? ਸੌਰ ਹਨੇਰੀ ਕਿਉਂ ਚਲਦੀ ਹੈ? ਆਦਿ ਦੇ ਜਵਾਬ ਸਿਰਫ਼ ਸੂਰਜ ਨੇੜੇ ਜਾ ਕੇ ਹੀ ਮਿਲ ਸਕਦੇ ਹਨ ਤੇ ਇਸੇ ਕਰਕੇ ਪਾਰਕਰ ਪ੍ਰੋਬ ਤੋਂ ਜਵਾਬ ਦੇਣ ਦੇ ਸਮਰੱਥ ਹੈ। ਹਾਲੇ ਇਸ ਦਾ ਅੱਧੇ ਤੋਂ ਵੱਧ ਜੀਵਨ ਕਾਲ ਬਚਿਆ ਹੈ ਇਸ ਦੌਰਾਨ ਉਮੀਦ ਹੈ ਕਿ ਇਹ ਇਨ੍ਹਾਂ ਸਵਾਲਾਂ ਦਾ ਜਵਾਬ ਦੇ ਸਕੇਗੀ। ਪਰ ਨਾਲ ਹੀ ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਪਾਰਕਰ ਪ੍ਰੋਬ ਜਿੰਨੇ ਸਵਾਲਾਂ ਦੇ ਜਵਾਬ ਦੇਵੇਗੀ, ਉਸ ਤੋਂ ਵੱਧ ਖੜ੍ਹੇ ਵੀ ਕਰੇਗੀ ਤੇ ਉਨ੍ਹਾਂ ਦੇ ਜਵਾਬ ਲੱਭਣ ਲਈ ਸ਼ਾਇਦ ਤੁਹਾਡੇ ਚੋਂ ਕੋਈ ਅਗਲੀ ਪ੍ਰੋਬ ਡਿਜ਼ਾਇਨ ਕਰੇਗਾ।

ਨਾਵਲ

ਕਿਸ਼ਤ-19

# ਇਹ ਖ਼ੁਦਕੁਸ਼ੀ ਨਹੀਂ ਜਨਾਬ ! ਕਤਲ ਹੈ



ਹਰਦੇਵ ਗਰੇਵਾਲ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਚਾਹ ਪੀ ਕੇ ਉਸਨੂੰ ਨੂੰ ਇਉਂ ਤਸੱਲੀ ਹੋਈ, ਜਿਵੇਂ ਕਿ ਉਸਨੇ ਇੱਕ ਮਾਮੂਲੀ ਚਾਹ ਦਾ ਕੱਪ ਨਹੀਂ ਬਲਕਿ ਅੱਜ ਦੀ ਤਾਰੀਖ਼ 'ਚ ਆਪਣੇ ਸਭ ਤੋਂ ਕੱਟੜ ਦੁਸ਼ਮਣ, ਤੇਜਵੀਰ ਦਾ ਲਹੂ ਪੀ ਲਿਆ ਹੋਵੇ।

ਓਧਰ ਕੁਝ ਮਿੰਟਾਂ 'ਚ ਹੀ ਤੇਜਵੀਰ ਦੇ ਫ਼ਲੈਟ ਦੀ ਹਾਲਤ, ਅੱਧੀ ਰਾਤੋਂ ਹੋਏ ਪੁਲਿਸ ਦੇ ਨਾਜਾਇਜ਼ ਹਮਲੇ ਤੋਂ ਬਾਅਦ ਬਾਬਾ ਰਾਮਦੇਵ ਦੇ ਪੰਡਾਲ ਵਰਗੀ ਹੋ ਗਈ ਸੀ।

ਅੰਤ ਨੂੰ ਕਿਚਨ ਵਿੱਚ ਪਏ ਆਟੇ ਵਾਲ਼ੇ ਕਨਸਤਰ ਨੂੰ ਸ਼ੈਲਫ਼ 'ਤੇ ਮੂਧਾ ਮਾਰ, ਗੁਰਦੇਵ ਰਾਮ ਨੇ 'ਮਾਲ' ਬਰਾਮਦ ਕਰ ਲਿਆ।

'ਜਨਾਬ, ਮਾਲ ਬਰਾਮਦ ਹੋ ਗਿਆ। ਪੂਰੀ ਚਾਰ ਕਿੱਲੋ ਚਰਸ ਐ ਜੀ, ਆਹ ਆਟੇ ਦੇ ਕਨਸਤਰ 'ਤੋਂ ਬਰਾਮਦ ਹੋਈ ਆ ਜੀ,' ਨਾਲ਼ ਦੇ ਸਿਪਾਹੀਆਂ ਨੂੰ ਉਚੇਚੇ ਸੁਣਾਉਂਦਾ ਹੋਇਆ ਗੁਰਦੇਵ ਰਾਮ, ਕਦਰਨ ਉੱਚੀ ਆਵਾਜ਼ 'ਚ ਬੋਲਿਆ।

ਤੇਜਵੀਰ ਨੂੰ ਸੁਣਕੇ ਕੋਈ ਹੈਰਾਨੀ ਨਾ ਹੋਈ। ਇਹੋ ਜਿਹਾ ਹੀ ਕੁਝ ਹੋਣ ਦੀ ਉਮੀਦ ਸੀ ਉਸਨੂੰ।

ਓਧਰ ਦਰਵਾਜ਼ੇ 'ਤੇ ਬਿਲਡਿੰਗ 'ਚ ਰਹਿੰਦੇ ਲੋਕਾਂ ਦਾ ਇਕੱਠ ਹੋਣਾ ਸ਼ੁਰੂ ਹੋ ਗਿਆ ਸੀ।

ਐਨੇ ਨੂੰ ਦਰਵਾਜ਼ੇ 'ਤੇ ਜੁੜੀ ਭੀੜ ਨੂੰ ਚੀਰਦੇ ਹੋਏ ਚੌਹਾਨ ਸਾਹਬ ਅੰਦਰ ਆਏ ਅਤੇ ਪੂਰੇ ਫ਼ਲੈਟ ਦੀ ਹਾਲਤ ਜੰਗ ਦੇ ਮੈਦਾਨ ਜਿਹੀ ਹੋਈ ਦੇਖ ਕੇ ਉਨ੍ਹਾਂ ਦੀਆਂ ਅੱਖਾਂ ਫਟੀਆਂ ਦੀਆਂ ਫਟੀਆਂ ਰਹਿ ਗਈਆਂ।

'ਵੱਟ ਦਾ ਹੈੱਲ ਇਜ਼ ਗੋਇੰਗ ਹੇਅਰ ?'

'ਪੱਤਰਾ ਵਾਚ ਜਾ ਬੁੜ੍ਹਿਆ ਏਥੋਂ ਜੇ ਭਲੀ ਚਾਹੁੰਨਾਂ ਤਾਂ, ਨਹੀਂ ਤਾਂ ਏਸ ਚਰਸ ਦੇ ਸਮਗਲਰ ਦਾ ਸਾਥੀ ਹੋਣ ਦੇ ਜੁਰਮ 'ਚ, ਤੇਰੇ ਆਲ਼ਾ ਵੀ ਡੰਡਾ ਡੁੱਕਦੂੰ ਹੁਣੇ ਈ।'

ਸਰਦੂਲ ਸਿੰਘ ਕਿਸੇ ਦਾ ਲਿਹਾਜ਼ ਕਰਨ ਦੇ ਮੂਡ ਵਿੱਚ ਨਹੀਂ ਸੀ।

ਘੋਰ ਅਪਮਾਨ ਦੀ ਸੂਰਤ 'ਚ ਚੌਹਾਨ ਸਾਹਬ ਦਾ ਚਿਹਰਾ ਕੰਨਾਂ ਤੱਕ ਲਾਲ ਹੋ ਗਿਆ।

'ਚੌਹਾਨ ਸਾਹਬ, ਪਲੀਜ਼ ਤੁਸੀਂ ਇਸ ਮਾਮਲੇ 'ਚ ਨਾ ਪਓ, ਬਿਲੀਵ ਮੀ, ਐਵਰੀਥਿੰਗ ਵਿੱਲ ਬੀ ਪਰਫ਼ੈਕਟਲੀ ਓ ਕੇ,' ਤੇਜਵੀਰ ਕਾਹਲ਼ੀ ਨਾਲ਼ ਬੋਲਿਆ।

'ਹਾਂ-ਹਾਂ ਪੁੱਤਰਾ, ਐਵਰੀਥਿੰਗ ਤਾਂ ਤੇਰਾ ਹੁਣ ਹਵਾਲਾਤ 'ਚ ਹੋਊ ਐਨ ਪੱਕਾ ਓ ਕੇ।'

ਸਰਦੂਲ ਸਿੰਘ ਤੇਜਵੀਰ ਦੀ ਹਾਲਤ ਦਾ ਪੂਰਾ ਸਵਾਦ ਲੈ ਰਿਹਾ ਸੀ।

ਐਨੇ ਨੂੰ ਚੌਹਾਨ ਸਾਹਬ ਦੀ ਨਜ਼ਰ ਗੁਰਦੇਵ ਰਾਮ 'ਤੇ ਜਾ ਪਈ।

'ਤੇਜਵੀਰ, ਹੀ ਇਜ਼ ਦਾ ਮੈਨ, ਇਹ ਆਦਮੀ ਤਾਂ ਤੇਰਾ ਚਾਚਾ ਬਣਕੇ , ਓਹ ਮਾਈ ਗਾੱਡ, ਯੂ ਆਰ ਬੀਇੰਗ ਟਰੈਪਡ !'

'ਚਾਚੇ ਨੂੰ ਤਾਂ ਮਿਲ਼ ਲਿਆ, ਹੁਣ ਏਹਦੇ ਪਿਓ ਨੂੰ ਵੀ ਮਿਲ਼ !'

ਸਰਦੂਲ ਸਿੰਘ ਬੜੇ ਖ਼ਤਰਨਾਕ ਤੇਵਰਾਂ ਨਾਲ਼ ਚੌਹਾਨ ਸਾਹਬ ਵੱਲ ਵਧਿਆ।

'ਸਰਦੂਲ ਸਿੰਘ, ਜੋ ਕਹਿਣਾ ਏ ਮੈਨੂੰ ਕਹਿ, ਬਜ਼ੁਰਗ ਦਾ ਕੋਈ ਦੋਸ਼ ਨਹੀਂ, ਜਾਣ ਦੇ ਇਨ੍ਹਾਂ ਨੂੰ !'

ਇਸ ਪੂਰੇ ਕਾਂਡ 'ਚ ਪਹਿਲੀ ਵਾਰ ਤੇਜਵੀਰ ਹੱਥਿਓਂ ਉੱਖੜਿਆ।

'ਹਟ ਤੇਰੀ ਮਾਂ ਦੀ !'

ਸਰਦੂਲ ਸਿੰਘ ਦੀ ਗਾਲ਼ ਹਾਲੇ ਅੱਧ ਵਿਚਕਾਰ ਹੀ ਸੀ ਕਿ ਗੁਰਦੇਵ ਰਾਮ ਨੇ ਉਸਨੂੰ ਮੋਢਿਓਂ ਫੜ, ਉਸਦੇ ਕੰਨ 'ਚ ਫ਼ੂਕਿਆ।

'ਜਨਾਬ, ਛੱਡੋ ਪਰ੍ਹਾਂ, ਹੁਣ ਹੋਰ ਖਿਲਾਰਾ ਪਾਉਣ ਦਾ ਕੀ ਫੈਦਾ ? ਆਪਣਾ ਮੁਰਗਾ ਮਿਲ਼ ਗਿਆ, ਇਹਨੂੰ ਨੱਪੋ ਤੇ ਆਪਾਂ ਚੱਲੀਏ ਏਥੋਂ।'

ਗੁਰਦੇਵ ਰਾਮ ਦੀ ਗੱਲ ਸਰਦੂਲ ਸਿੰਘ ਦੇ ਮਨ ਨੂੰ ਲੱਗੀ।

ਤੇਜਵੀਰ ਨੂੰ ਹੱਥਕੜੀ ਲਾ, ਉਹ ਪਿੱਛੇ ਰਹਿ ਗਈ ਭੀੜ ਨੂੰ ਸ਼ਸ਼ੋਪੰਜ ਵਿੱਚ ਪਾ ਕੇ ਚੌਂਕੀ ਵੱਲ ਨੂੰ ਕੂਚ ਕਰ ਗਏ।

ਬਜ਼ੁਰਗ ਚੌਹਾਨ ਸਾਹਬ ਬਿਨਾਂ ਕੁਝ ਸੋਚੇ-ਸਮਝੇ ਗੱਡੀ ਚੁੱਕ, ਉਨ੍ਹਾਂ ਦੇ ਮਗਰ ਹੋ ਲਏ।

ਪੂਰੇ ਰਸਤੇ ਦੌਰਾਨ ਤੇਜਵੀਰ ਨੂੰ ਸਣੇ ਸਰਦੂਲ ਸਿੰਘ ਕਿਸੇ ਨੇ ਕੁਝ ਨਾ ਕਿਹਾ, ਹਾਲਾਂਕਿ ਉਹ ਆਪਣੇ ਆਪ ਨੂੰ ਜ਼ਿਹਨੀ ਤੌਰ 'ਤੇ ਇਸ ਲਈ ਤਿਆਰ ਕਰ ਚੁੱਕਾ ਸੀ। ਲੱਗਦਾ ਸੀ ਕਿ ਉਸਦੀ 'ਖ਼ਾਤਿਰਦਾਰੀ' ਲਈ ਸਰਦੂਲ ਸਿੰਘ ਨੇ ਚੌਂਕੀ 'ਚ ਉਚੇਚਾ ਇੰਤਜ਼ਾਮ ਕੀਤਾ ਹੋਇਆ ਸੀ। ਤੇਜਵੀਰ ਦੇ ਦਿਮਾਗ਼ 'ਚ ਬੱਸ ਹੁਣ ਇਹੋ ਖ਼ਿਆਲ ਦੌੜ ਰਿਹਾ ਸੀ ਕਿ ਗਗਨ ਉਸਦੀ ਗੱਲ ਸੁਣ ਪਾਇਆ ਜਾਂ ਨਹੀਂ ? ਤੇ ਜੇ ਸੁਣ ਪਾਇਆ, ਤਾਂ ਗੱਲ ਦੀ ਗੰਭੀਰਤਾ ਸਮਝ ਪਾਇਆ ਕਿ ਨਹੀਂ ?

ਚੌਂਕੀ ਪਹੁੰਚ ਸਿਪਾਹੀਆਂ ਨੇ ਉਸਨੂੰ ਖਿੱਚ ਕੇ ਜਿਪਸੀ 'ਚੋਂ ਬਾਹਰ ਕੀਤਾ ਤਾਂ ਉਸਨੇ ਦੇਖਿਆ, ਕਿ ਪਹਿਲਾਂ ਤੋਂ ਹੀ ਸਾਹਮਣੇ ਖੜ੍ਹੀ ਸ਼ੋਫ਼ਰ-ਡ੍ਰਿਵਨ ਸਿਲਵਰ ਕਲਰ ਦੀ ਐੱਸ ਕਲਾਸ ਮਰਸਿਡੀਜ਼ 'ਚੋਂ ਇੱਕ ਪਾਸਿਓਂ ਗਗਨ ਅਤੇ ਦੂਸਰੇ ਪਾਸਿਓਂ ਖ਼ੁਦ ਭੋਗਲ ਸਾਹਬ ਬਾਹਰ ਨਿਕਲੇ।

ਤਾਂ ਗਗਨ ਨੇ ਗੱਲ ਸੁਣੀ ਵੀ ਸੀ ਤੇ ਉਸਦੀ ਗੰਭੀਰਤਾ ਨੂੰ ਪੂਰੀ ਤਰ੍ਹਾਂ ਸਮਝਿਆ ਵੀ ਸੀ।

ਭੋਗਲ ਸਾਹਬ ਦੇ ਆਪ ਉਥੇ ਪਹੁੰਚਣ ਦਾ ਤੇਜਵੀਰ ਦੇ ਮਨ 'ਤੇ ਬੜਾ ਗਹਿਰਾ ਅਸਰ ਹੋਇਆ।

ਗੁਰਦੇਵ ਰਾਮ ਨੇ ਪੋਲੇ ਜਿਹੇ ਸਰਦੂਲ ਸਿੰਘ ਦੇ ਕੰਨ ਵਿੱਚ ਕਿਹਾ, 'ਜਨਾਬ, ਇਹ ਭੋਗਲ ਆ, 'ਰੋਜ਼ਾਨਾ ਖ਼ਬਰਨਾਮਾ' ਦਾ ਮਾਲਿਕ। ਇਹਦੇ ਨਾਲ਼ ਪੁੱਠਾ-ਸਿੱਧਾ ਬੋਲਿਆ ਆਪਾਂ ਨੂੰ ਭਾਰੀ ਪੈ ਸਕਦਾ। ਮਾੜਾ ਜਿਹਾ ਬਚਾ ਕੇ।'

ਗੁਰਦੇਵ ਰਾਮ ਦੇ ਦਿਲ 'ਚ ਹੌਲ ਪੈਣੇ ਸ਼ੁਰੂ ਹੋ ਗਏ ਸਨ।

ਸਰਦੂਲ ਸਿੰਘ ਨੇ ਚੁੱਪਚਾਪ ਉਸਦੀ ਗੱਲ ਸੁਣੀ।

ਉਸ ਨਵੇਂ ਛੋਕਰੇ ਲਈ, ਜਿਸਦੀ ਸਰਵਿਸ ਨੂੰ ਹਾਲੇ ਮਸਾਂ ਦੋ ਦਿਨ ਹੋਏ ਸਨ, ਏਨੇ ਵੱਡੇ ਬੰਦੇ ਦਾ ਇਉਂ ਹਮਾਇਤੀ ਬਣ ਕੇ ਆਉਣਾ, ਸਰਦੂਲ ਸਿੰਘ ਨੂੰ ਹੈਰਾਨ ਵੀ ਕਰ ਰਿਹਾ ਸੀ ਅਤੇ ਪ੍ਰੇਸ਼ਾਨ ਵੀ।

ਉਸਨੇ ਸਾਵਧਾਨੀ ਵਰਤਣ ਦੀ ਠਾਣ ਲਈ।

ਸਰਦੂਲ ਸਿੰਘ ਨੇ ਹਾਲੇ ਇੱਕ ਕਦਮ ਪੁੱਟਿਆ ਹੀ ਸੀ, ਕਿ ਹੂਟਰ ਮਾਰਦੀ ਹੋਈ ਇੱਕ ਜਿਪਸੀ ਅਤੇ ਉਸਦੇ ਪਿੱਛੇ-ਪਿੱਛੇ ਇੱਕ ਅੰਬੈਸਡਰ ਗੱਡੀ ਨੇ ਚੌਂਕੀ ਦੇ ਅਹਾਤੇ 'ਚ ਪ੍ਰਵੇਸ਼ ਕੀਤਾ।

ਅੰਬੈਸਡਰ ਵਿੱਚੋਂ ਐੱਸ.ਐੱਸ.ਪੀ. ਨੇ ਬਾਹਰ ਕਦਮ ਰੱਖਿਆ।

ਸਰਦੂਲ ਸਿੰਘ ਦੇ ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਉੱਭਰ ਆਈਆਂ।

ਹਾਲਾਤ ਉਸਦੇ ਮਨ ਮਾਫ਼ਿਕ ਨਹੀਂ ਬਦਲ ਰਹੇ ਸਨ।

ਗੁਰਦੇਵ ਰਾਮ ਦਾ ਤਾਂ ਜਿਵੇਂ ਦਿਲ ਹੀ ਉੱਛਲ ਕੇ ਉਸਦੇ ਹਲ਼ਕ 'ਚ ਆ ਫਸਿਆ ਸੀ।

'ਮੋਕ ਨਾ ਮਾਰ ਗੁਰਦੇਵ ਰਾਮਾ, ਤਕੜਾ ਹੋ, ਕੁਸ਼ ਨੀਂ ਹੁੰਦਾ।'

ਗੁਰਦੇਵ ਰਾਮ ਨੂੰ ਲਿਫ਼ਦਾ ਦੇਖ, ਸਰਦੂਲ ਸਿੰਘ ਨੇ ਉਸਦੇ ਕੰਨ 'ਚ ਮੰਤਰ ਫੂਕਿਆ।

ਐੱਸ.ਐੱਸ.ਪੀ. ਦੇ ਕੋਲ਼ ਆਉਣ 'ਤੇ ਸਭ ਵਰਦੀਧਾਰੀਆਂ ਨੇ ਸਲੂਟ ਠੋਕੇ।

ਐੱਸ.ਐੱਸ.ਪੀ. ਅੱਗੇ ਵਧ ਕੇ ਭੋਗਲ ਸਾਹਬ ਨੂੰ ਮਿਲਿਆ ਅਤੇ ਸਭ ਨੂੰ ਅੰਦਰ ਆਉਣ ਦਾ ਇਸ਼ਾਰਾ ਕਰ ਚੌਂਕੀ ਅੰਦਰ ਪ੍ਰਵੇਸ਼ ਕਰ ਗਿਆ।

ਇਸੇ ਸਮੇਂ ਦੌਰਾਨ ਚੌਹਾਨ ਸਾਹਬ ਵੀ ਪਹੁੰਚ ਚੁੱਕੇ ਸਨ।

ਉਹ ਵੀ ਸਭਨਾਂ ਦੇ ਨਾਲ਼ ਲੱਗ, ਚੌਂਕੀ ਅੰਦਰ ਜਾ ਵੜੇ।

ਗਗਨ ਤੇਜਵੀਰ ਦੇ ਨੇੜੇ ਪਹੁੰਚਿਆ ਤਾਂ ਤੇਜਵੀਰ ਨੇ ਉਸਦੇ ਕੰਨ ਵਿੱਚ ਫੁਸ-ਫੁਸਾ ਕੇ ਜਲਦੀ-ਜਲਦੀ ਕੁਝ ਕਿਹਾ।

ਉਹ ਅੱਤ ਹੈਰਾਨੀ ਪ੍ਰਗਟ ਕਰਦਾ ਹੋਇਆ, ਪੁੱਠੇ-ਪੈਰੀਂ ਚੌਂਕੀਓਂ ਵਾਪਿਸ ਪਰਤ ਗਿਆ।

ਐੱਸ.ਐੱਸ.ਪੀ. ਨੇ ਸਰਦੂਲ ਸਿੰਘ ਦੀ ਕਰਸੀ 'ਤੇ ਡੇਰਾ ਜਮਾ ਲਿਆ ਅਤੇ ਭੋਗਲ ਸਾਹਬ ਅਤੇ ਚੌਹਾਨ ਸਾਹਬ ਨੂੰ ਬੈਠਣ ਦਾ ਇਸ਼ਾਰਾ ਕੀਤਾ।



ਐੱਸ.ਐੱਸ.ਪੀ. ਚੌਹਾਨ ਸਾਹਬ ਨੂੰ ਭੋਗਲ ਸਾਹਬ ਨਾਲ਼ ਹੀ ਆਏ ਹੋਏ ਸਮਝ ਬੈਠਿਆ ਸੀ।

ਉਨ੍ਹਾਂ ਨੇ ਉਸਦੇ ਸਾਹਮਣੇ ਵਾਲ਼ੀਆਂ ਕੁਰਸੀਆਂ ਮੱਲ ਲਈਆਂ।

'ਭੋਗਲ ਸਾਹਬ, ਡੀ.ਆਈ.ਜੀ. ਸਾਹਬ ਦਾ ਉਚੇਚਾ ਫ਼ੋਨ ਆਇਆ, ਜ਼ਰੂਰ ਕੋਈ ਖ਼ਾਸ ਹੀ ਗੱਲ ਹੋਏਗੀ। ਫ਼ਰਮਾਓ।'

'ਐੱਸ.ਐੱਸ.ਪੀ. ਸਾਹਬ, ਇਹ ਜਿਸ ਨੌਜਵਾਨ ਨੂੰ ਤੁਹਾਡੇ ਏ.ਐੱਸ.ਆਈ. ਨੇ ਗ੍ਰਿਫ਼ਤਾਰ ਕੀਤਾ, ਇਹ ਮੇਰੇ ਅਖ਼ਬਾਰ ਦਾ ਇੱਕ ਜ਼ਿੰਮੇਵਾਰ ਰਿਪੋਰਟਰ ਏ।'

ਐੱਸ.ਐੱਸ.ਪੀ. ਨੇ ਬੜੀ ਹੈਰਾਨੀ ਨਾਲ਼ ਪਹਿਲਾਂ ਤੇਜਵੀਰ ਵੱਲ ਦੇਖਿਆ ਤੇ ਫਿਰ ਸਰਦੂਲ ਸਿੰਘ ਵੱਲ।

'ਸਰਦੂਲ ਸਿੰਘ, ਕਿਸ ਜੁਰਮ 'ਚ ਗ੍ਰਿਫ਼ਤਾਰ ਕੀਤਾ ਇਸਨੂੰ ?'

'ਜਨਾਬ, ਇਸਦੇ ਫ਼ਲੈਟ 'ਚੋਂ ਚਾਰ ਕਿੱਲੋ ਚਰਸ ਬਰਾਮਦ ਹੋਈ ਐ ਜੀ,। ਆਹ ਦੇਖੋ।'

ਸਰਦੂਲ ਸਿੰਘ ਨੇ ਚਾਰੋਂ ਪੈਕੇਟ ਐੱਸ.ਐੱਸ.ਪੀ. ਦੇ ਸਾਹਮਣੇ ਰੱਖ ਦਿੱਤੇ।

ਭੋਗਲ ਸਾਹਬ ਨੂੰ ਗਹਿਰਾ ਝਟਕਾ ਲੱਗਿਆ।

'ਬੱਟ ਸਰ, ਤੇਜਵੀਰ ਨੂੰ ਫ਼ਸਾਇਆ ਜਾ ਰਿਹਾ, ਹੀ ਇਜ਼ ਟੋਟਲੀ ਇੰਨੋਸੈਂਟ,' ਚੌਹਾਨ ਸਾਹਬ ਨੇ ਫ਼ਰਿਆਦ ਕੀਤੀ।

'ਹਰ ਕੋਈ ਇਹੀ ਕਹਿੰਦਾ ਹੁੰਦਾ। ਤੁਸੀਂ ਆਪਣਾ ਬੰਦਾ ਛੁਡਾਉਣ ਆਏ ਹੋ ਜਾਂ ਪੁਲਿਸ 'ਤੇ ਇਲਜ਼ਾਮ ਲਾਉਣ ?'

ਐੱਸ.ਐੱਸ.ਪੀ. ਨੂੰ ਚੌਹਾਨ ਸਾਹਬ ਦੀ ਗੱਲ ਚੁਭ ਗਈ ਸੀ।

ਚੌਹਾਨ ਸਾਹਬ ਨੇ ਬੜੀ ਹਤਾਸ਼ਾ ਨਾਲ਼ ਤੇਜਵੀਰ ਵੱਲ ਦੇਖਿਆ।

ਤੇਜਵੀਰ ਨੇ ਸਿਰ ਹਿਲਾ ਕੇ ਚੁੱਪ ਰਹਿਣ ਦਾ ਇਸ਼ਾਰਾ ਕੀਤਾ।

'ਕਿੱਥੋਂ ਫੜਿਆ ?' ਐੱਸ.ਐੱਸ.ਪੀ. ਨੇ ਸਰਦੂਲ ਸਿੰਘ ਤੋਂ ਪੁੱਛਿਆ।

'ਜਨਾਬ, ਰਾਜਗੁਰੂ ਨਗਰ ਦੇ ਪਿੰਕ ਫ਼ਲੈਟਸ ਵਿੱਚੋਂ ਜੀ।'

'ਪਰ ਉਹ ਤਾਂ ਇਸ ਚੌਂਕੀ ਦੀ ਜੁਰਿਸਡਿਕਸ਼ਨ 'ਤੋਂ ਬਾਹਰ ਦਾ ਇਲਾਕਾ ਏ ? ਤੁਸੀਂ ਓਥੇ ਛਾਪਾ ਕਿਵੇਂ ਮਾਰ ਲਿਆ ?'

'ਜਨਾਬ, ਟਾਈਮ ਹੀ ਨਹੀਂ ਸੀ ! ਇਨਫ਼ਾੱਰਮੇਸ਼ਨ ਮੁਤਾਬਿਕ ਮਾਲ ਏਧਰ-ਓਧਰ ਹੋਣ ਵਾਲ਼ਾ ਸੀ, ਸੋ ਕਾਹਲ਼ੀ-ਕਾਹਲ਼ੀ 'ਚ ਮੈਂ ਕਿਹਾ ਕਿਤੇ ਮੁਜਰਿਮ ਮਾਲ ਸਮੇਤ ਹੱਥੋਂ ਈ ਨਾ ਨਿਕਲ਼ਜੇ ਜੀ।'

'ਹੈੱਡਕੁਆਰਟਰ ਸੂਚਿਤ ਕੀਤਾ ?'

'ਬੱਸ ਜਨਾਬ, ਕਰਨ ਈ ਲੱਗਿਆ ਸੀ ਜਦ ਨੂੰ ਤੁਸੀਂ ਆਗੇ ਜੀ ! ਪਹਿਲਾਂ ਧਿਆਨ 'ਚੋਂ ਈ ਨਿਕਲ਼ ਗਿਆ ਜੀ ਕਾਹਲ਼-ਕਾਹਲ਼ ਵਿਚ।'

'ਖ਼ਬਰ ਕਿਵੇਂ ਲੱਗੀ ?'

'ਮੇਰੇ ਆਵਦੇ ਸੋਰਸ ਤੋਂ ਜੀ, ਅੰਦਰਲਾ ਖ਼ਬਰੀ ਆ ਜੀ,'

ਐੱਸ.ਐੱਸ.ਪੀ. ਨੇ ਖ਼ਬਰੀ ਬਾਰੇ ਹੋਰ ਨਾ ਪੁੱਛਿਆ, ਨਹੀਂ ਤਾਂ ਸਰਦੂਲ ਸਿੰਘ ਕੋਲ਼ ਉਸਦਾ ਵੀ ਜਵਾਬ ਸੀ।

'ਜਨਾਬ, ਏਸ ਬੰਦੇ ਨੂੰ ਅਸੀਂ ਰੰਗੇ ਹੱਥੀਂ ਮਾਲ ਸਮੇਤ ਗ੍ਰਿਫ਼ਤਾਰ ਕੀਤਾ ਜੀ, ਮੇਰੇ ਸਾਰੇ ਸਿਪਾਹੀ ਇਸਦੇ ਗਵਾਹ ਨੇ ਜੀ, ਨਾਲ਼ੇ ਅਖ਼ਬਾਰ ਦੀ ਨੌਕਰੀ ਤਾਂ ਇਹਦੀ ਦੋ ਦਿਨ ਪਹਿਲਾਂ ਹੀ ਲੱਗੀ ਆ ਜੀ, ਬੰਦਾ ਤਾਂ ਇਹ ਪਹਿਲਾਂ ਤੋਂ ਹੀ ਸਮਗਲਿੰਗ ਕਰਦਾ ਆ ਰਿਹਾ। ਮੇਰੇ ਖ਼ਬਰੀ ਨੇ ਇਉਂ ਹੀ ਦੱਸਿਆ, ਪਰ ਪੁਲਿਸ ਦੇ ਹੱਥੇ ਪਹਿਲੀ ਵਾਰ ਚੜ੍ਹਿਆ। ਨਾਲ਼ੇ ਜਨਾਬ, ਦੋ ਦਿਨਾਂ 'ਚ ਬੰਦੇ ਦੀ ਪਛਾਣ ਕਿੱਥੋਂ ਆਉਂਦੀ ਆ ਜੀ, ਬਈ ਬੰਦਾ ਹੈ ਕਿਹੋ ਜਿਹਾ।'

ਭੋਗਲ ਸਾਹਬ ਵੱਲ ਐੱਸ.ਐੱਸ.ਪੀ. ਦਾ ਧਿਆਨ ਦੁਆ, ਸਰਦੂਲ ਸਿੰਘ ਨੇ ਗੱਲ ਪੱਕੀ ਕਰਨ ਦੀ ਨੀਅਤ ਨਾਲ਼ ਹੋਰ ਜੋੜਿਆ।

ਐੱਸ.ਐੱਸ.ਪੀ. ਨੇ ਭੋਗਲ ਸਾਹਬ ਨੂੰ ਇਸ਼ਾਰਾ ਕੀਤਾ ਅਤੇ ਦੋਵੇਂ ਉੱਠ ਕੇ ਇੱਕ ਕੋਨੇ 'ਚ ਚਲੇ ਗਏ। ਚਰਚਾ ਸ਼ੁਰੂ ਹੋ ਗਈ।

ਚਰਚਾ ਦੌਰਾਨ ਐੱਸ.ਐੱਸ.ਪੀ. ਦਾ ਸਿਰ ਵਾਰ-ਵਾਰ ਨਾਂਹ ਦੀ ਮੁਦਰਾ 'ਚ ਹਿੱਲਦਾ ਰਿਹਾ।

ਚਰਚਾ ਦੇ ਖ਼ਤਮ ਹੋਣ 'ਤੇ ਭੋਗਲ ਸਾਹਬ ਦੇ ਚਿਹਰੇ 'ਤੇ ਸਾਫ਼-ਸਾਫ਼ ਮਾਯੂਸੀ ਝਲਕ ਰਹੀ ਸੀ।

ਸਰਦੂਲ ਸਿੰਘ ਦੇ ਬੁੱਲ੍ਹਾਂ 'ਤੇ ਜੇਤੂਆਂ ਵਾਲ਼ੀ ਮੁਸਕੁਰਾਹਟ ਤੈਰ ਰਹੀ ਸੀ।

ਤੇਜਵੀਰ ਬੜੀ ਬੇਚੈਨੀ ਨਾਲ਼ ਦਰਵਾਜ਼ੇ ਵੱਲ ਦੇਖ ਰਿਹਾ ਸੀ।

ਚੌਹਾਨ ਸਾਹਬ ਨੇ ਐੱਸ.ਐੱਸ.ਪੀ. ਦੇ ਸੀਟ 'ਤੇ ਬੈਠਦਿਆਂ ਹੀ ਕੁਝ ਕਹਿਣ ਲਈ ਮੂੰਹ ਖੋਲ੍ਹਿਆ ਹੀ ਸੀ, ਕਿ ਐਨੇ ਨੂੰ ਸਾਹੋ-ਸਾਹੀ ਹੋਇਆ ਗਗਨ ਆ ਪਹੁੰਚਿਆ।

ਤੇਜਵੀਰ ਨੇ ਕਿਲੋਮੀਟਰ ਲੰਬਾ ਚੈਨ ਦਾ ਸਾਹ ਲਿਆ।

ਐੱਸ.ਐੱਸ.ਪੀ. ਨੇ ਪ੍ਰਸ਼ਨਸੂਚਕ ਨਜ਼ਰਾਂ ਨਾਲ ਉਸ ਵੱਲ ਦੇਖਿਆ, ਤਾਂ ਭੋਗਲ ਸਾਹਬ ਬੋਲ ਉੱਠੇ, 'ਹੀ ਇਜ਼ ਵਿਦ ਮੀ।'

ਗਗਨ ਦੇ ਹੱਥਾਂ 'ਚ ਇੱਕ ਲੈਪਟਾੱਪ ਫੜਿਆ ਹੋਇਆ ਸੀ, ਜੋ ਉਸਨੇ ਆਉਂਦੇ ਸਾਰ ਹੀ ਤੇਜਵੀਰ ਦੇ ਹਵਾਲੇ ਕਰ ਦਿੱਤਾ।

ਉਸਨੇ ਅੱਖਾਂ-ਅੱਖਾਂ ਵਿੱਚ ਹੀ ਸਵਾਲ ਕੀਤਾ ਤਾਂ ਗਗਨ ਨੇ ਤਸੱਲੀਪੂਰਵਕ ਢੰਗ ਨਾਲ਼ 'ਹਾਂ' ਦੀ ਮੁਦਰਾ 'ਚ ਸਿਰ ਹਿਲਾਇਆ।

ਅੰਤ ਇੰਨੀ ਦੇਰ ਤੋਂ ਖ਼ਾਮੋਸ਼ ਦਰਸ਼ਕ ਵਾਂਗੂੰ ਉਥੇ ਖੜ੍ਹੇ ਤੇਜਵੀਰ ਨੇ ਪਹਿਲੀ ਵਾਰ ਕੁਝ ਕਹਿਣ ਲਈ ਮੂੰਹ ਖੋਲ੍ਹਿਆ।

'ਆਈ ਵਾਂਟ ਟੂ ਸੇ ਸਮਥਿੰਗ ਸਰ,' ਬੜੇ ਠਰੰਮੇ ਨਾਲ਼ ਉਹ ਐੱਸ.ਐੱਸ.ਪੀ. ਨੂੰ ਮੁਖ਼ਾਤਿਬ ਹੋਇਆ।

'ਕਾਕਾ, ਅਦਾਲਤ 'ਚ ਕਹੀਂ ਜੋ ਕਹਿਣਾ ਹੁਣ।' ਤੇਜਵੀਰ ਨੂੰ ਆਖ ਐੱਸ.ਐੱਸ.ਪੀ. ਭੋਗਲ ਸਾਹਬ ਨੂੰ ਸੰਬੋਧਿਤ ਹੋਇਆ, 'ਭੋਗਲ ਸਾਹਬ, ਮੇਰਾ ਖ਼ਿਆਲ ਐ ਕਿ ਆਪਾਂ ਬਹੁਤ ਟਾਈਮ ਵੇਸਟ ਕਰ ਚੁੱਕੇ ਆਂ ਇਸ ਬੰਦੇ ਲਈ, ਹੁਣ ਆਪਾਂ ਨੂੰ ਚੱਲਣਾ ਚਾਹੀਦਾ।'

ਭੋਗਲ ਸਾਹਬ ਨੇ ਬੜੀਆਂ ਲਾਚਾਰ ਨਜ਼ਰਾਂ ਨਾਲ਼ ਤੇਜਵੀਰ ਵੱਲ ਦੇਖਿਆ।

'ਸਰ, ਪਲੀਜ਼ ਗਿਵ ਮੀ ਓਨਲੀ ਫ਼ਾਈਵ ਮਿਨਟਸ, ਆਈ ਕੈਨ ਡੈਫ਼ੀਨੇਟਲੀ ਪਰੂਵ ਦੈਟ ਆਈ ਐਮ ਟੋਟਲੀ ਇਨੋਸੈਂਟ, ਆਈ ਨੈਵਰ ਲੈੱਟ ਯੂ ਡਾਊਨ ਸਰ, ਬਿਲੀਵ ਮੀ।'

ਭੋਗਲ ਸਾਹਬ ਨੇ ਐੱਸ.ਐੱਸ.ਪੀ. ਵੱਲ ਦੇਖਦਿਆਂ ਆਖਿਆ, 'ਐੱਸ.ਐੱਸ.ਪੀ. ਸਾਹਬ, ਪਲੀਜ਼ ਗਿਵ ਹਿਮ ਵਨ ਚਾਂਸ, ਲੈੱਟ ਹਿਮ ਸਪੀਕ।'

'ਓ ਕੇ, ਬੱਟ ਫ਼ਾੱਰ ਫ਼ਾਈਵ ਮਿਨਟਸ ਓਨਲੀ।'

'ਕੈਨ ਆਈ ਸਿਟ ਸਰ ?'

ਐੱਸ.ਐੱਸ.ਪੀ. ਨੇ ਬਿਨਾਂ ਬੋਲੇ ਕੁਰਸੀ ਵੱਲ ਇਸ਼ਾਰਾ ਕੀਤਾ।

ਤੇਜਵੀਰ ਨੇ ਲੈਪਟਾੱਪ ਟੇਬਲ 'ਤੇ ਟਿਕਾ ਕੇ ਆੱਨ ਕੀਤਾ ਅਤੇ ਵਿੰਡੋਜ਼ ਓਪਨ ਹੋਣ ਦਾ ਇੰਤਜ਼ਾਰ ਕਰਦਿਆਂ ਕੁਰਸੀ 'ਤੇ ਬੈਠ ਗਿਆ।

ਤੇਜਵੀਰ ਅਤੇ ਗਗਨ ਨੂੰ ਛੱਡ ਕੇ, ਕਮਰੇ ਵਿੱਚ ਮੌਜੂਦ ਹਰੇਕ ਸ਼ਖ਼ਸ ਦੇ ਚਿਹਰੇ 'ਤੇ ਬੜੀ ਉਤਸੁਕਤਾ ਦੇ ਭਾਵ ਜਾਗ੍ਰਿਤ ਹੋ ਗਏ ਸਨ ਕਿ ਆਖ਼ਿਰ ਗਗਨ ਦੁਆਰਾ ਲਿਆਂਦੇ ਗਏ ਇਸ ਲੈਪਟਾੱਪ ਦੀ ਸਹਾਇਤਾ ਨਾਲ਼ ਉਹ ਕਿਵੇਂ ਆਪਣੇ ਆਪ ਨੂੰ ਬੇਗੁਨਾਹ ਸਾਬਿਤ ਕਰੇਗਾ ?

'ਲੈ ਖੁੱਲ੍ਹ ਗਿਆ ਹੁਣ ਭਾਨੂਮਤੀ ਦਾ ਪਟਾਰਾ।' ਗਗਨ ਵੀ ਬੇਸਬਰੀ ਨਾਲ਼ ਪੱਬਾਂ ਭਾਰ ਹੋਇਆ ਖੜ੍ਹਾ ਸੀ।

ਤੇਜਵੀਰ ਦੇ ਹੱਥਕੜੀ ਬੱਝੇ ਹੱਥਾਂ ਦੀਆਂ ਉਂਗਲ਼ਾਂ ਕੁਝ ਦੇਰ ਕੀ-ਬੋਰਡ 'ਤੇ ਖੇਡਦੀਆਂ ਰਹੀਆਂ, ਤੇ ਫਿਰ ਉਸਨੇ ਲੈਪਟਾੱਪ ਚੁੱਕ ਕੇ ਐੱਸ.ਐੱਸ.ਪੀ. ਦੇ ਸਾਹਮਣੇ ਇਉਂ ਰੱਖ ਦਿੱਤਾ ਕਿ ਸਕਰੀਨ ਦਾ ਰੁਖ਼ ਐੱਸ.ਐੱਸ.ਪੀ. ਵੱਲ ਨੂੰ ਹੋ ਗਿਆ।

ਹੁਣ ਤੱਕ ਆਪਣੀ ਸਕੀਮ ਤੋਂ ਪੂਰੀ ਤਰ੍ਹਾਂ ਨਾਲ਼ ਮੁਤਮਈਨ ਸਰਦੂਲ ਸਿੰਘ ਦਾ ਮਨ, ਤਸੱਲੀ ਅਤੇ ਸ਼ੱਕ ਦੇ ਦਰਮਿਆਨ ਪੇਂਡੂਲਮ ਵਾਂਗੂੰ ਡਿੱਕ-ਡੋਲੇ ਖਾਣ ਲੱਗ ਪਿਆ।

ਸਕਰੀਨ ਵੱਲ ਅੱਖਾਂ ਗੱਡੀ ਬੈਠੇ ਐੱਸ.ਐੱਸ.ਪੀ. ਦੇ ਚਿਹਰੇ 'ਤੇ ਹੈਰਾਨੀ ਅਤੇ ਗੁੱਸੇ ਦੇ ਭਾਵ ਪਲ-ਪਲ ਗਹਿਰੇ ਹੁੰਦੇ ਗਏ।

ਅੰਤ ਸਕਰੀਨ ਤੋਂ ਧਿਆਨ ਹਟਾ ਐੱਸ.ਐੱਸ.ਪੀ. ਨੇ ਅੱਖਾਂ ਤਰੇਰ ਕੇ ਪਹਿਲਾਂ ਸਰਦੂਲ ਸਿੰਘ ਅਤੇ ਫਿਰ ਗੁਰਦੇਵ ਰਾਮ ਵੱਲ ਦੇਖਿਆ।

ਐੱਸ.ਐੱਸ.ਪੀ. ਦੀਆਂ ਨਜ਼ਰਾਂ 'ਚ ਕੁਝ ਇਹੋ-ਜਿਹੇ ਭਾਵ ਸਨ ਕਿ ਮਾਮਲੇ ਪ੍ਰਤੀ ਅਨਜਾਣ ਹੋਣ ਦੇ ਬਾਵਜੂਦ, ਸਰਦੂਲ ਸਿੰਘ ਨੂੰ ਆਪਣਾ ਦਿਲ ਥਾੜ੍ਹ-ਥਾੜ੍ਹ ਆਪਣੀਆਂ ਪੱਸਲੀਆਂ 'ਚ ਵੱਜਦਾ ਮਹਿਸੂਸ ਹੋਣ ਲੱਗ ਪਿਆ।

ਗੁਰਦੇਵ ਰਾਮ ਦੀ ਹਾਲਤ ਤਾਂ ਹੋਰ ਵੀ ਪਤਲੀ ਹੋ ਗਈ ਸੀ।

ਉਸਦੇ ਹੱਥ-ਪੈਰ ਕੰਬਣ ਲੱਗ ਪਏ, ਚਿਹਰੇ ਤੋਂ ਹਵਾਈਆਂ ਉੱਡਣ ਲੱਗ ਪਈਆਂ ਅਤੇ ਉਸਦੀਆਂ ਲੱਤਾਂ, ਉਸਦਾ ਭਾਰ ਚੁੱਕਣ ਤੋਂ ਇਨਕਾਰੀ ਹੋਣ ਲੱਗ ਪਈਆਂ।

'ਕੀ ਮਾਜਰਾ ਹੈ ਐੱਸ.ਐੱਸ.ਪੀ. ਸਾਹਬ ?' ਗਹਿਰੀ ਉਤਸੁਕਤਾ ਭਰੀ ਸੁਰ 'ਚ ਭੋਗਲ ਸਾਹਬ ਨੇ ਪੁੱਛਿਆ।

ਐੱਸ.ਐੱਸ.ਪੀ. ਕੁਝ ਪਲਾਂ ਲਈ ਹਿਚਕਿਚਾਇਆ, ਫਿਰ ਉਸਨੇ ਸਰਦੂਲ ਸਿੰਘ ਵੱਲ ਗਹਿਰੀ ਤਿਰਸਕਾਰ ਭਰੀ ਦ੍ਰਿਸ਼ਟੀ ਮਾਰਦਿਆਂ ਗੁਰਦੇਵ ਰਾਮ ਨੂੰ ਘੁਰਕੀ ਮਾਰੀ।

'ਹੱਥਕੜੀ ਖੋਲ੍ਹ।'

(ਚਲਦਾ)

ਕਹਾਣੀ

# ਆਈ ਪੁਰੇ ਦੀ ਵਾਅ

ਕਿਸ਼ਤ-2

(ਸ਼ਾਹਮੁਖੀ ਤੋਂ ਲਿੱਪੀ ਬਦਲੀ : ਪਰਮਜੀਤ ਸਿੰਘ ਮੀਸ਼ਾ)

ਨੈਣ ਸੁੱਖ



ਗੋਰਾ ਮਿਸ਼ਨਰੀ ਪਲੀਤਾਂ ਤੋਂ ਉਪਰੈਤ ਕਰੈਹਤ ਨਾ ਕਰਦਾ, ਸਗੋਂ ਉਨ੍ਹਾਂ ਨੂੰ ਥਾਪੜਦਿਆਂ ਮੇਹਰ ਦੀ ਨਜ਼ਰੀਂ ਵੇਖਦਾ, ਦਵੱਲਿਓਂ ਧੁਤਕਾਰਿਆਂ ਨੂੰ ਅੰਦਰੋਂ ਖਿੱਚ ਪਵੇ। ਵਾਲਮੀਕੀ, ਮੇਘ, ਦੀਨਦਾਰ ਤੇ ਮਜ਼ਬੀ ਸਿੱਖ ਮਿਹਰਬਾਨ ਪਰਾਹੁਣੇ ਦੀ ਸਵਾਰੀ ਪਿੱਛੇ ਲੱਗ ਗਏ। ਅਛੂਤਾਂ ਦੇ ਦੋ ਪੀਰ ਪੰਚ, ਜਿਹਨਾਂ ਦੇ ਨਾਂ ਭਜਨਾ ਤੇ ਮੰਗਨਾ, ਪੂਰਾ ਸੌ ਕੋਹ ਮਿਸ਼ਨਰੀ ਸਕਾਟ ਦੀ ਘੋੜੀ ਮਗਰ ਲੱਗ ਕੇ ਓਹਦੀ ਵੇਲ ਹੋਕਦੇ ਗਏ। ਯਸੂ ਮਸੀਹ ਦੀ ਬਸ਼ਾਰਤ ਅਛੂਤਾਂ ਇੰਝ ਸੁਣੀ ਜਿਵੇਂ ਉਹ ਉਨ੍ਹਾਂ ਦੇ ਨਾਂ ਪਿਆਰਾਂ ਭਰੀ ਚਿੱਠੀ ਆਈ। ਜ਼ਫ਼ਰਵਾਲ, ਜੰਦਰਾਂ, ਸੁਖੋ ਚੱਕ ਤੇ ਮਰਾਲੀ, ਏਧਰ ਨਿੱਤ ਆਇਆ ਮਿਸ਼ਨਰੀ ਸਕਾਟ ਜੀਕਣ ਏਸ ਜੂਹ ਦਾ ਜੀਅ ਹੋਵੇ। ਜਦੋਂ ਆਵੇ, ਕੋਈ ਸੁੱਖ ਸੁਨੇਹਾ ਲਿਆਵੇ। ਬੁੱਤੀਆਂ ਕੱਢ ਕੱਢ ਹੰਢ ਗਿਆਂ ਨੂੰ ਮਿਸ਼ਨਰੀ ਸਕਾਟ ਵਧਾਈ ਦਿੱਤੀ ਕਿ ਐਤਵਾਰ ਦੇ ਦਿਨ ਕੰਮ ਤੋਂ ਛੁੱਟੀ, ਇਹ ਅਬਾਦਤ ਦਾ ਦਿਨ। ਛੁੱਟੀ ਲਈ ਕਈ ਬਰਾਦਰੀ 'ਚੋਂ ਕਿਰ ਗਏ। ਕਿਰਨਿਆਂ ਨੂੰ ਜਜਮਾਨਾਂ ਧੱਕੇ ਜ਼ੋਰੀਂ ਐਤਵਾਰ ਨੂੰ ਕੰਮ ਲਈ ਵੰਗਾਰਿਆ, ਮਿਸ਼ਨਰੀ ਸਕਾਟ ਪੁਲਸ ਲੈ ਕੇ ਬਹੁੜਿਆ ਜਿਹਦੇ ਅੱਗੇ ਜ਼ਮੀਨਦਾਰ ਬੇ-ਵੱਸ। ਭਜਨਾ ਦੇ ਬੁੱਢੇ ਮਾਪੇ, ਸੁਨਾਖੀ ਤੇ ਦਵਾਨਾ, ਗੋਰੇ ਮਿਸ਼ਨਰੀ ਸਕਾਟ ਦੇ ਪੈਰੀਂ ਪੈ ਗਏ। 'ਸਾਨੂੰ ਸਾਡਾ ਪੁੱਤਰ ਮੋੜ ਦੇ,' ਪਰ ਭਜਨਾ ਬਰਾਦਰੀ ਵਿੱਚ ਕੀ ਪਰਤਦਾ, ਉਹਦੀ ਘਰ ਵਾਲੀ ਰਾਮਦਈ ਵੀ ਕਿਰ ਗਈ। ਇੱਕ ਇੱਕ ਕਿਰਦੇ ਕਿਰਨਿਆਂ ਦਾ ਇੱਜੜ ਮਿਸ਼ਨਰੀ ਸਕਾਟ ਦੇ ਮਗਰੇ ਮਗਰ- ਅਗਲੇ ਦਿਨ ਵਿਆਹ ਰਾਤੀਂ ਰਹਿਮੀ ਆਪਣੇ ਕੁੜਮ ਮੱਖਣ ਦਾ ਨਾਂ ਲੈ ਕੇ ਧੀ ਪੀਪੇ ਦਾ ਸੁਹਾਗ ਗਾ ਰਹੀ, 'ਚੋਣਾਂ ਵਿੱਚੋਂ ਚੋਣ ਮੱਖਣ ਮੇਰੇ ਮਨ ਵਸਦਾ।' ਪਰ ਇਹ ਸੁਹਾਗ ਵੈਣ ਬਣਿਆ, ਜਦੋਂ ਖ਼ਬਰ ਆਈ ਕਿ ਮੱਖਣ ਸਣ ਟੱਬਰਾ ਕਿਰ ਗਿਆ। ਕਾਲੂ, ਦੁੱਲਾ, ਲਾਲੂ, ਰਾਮਾ, ਪਿਆਰਾ, ਜੱਸੂ, ਲਾਹਨੂੰ, ਗੰਡੂ ਤੇ ਰਹਿਮਾ, ਪੂਰੀ ਬਰਾਦਰੀ ਮਸੀਹੀ ਹੋਵਣ ਨੂੰ ਤਿਆਰ, ਨਸ਼ਾਨਦਾਰ ਦਿਆਲਾ ਮਿਸ਼ਨਰੀ ਸਕਾਟ ਅੱਗੇ ਚਾਰ ਅਰਜ਼ਾਂ ਲੈ ਕੇ ਹਾਜ਼ਰ ਹੋਇਆ ਤੇ ਹੱਥ ਜੋੜ ਕੇ ਬੋਲਿਆ: 'ਫ਼ਸਲਾਂ ਦੀ ਬਿਜਾਈ ਤੇ ਵਾਢੀ ਸਮੇਂ ਬਰਾਦਰੀ 'ਚੋਂ ਕਿਰਨ ਦੀ ਰੋਕ ਹੋਵੇ, ਐਤਵਾਰ ਦੇ ਦਿਨ ਕਿਰਨਿਆਂ ਨੂੰ ਕੰਮ ਦੀ ਮਨਾਹੀ ਨਾ ਹੋਵੇ, ਕਿਰਨਿਆਂ ਨੂੰ ਪੁਰਾਣੇ ਧਰਮ ਦੇ ਢੰਗ ਨਾਲ ਮਰਨੇ ਪਰਨੇ ਦੀ ਛੋਟ ਹੋਵੇ, ਯਸੂ ਮਸੀਹ ਦੇ ਨਾਲ ਨਾਲ ਕਿਰਨਿਆਂ ਨੂੰ ਬਾਲਾ ਸ਼ਾਹ ਤੇ ਗੁੱਗੇ ਪੀਰ ਦੇ ਮੰਨਣ ਮਾਨਣ ਦੀ ਖੁੱਲ ਹੋਵੇ,' ਸ਼ਰਤਾਂ ਸੁਣ ਕੇ ਹਰ ਵੇਲੇ ਹਸਮੁਖ ਮਿਸ਼ਨਰੀ ਸਕਾਟ ਦੇ ਮੱਥੇ ਉੱਤੇ ਓਭੜ ਤਿਊੜੀ ਆ ਗਈ, ਘੁਰਾਖੀ ਪਾ ਲਈ ਤੇ ਕਚੀਚੀ ਵੱਟ ਕੇ ਪੰਜਾਬੀ ਬੋਲਣੀ ਭੁੱਲ ਗਿਆ ਅਤੇ ਆਪਣੀ ਬੋਲੀ ਵਿੱਚ ਖਰਵਾ ਬੋਲਿਆ, A man can not cross a river on two boats. You must forsake all for Christ, or you will not be counted worthy of Him ਇਸ ਬੁਲਾਰੇ ਨੂੰ ਸਗਵਾਂ ਤਿੱਖਾ ਮਾਂ ਬੋਲੀ ਵਿੱਚ ਅਹਿਸਾਨ ਉੱਲਾਹ ਪਰਤਾਇਆ। ਅਹਿਸਾਨ ਉੱਲਾਹ, ਓਹਦੀ ਬਰਾਦਰੀ ਦਾ ਬੰਦਾ, ਪਾਦਰੀ ਆਈ ਡੀ ਸ਼ਹਿਬਾਜ਼ ਸਿਹਾਨ ਲਿਆ ਜਿਸ ਨੂੰ ਚੇਤੇ ਆਇਆ ਕਿ ਕਿਵੇਂ ਅਹਿਸਾਨ ਉੱਲਾਹ ਮਸੀਹੀ ਹੋ ਕੇ ਇੰਗਲੈਂਡ ਗਿਆ, ਓਥੋਂ ਅੰਗਰੇਜ਼ੀ ਸਿੱਖ ਕੇ ਆਇਆ, ਹੁਣ ਨਾਰੋਵਾਲ ਦੇ ਐਂਗਲੀਕਨ ਚਰਚ ਵਿੱਚ ਪਾਦਰੀ। ਆਪਣੇ ਘਰਾਂ ਨੂੰ, ਕਈ ਕਿਰਨੇ, ਛੱਡ ਕੇ ਇਕੱਲੇ ਮਿਸ਼ਨ ਵਿੱਚ ਆ ਗਏ ਪਰ ਯਾਦਾਂ ਪੀਂਘਾਂ ਝੂਟਦੀਆਂ ਰਹਿਣ। ਉਨ੍ਹਾਂ ਨੂੰ ਵਹੁਟੀ, ਬਾਲ, ਮਾਪੇ, ਭੈਣ, ਭਰਾ, ਯਾਰ-ਬੇਲੀ, ਬਾਲਾ ਸ਼ਾਹ ਤੇ ਗੁੱਗਾ ਪੀਰ ਚੇਤੇ ਆਓਣੋਂ ਨਾ ਰਹਿੰਦੇ, ਮਿਸ਼ਨਰੀ ਸਕਾਟ ਪਿਛਲਿਆਂ ਨੂੰ ਮਿਲਣ ਤੇ ਘਰ ਜਾਵਣ ਤੋਂ ਕਦੀ ਨਾ ਰੋਕਿਆ, ਕੋਈ ਧਿੰਗ ਧੱਗਾਨ ਨਾ, ਕਿਉਂ ਜੇ ਓਹ ਮਸੀਹੀ ਹੋਵਣ ਦਾ ਵਚਨ ਦੇ ਕੇ ਜਾਂਦੇ। ਇਹ ਉਸ ਨੂੰ ਪੱਕ ਕਿ ਕਿਰਨੇ ਮਗਰੋਂ ਅਸਲ ਅਸੀਲ ਤੇ ਵਚਨ ਦੇ ਪੱਕੇ।

ਜ਼ਮੀਨਦਾਰਾਂ ਨੂੰ ਇਹ ਚਾਨਣ ਕਿ ਓਹ ਕਿਰਨਿਆਂ ਨਾਲ ਜ਼ੋਰ ਜ਼ਬਰਦਸਤੀ ਕਰਨ ਜੋਗੇ ਨਾ- ਉਨ੍ਹਾਂ ਕਾਨੂੰਨੀ ਕੰਮ ਕੀਤਾ। ਸ਼ਾਮਲਾਟ ਉਤੇ ਮਾਲਕ ਖਾਤੇਦਾਰਾਂ ਦਾ ਹੱਕ ਜਿੱਥੋਂ ਕਿਰਨੇ ਬੇਦਖ਼ਲ ਹੋਏ। ਬੇਘਰ ਹੋਏ ਮਾੜੇ ਮਸੀਹੀ, ਮਿਸ਼ਨਰੀ ਸਕਾਟ ਦਾ ਰਾਹ ਵੇਖਣ ਲੱਗ ਪਏ ਜਿਹੜਾ ਉਨ੍ਹਾਂ ਦੀ ਮਦਦ ਲਈ ਅੱਪੜ ਪਿਆ। ਉਸ ਨੇ ਅਪਣੀ ਸਰਕਾਰ ਕੋਲੋਂ ਨਥਾਵਿਆਂ ਲਈ ਥਾਂ ਲਈ। ਕਿਰਨਿਆਂ ਲਈ ਦੋ ਨਵੀਆਂ ਵਸਤੀਆਂ ਵੱਸੀਆਂ। ਨਵਾਂ ਪਿੰਡ ਤੇ ਸਕਾਟ ਗੜ੍ਹ। ਸਾਲਵੇਸ਼ਨ ਆਰਮੀ ਦੇ ਜਨਰਲ ਬੂਥ ਏਸ ਇਲਾਕੇ ਦਾ ਦੌਰਾ ਕੀਤਾ, ਪੂਰੀ ਜੂਹ ਵਿੱਚ ਗੱਲ ਹੁਲ ਗਈ।

'ਮਸੀਹੀ ਮਜ਼੍ਹਬ ਹਾਕਮਾਂ ਦਾ' ਰਿਆਇਆ ਨੂੰ ਕੰਨ ਹੋ ਗਏ। ਸਿਆਲਕੋਟ ਵਿੱਚ ਟੈਨਰੀ ਲੱਗ ਗਈ, ਪਿੰਡਾਂ 'ਚੋਂ ਚਿੱਕੇ ਅਛੂਤ ਚਮਾਰਾਂ ਨੂੰ ਰੁਜ਼ਗਾਰ ਲੱਭਾ, ਚੌਧਰੀਆਂ ਦੀ ਮੁਥਾਜੀ ਮੁੱਕੀ। ਗੁਜਰਾਂਵਾਲੇ ਮਿਸ਼ਨ ਦਾ ਇੰਡਸਟਰੀਅਲ ਹੋਮ ਬਣਿਆ, ਜਿੱਥੇ ਕੰਮ ਸਿੱਖਣ ਲਈ ਕਿਰਨੇ ਦਾਖ਼ਲ ਹੋਏ, ਪਰ ਇਲਾਕੇ ਵਿੱਚ ਤਰਥੱਲੀ ਓਦਣ ਆਈ ਜਦੋਂ ਲੱਭੂ ਮੱਲ ਤੇ ਨੱਥੂ ਬਾਜਵਾ ਆਪਣੀ ਬਰਾਦਰੀ 'ਚੋਂ ਕਿਰ ਗਏ। ਖੱਤਰੀਆਂ ਤੇ ਜੱਟਾਂ ਨੂੰ ਢੇਰ ਝੋਰਾ, ਝੁਖਦਿਆਂ ਨੂੰ ਪਰਚਾਵਣ ਲਈ ਆਰੀਆ ਸਮਾਜੀ ਪੰਡਤ ਤੇ ਅਹਿਮਦੀ ਮੁਰੱਬੀ ਅੱਪੜ ਪਏ। ਆਰੀਆ ਸਮਾਜੀਆਂ ਹਿੰਦੂਆਂ ਨੂੰ ਕਿਰਨ ਤੋਂ ਡੱਕ ਲਿਆ ਤੇ ਅਹਿਮਦੀਆਂ ਜੱਟਾਂ ਨੂੰ ਰਲਾਂਦਿਆਂ ਆਪਣੀ ਜਮਾਇਤ ਦੀ ਗਿਣਤੀ ਵਧਾਈ, ਪਰ ਅਛੂਤ ਵਾਂਝੇ ਵਰਗ ਮਸੀਹੀ ਮਿਸ਼ਨ ਦੇ ਹਵਾਲੇ।

ਆਪਣੇ ਪਾਸੇ ਦੀ ਵਾਅ, ਯਾਦਾਂ ਵਿੱਚ ਕਈ ਮੁੱਖ ਲਹਿਰਦੇ ਆਏ, ਜਵਾਹਰ, ਫ਼ਕੀਰੀਆ, ਪਰੇਮਾ, ਚੁਗੱਤਾ, ਦਿਤ ਪਰ ਵਿੱਸਰੇ ਸਮੇ ਦੀ ਕਥਾ ਦਾ ਮੁੱਖ ਪਾਤਰ ਮਸਤਾ ਅੱਖੀਆਂ ਵਿੱਚ ਟਿਕ ਈ ਗਿਆ, ਪਰਾਂਹ ਹੀ ਨਾ ਹੋਵੇ। ਵਾਅ ਪਾਦਰੀ ਆਈ ਡੀ ਸ਼ਹਿਬਾਜ਼ ਨੂੰ ਕਿੱਥੋਂ ਕਿੱਥੇ ਲੈ ਗਈ- ਰਾਮ ਰਾਮ ਜਪਦਾ ਪਿੰਡ ਸੱਤਪੁਰ, ਜਿੱਥੋਂ ਦੇ ਆਰੀਆ ਸਮਾਜੀ ਪੰਡਤ ਜਵਾਲਾ ਨਾਥ ਤੇ ਬਿਆਜੜ ਭੋਏਵਾਲ ਚੌਧਰੀ ਨੰਦ ਲਾਲ ਦੀ ਪੂਰੀ ਜੂਹ ਵਿੱਚ ਜੈ ਜੈ ਕਾਰ। ਕੋਠੇ ਟੱਪਣਾ ਬੱਲ੍ਹਾ, ਚੌਧਰੀ ਦਾ ਮੁੰਡਾ, ਪੂਰਾ ਨਾਂ ਬਲਰਾਜ ਕੁਮਾਰ ਚੌਧਰੀ, ਮਸ ਫੁਟ ਰਹੀ ਪਰ ਬਾਲਾਂ ਵਿੱਚ ਬਾਲ, ਸਾਰਾ ਪਿੰਡ ਓਹਦੇ ਲਾਡ ਲਡਾਏ। ਹਨੂਮਾਨ ਜੀ ਦਾ ਵੇਸ ਵਟਾਈ ਫਿਰੇ। ਸੰਧੂਰ ਵਿੱਚ ਨ੍ਹਾਤਾ, ਸਿਰ ਉਤੇ ਸੁਨਿਹਰਾ ਮੁਕਟ, ਮੋਢੇ ਸੁਨਿਹਰੀ ਪਹਿਲਵਾਨੀ ਗੁਰਜ ਤੇ ਪਿੱਛੇ ਪੂਛਲ। ਲੰਮੀ ਛਾਲ ਮਾਰ ਕੇ ਇਕ ਕੋਠੇ 'ਤੋਂ ਦੂਜੇ ਕੋਠੇ ਤੇ ਕਦੀ ਕਿਸੇ ਰੁੱਖ ਉਤੇ ਚੜ੍ਹ ਕੇ ਟੀਸੀ ਤੋਂ ਸਿਰ ਕੱਢ ਲਏ। ਕੋਈ ਹੋੜ ਹਟਕ ਨਾ, ਜਿਹੜਾ ਵੇਖੇ ਸਗੋਂ ਪਰਨਾਮ ਕਰੇ। ਗਲੀ ਗਲੀ, ਜੈ ਬਜਰੰਗ ਬਲੀ। ਚੌਧਰੀ ਨੰਦ ਲਾਲ ਦੀ ਹਵੇਲੀ ਦੇ ਪਿਛਵਾੜੇ, ਕੁਝ ਦੁਰਾਡੀ ਰੋਹੀ ਜਿਹਦੇ ਵਿੱਚ ਸ੍ਹਾਂਸੀ ਅਛੂਤਾਂ ਦੇ ਝੁੱਗੇ। ਜਿੱਧਰ ਹਵੇਲੀ ਦੀ ਛੱਤ ਉਪਰੋਂ ਵੇਖਦਿਆਂ ਬੱਲ੍ਹਾ ਖ਼ੁਸ਼ ਹੋਵੇ :

ਅਸੀਂ ਉਚੇ ਚਬਾਰੇ,
ਤੁਸੀਂ ਕੀੜੀਆਂ ਦੇ ਦਾਰੇ।

ਦੂਜੇ ਬਾਲ ਸਿਰ ਨੀਵੇਂ ਕਰ ਲੈਂਦੇ ਪਰ ਮਸਤੂ ਅੱਗੋਂ ਓਹਦੇ ਝੀਂਘੇ ਲਾਵੇ। ਉਚੀ ਜਾਤੀ ਦੇ ਬ੍ਰਾਹਮਣ ਪੰਡਤ ਜਵਾਲਾ ਨਾਥ ਮੂਜਬ ਅਛੂਤਾਂ ਸਤਪੁਰ ਨੂੰ ਭਰਿਸ਼ਟ ਕੀਤਾ ਹੋਇਆ ਜਿਹਨਾਂ ਨੂੰ ਏਥੋਂ ਕੱਢਣ ਲਈ ਓਹਨੇ ਵਾਧੂ ਉਪਰਾਲੇ ਕੀਤੇ ਪਰ ਚੌਧਰੀ ਨੰਦ ਲਾਲ ਦੀ ਪ੍ਰਧਾਨਗੀ ਵਿੱਚ ਪਰ੍ਹਿਆ ਪੰਡਤ ਨਾਲ ਸਹਿਮਤ ਨਾ ਹੋਈ। ਸਹਿਮ ਵਹਿਮ ਦੀ ਰੁੱਤੇ, ਬੇਵਸੀ, ਪਵਿੱਤਰ ਵਸੇਬੇ ਨੂੰ ਅਛੂਤਾਂ ਦਾ ਮਥਾਜ ਕੀਤਾ ਹੋਇਆ। ਘਰਾਂ ਅੰਦਰ ਬਾਹਰਲੇ ਬਿੱਲੇ, ਕਿਹੜੇ ਵੇਲੇ ਕਿਧਰੋਂ ਕਿਵੇਂ ਅੰਦਰ ਆ ਵੜਦੇ, ਕੋਈ ਸਮਝ ਨਾ ਆਵੇ। ਢੱਠੇ ਕੋਠਿਆਂ ਦੇ ਮਲਬੇ ਹੇਠ, ਘਰਾਂ ਦੀਆਂ ਪਿਛਲੀਆਂ ਕੋਠੜੀਆਂ ਵਿੱਚ ਜੁੜੇ ਵਸਤ ਵਲੇਵੇ ਓਹਲੇ, ਤੇ ਬਾਲਣ ਵਾਲੇ ਅੰਦਰਾਂ ਵਿੱਚ ਲੁਕੇ ਡਰਾਵਣ ਧਾਰੀਦਾਰ ਭੁਸਲੇ ਬਾਘੜ ਬਿੱਲੇ ਦੇ ਹਮਲੇ ਦਾ ਹੌਲ ਰਵ੍ਹੇ ਜਿਹਨੂੰ ਸ੍ਹਾਂਸੀਆਂ ਦੇ ਕੁੱਤੇ ਸੁੰਘਦਿਆਂ ਕੱਢ ਕੇ ਲੜਦਿਆਂ ਮਾਰਦੇ। ਸੁੱਖ ਦਾ ਸਾਹ ਲੈਂਦੇ, ਚੌਧਰਾਣੀਆਂ ਸ੍ਹਾਂਸੀਆਂ ਨੂੰ ਦੂਰੋਂ ਬੇਹਾ ਟੁੱਕਰ ਪਾਂਦੀਆਂ ਜਿਹੜਾ ਕਜਾਕ ਕੁੱਤੇ ਖਾਂਦੇ, ਸ੍ਹਾਂਸੀ ਚਾਈਂ ਚਾਈਂ ਘਰ ਜਾ ਕੇ ਬਿੱਲਾ ਚਾੜ੍ਹਦੇ। ਬੱਲ੍ਹੇ ਦੇ ਲੇਖ ਹਾਰ ਗਏ ਜਿੱਦਨ ਓਹ ਮਹਾਰਾਜ ਉਚੇ ਚਬਾਰੇ ਤੋਂ ਕੀੜੀਆਂ ਦੇ ਦਾਰੇ ਪਧਾਰਿਆ। ਮਸਤੂ ਤੇ ਖ਼ੌਰੇ ਓਹਦੇ ਸੁਆਗਤ ਲਈ ਇਹ ਈ ਡੰਗ ਉਡੀਕ ਰਹਿਆ। ਮਸਤੂ ਆਕੜ ਕੇ ਸੈਨਾਪਤੀ, ਆਪਣੀ ਕੁਤੀੜ ਸੈਨਾ ਨੂੰ ਓਹਨੇ ਹਨੂਮਾਨ ਵੱਲ ਲਲਕਾਰਿਆ। ਮਲੂਟੇ ਸ਼ੂਕਦੇ ਕੁੱਤੇ ਸੁਨਹਿਰੀ ਬਜਰੰਗ ਬਲੀ ਵੱਲ ਦੌੜੇ ਜਿਸ ਨੇ ਬਾਪੂ ਬਾਪੂ ਕਰਦਿਆਂ ਸ਼ੂਟ ਵੱਟੀ। ਦੌੜਦਿਆਂ ਮੁਕਟ ਤੇ ਗੁਰਜ ਸੰਭਲਦੇ ਕੀਕਣ। ਰਣਭੂਮੀ ਵਿੱਚ ਰੁਲਦੇ ਦਿੱਸੇ। ਕੁੱਤੇ ਬੱਲ੍ਹੇ ਨੂੰ ਅੱਪੜਦੇ ਜਾਪੇ ਪਰ ਓਹ ਰੁੱਖ ਚੜ੍ਹਦਾ, ਗਾਲੜ ਵਾਂਗੂੰ ਖੁੰਗੀ ਖੁੰਗੀ ਉਤਾਂਹ ਚੜ੍ਹਦਾ ਅਸਮਾਨੇ ਜਾ ਬੈਠਾ। ਭੌਂਕਦੇ ਕੁੱਤੇ ਅਗਲੀਆਂ ਟੰਗਾਂ ਚੁੱਕ ਕੇ ਹੁੰਭਲੀਆਂ ਮਾਰ ਮਾਰ ਰੁੱਖ ਨੂੰ ਨੌਂਹਦਰਦੇ ਹੇਠ ਭੁੰਜੇ ਈ ਰਹਿ ਗਏ। ਹਾਰੇ ਹੋਏ ਮਸਤੂ ਨੂੰ ਠੁੱਠ ਵਖਾਂਦਿਆਂ ਬੱਲ੍ਹਾ ਖਿੜ ਖਿੜ ਹੱਸਿਆ। ਓਹਨੇ ਡੱਬ 'ਚੋਂ ਰੋਟੀ ਕੱਢੀ ਤੇ ਪਿਆਰ ਨਾਲ ਪੁਚਕਾਰਦਿਆਂ ਬੁਰਕੀ ਬੁਰਕੀ ਕੁੱਤਿਆਂ ਨੂੰ ਪਾਈ ਜਾਵੇ। ਜਿਹੜਾ ਕੁੱਤਾ ਖਾਵੇ, ਡਿਗਦਿਆਂ ਓਹਦੇ ਮੂੰਹ 'ਚੋਂ ਝੱਗ ਛੁੱਟ ਜਾਏ। ਖ਼ਬਰ ਉੱਡ ਗਈ, ਪਿੰਡ ਇਕੱਠਾ ਹੋਇਆ, ਪੰਡਤ ਜਵਾਲਾ ਨਾਥ ਤੇ ਚੌਧਰੀ ਨੰਦ ਲਾਲ ਦੇ ਅੱਪੜਣ ਤਾਈਂ ਬੱਲ੍ਹੇ ਦੀ ਬੱਲੇ ਬੱਲੇ ਹੋ ਰਹੀ। ਅਛੂਤ ਚੌਧਰੀ ਦੇ ਪੈਰੀਂ ਕੀ ਪੈਂਦੇ, ਮੋਏ ਕੁੱਤਿਆਂ ਉਤੇ ਹਾਏ ਸਿਆਪਾ। ਚੌਧਰੀ ਅਪਣੀ ਜੁੱਤੀ ਨੂੰ ਹੱਥ ਕੀ ਪਾਇਆ, ਵੇਖਦੇ ਵੇਖਦੇ ਪੂਰੇ ਪਿੰਡ ਦੀਆਂ ਜੁੱਤੀਆਂ, ਤੇ ਮਸਤੂ ਦਾ ਸਿਰ। ਚੌਧਰੀ ਰੱਸੀ ਤੇ ਕਿੱਲਾ ਮੰਗਵਾਇਆ ਜਿਹਦੇ ਨਾਲ ਮਸਤੂ ਨੂੰ ਬੰਨ੍ਹਿਓ ਨੇ। ਮਰੀਂਦੜ ਮਸਤੂ ਬਥੇਰਾ ਏਧਰ ਓਧਰ ਨੱਸਣ ਲਈ ਟਿੱਲ ਲਾਇਆ ਪਰ ਰੱਸੀ ਜਿੰਨੀ ਲੰਮੀ, ਓਹ ਈ ਓਹਦੀ ਹੱਦ। ਓਹਦੀ ਬੱਸ ਹੋ ਗਈ ਤੇ ਓਹ ਲੰਮਾ ਪੈ ਗਿਆ, ਮਾਰਨ ਆਏ ਵੀ ਥੱਕ ਕੇ ਪੋਲੇ ਪੈਰੀਂ ਪਾਉਣ ਲੱਗੇ ਪਰ ਪੰਡਤ ਰੌਲਾ ਪਾ ਦਿੱਤਾ, 'ਏਹ ਜੁੱਤੀਆਂ ਭਿਟ ਗਈਆਂ,' ਸਭਨਾਂ ਓਹ ਜੁੱਤੀਆਂ ਕਿੱਲੇ ਨਾਲ ਈ ਸੁੱਟ ਦਿੱਤੀਆਂ। 'ਮਸਤੂ ਸੱਤ ਦਿਨ ਬੱਧਾ ਰਹਿਣਾ,' ਜਾਂਦਿਆਂ ਚੌਧਰੀ ਅਛੂਤਾਂ ਲਈ ਹੁਕਮ ਛੱਡ ਗਿਆ। 'ਜੈ ਹਨੂਮਾਨ,' ਰਾਜ ਕੁਮਾਰ ਯੋਧਾ ਪਰਜਾ ਦੇ ਮੋਢਿਆਂ ਉਤੇ ਬਿਰਾਜਮਾਨ, ਜੇਤੂ ਜਿੱਤ ਕੇ ਜਾ ਰਹੇ। ਪਿੱਛੇ ਲਿਤਰਾਂ ਉਤੇ ਮਸਤੂ ਬੱਧਾ ਪਿਆ, ਪਰਾਂਹ ਕੁੱਤੇ ਮੋਏ ਪਏ, ਦੁਆਲੇ ਸ੍ਹਾਂਸੀ ਸੋਗੀ। ਸੱਤ ਦਿਨ ਮੁੱਕੇ, ਮੋਈ ਰੋਹੀ ਜੀ ਪਈ। ਰੱਸੀ, ਕਿੱਲਾ ਤੇ ਜੁੱਤੀਆਂ ਦੀ ਢੇਰੀ, ਏਹ ਸਜ਼ਾ ਦਾ ਸਾਮਾਨ ਜਿਹਦੇ ਨਾਲ ਮਸਤੂ ਖੇਡ ਰਚਾਈ। ਹੇਠ ਜੁੱਤੀਆਂ 'ਚੋਂ ਖ਼ੁਸ਼ੀਆਂ ਖਿੜ ਖਿੜ ਹੱਸੀਆਂ। ਉਪਰੋਂ ਬਾਰੀ ਵਿਚੋਂ ਝਾਕਦਿਆਂ, ਚਬਾਰੇ ਦੇ ਮੰਦਰ ਵਿੱਚ ਮੂਰਤ ਹੋਏ ਹਨੂਮਾਨ ਦੇ ਅੰਦਰ ਦਾ ਬਾਲ ਖੇਡਣ ਮੰਗੇ। ਓਹ ਉਪਰੋਂ ਲੱਥਾ ਤੇ ਰੋਹੀ ਵਿੱਚ ਆ ਬਾਲਾਂ ਨਾਲ ਰਲਿਆ ਜਿੱਥੇ ਖੇਡਣ ਲਈ ਖਡਾਰ ਪੁੱਗ ਰਹੇ :-

ਏਂਗਨ ਮੇਂਗਨ ਤਲੀ ਤਲੇਂਗਨ,
ਸਾਵਾ ਪੀਲਾ ਡਕਰਾ,
ਗੁੜ ਖਾਈਂ, ਵੇਲ ਵਧਾਈਂ,
ਵਧ ਵਧ ਮੂਲੀ ਦਿਆ ਪੱਤਰਾ।

ਪੁੱਗਣ ਪਗਾਨ ਮਸਤੂ ਦੇ ਹੱਥ ਵੱਸ, ਸਾਰੇ ਪੁੱਗ ਗਏ, ਬੱਲ੍ਹਾ ਪੁੱਗਣੋਂ ਰਹਿ ਗਿਆ ਜਿਸ ਨੂੰ ਕਿੱਲੇ ਨਾਲ ਬੱਝੀ ਰੱਸੀ ਫੜਾਇਓ ਨੇ, ਓਹ ਜੁੱਤੀਆਂ ਦਾ ਰਾਖਾ। ਕੰਗਾਲ ਅਛੂਤਾਂ ਦੇ ਬਾਲ ਕਾਂਗੜੀ ਪਰ ਚੋਖੇ ਤਰਿਖੇ। ਕੋਈ ਏਧਰੋਂ ਝੁਰਾਟ ਮਾਰੇ ਤੇ ਜੁੱਤੀ ਲੈ ਜਾਏ, ਕੋਈ ਓਧਰੋਂ ਸ਼ਾਂ ਕਰਦਾ ਆਵੇ। ਬੱਲ੍ਹਾ ਪਲਿਆ ਚੰਗਾ ਪਰ ਢਿੱਲਾ ਫੋਸੜ, ਓਹਨੇ ਕਿਸੇ ਨੂੰ ਨਾ ਛੋਹਿਆ, ਸਭ ਜੁੱਤੀਆਂ ਚੁੱਕੀਆਂ ਗਈਆਂ। ਹਨੂਮਾਨ ਦੇ ਵੇਸ ਵਿੱਚ ਬੱਲ੍ਹੇ ਨੂੰ ਅੱਗੇ ਲੱਗ ਕੇ ਨੱਸਣਾ ਪਿਆ, ਜਦੋਂ ਅਛੂਤਾਂ ਦੇ ਬਾਲ ਓਹਨੂੰ ਜੁੱਤੀਆਂ ਮਾਰਨ ਪਏ। ਬੱਲ੍ਹੇ ਪਿੰਡ ਨੂੰ ਮੂੰਹ ਕੀਤਾ, ਪਿੱਛੇ ਅਛੂਤਾਂ ਦੇ ਬਾਲ। ਬੱਲ੍ਹੇ ਦੀ ਪੁਕਾਰ ਸੁਣ ਕੇ ਬਜਰੰਗ ਦਲ ਦੇ ਲੱਠ ਬਰਦਾਰ ਜੱਥੇ ਅੱਪੜਦਿਆਂ ਝੱਟ ਨਾ ਲਾਇਆ। ਯਰਕਿਆ ਮਸਤੂ ਕਿਧਰੇ ਮੂੰਹ ਕਰ ਗਿਆ, ਪਿੱਛੇ ਰੋਹੀ 'ਚੋਂ ਲੰਬੂ ਅਸਮਾਨੀਂ ਚੜ੍ਹੇ। ਜਿਹੜਾ ਅਛੂਤ ਹੱਥ ਆਇਆ, ਚੌਧਰੀਆਂ ਓਹਨੂੰ ਕਿੱਲੇ ਨਾਲ ਬੰਨ੍ਹ ਕੇ ਮਾਰਿਆ। ਜੋ ਵਾਪਰੀ, ਲੋਕਾਈ ਵਿੱਚ ਲੁਕਦੀ ਕੀਕੁਣ, ਕਹਾਣੀ ਆਮ ਹੋਈ, ਬਾਂਦਰ ਕਿੱਲਾ ਪੂਰੇ ਮਾਝੇ ਖੇਡੀ। ਮਸਤੂ ਨਾਂ ਵੀ ਵਟਾਏ ਤੇ ਰੂਪ ਵੀ। ਮਸਤੂ ਰਾਮ, ਮਸਤਾਨ ਖ਼ਾਨ, ਮਸਤੂ ਮਸੀਹ ਤੇ ਮਸਤਾ ਸਿੰਘ। ਮੰਦਰ, ਮਸੀਤ, ਮਿਸ਼ਨ ਤੇ ਗੁਰਦਵਾਰਾ। ਮਸਤੂ ਰੁਲ ਰੁਲ ਪੜ੍ਹਿਆ ਤੇ ਪੜ੍ਹ ਪੜ੍ਹ ਰੁਲਿਆ। ਸਵਾਦੀ ਲੋਭਾਂ ਲਈ ਵਾਧੇ ਪਈ ਖੋਹ ਖੁਸ ਤੇ ਅਬੜ ਦਬੜ ਤੋਂ ਪਰਾਂਹ ਰਹਿੰਦਿਆਂ ਗੁੰਝਲ ਗੁੰਝਲ ਘੋਰ ਅਚੰਭੇ ਓਹਨੂੰ ਘੇਰਾ ਪਾਇਆ। ਸਵਾਹਰੇ ਸਫ਼ਰ ਦੀ ਗੇਲ ਗਵਾਚੀ ਤੇ ਸੂਝਲ ਸੋਚ ਨਾਬਰ ਸਵਾਲ ਨਾਲ ਉੱਧਲ ਗਈ। ਕੁਦਰਤ, ਮਨੁੱਖ, ਵਸਤ, ਮੱਲ ਤੇ ਧਰਮ, ਸਭ ਬੁਝਾਰਤ ਹੋਏ। ਓਹਨੇ ਰੀਤਲ ਵਿਚਾਰ ਲੀਹ ਕੀ ਛੱਡੀ, ਹੋਂਦ ਦੀ ਸਾਰ ਸੰਤਾਪ ਬਣੀ ਤੇ ਬੇਗਾਨਗੀ ਦਾ ਰੋਗ ਦਿਵਾਨਗੀ। ਅੰਦਰੇ ਅੰਦਰ ਧੁਖ਼ਦਿਆਂ ਓੜਕ ਓਹ ਪਟਾਕ ਪਿਆ : ਹਰ ਵਿੱਚ ਹਰ, ਤੇ ਕਾਹਦਾ ਡਰ ਬੁੱਢੇ ਪਾਦਰੀ ਆਈ ਡੀ ਸ਼ਹਿਬਾਜ਼ ਨੂੰ ਚੱਕਰ ਆ ਗਿਆ ਜਿਹਦੇ ਸਾਹਮਣੇ ਮਸਤਾ ਮਸਤਿਆ ਹੋਇਆ। ਸਭ ਮਾਨ ਤੇ ਆਦਰ ਓਹਦੇ ਲਈ ਜੁੱਤੀਆਂ ਦੀ ਢੇਰੀ, ਬਾਂਦਰ ਰਾਖੇ ਨੂੰ ਵੇਹਰਦਿਆਂ ਹੋਕੀ ਜਾਏ :

ਪਵਿੱਤਰ ਪੋਥੀਆਂ ਸਿਆਸੀ,
ਸਮਾਜੀ ਚਾਲਬਾਜ਼ੀ!
ਬੰਦੇ ਤੋਂ ਉਪਰ ਕੋਈ ਹਸਤੀ ਨਾ!
ਮਰਨੋਂ ਮਗਰ ਅਗਲਾ ਜਹਾਨ,
ਸਭ ਵਹਿਮ ਗਮਾਨ!
ਏਹ ਜੀਵਨ ਰੱਜ ਹੰਢਾਓ
ਤੇ ਖ਼ੌਫ਼ਾਂ ਨੂੰ ਮਗਰੋਂ ਲਾਹੋ!

ਪੰਡਤ, ਪਾਦਰੀ, ਮੌਲਵੀ ਤੇ ਸੰਤ ਓਹਦੇ ਖ਼ਿਲਾਫ਼ ਪਰ ਕੁਝ ਹਮਾਤੜ ਅਛੂਤਾਂ ਓਹਨੂੰ ਗੁਰੂ ਮੰਨ ਲਿਆ, ਓਹਦੀ ਸੇਵਾ ਤੇ ਟਹਿਲ ਟਕੋਰ ਹੋਵਣ ਲੱਗ ਪਈ। ਮੰਨਣਹਾਰ ਭਾਵੇਂ ਮਾੜੇ ਪਰ ਆਪਣੇ ਸਤਿਗੁਰ ਦੇ ਖਾਵਣ ਪਾਵਣ, ਹੁੱਕੇ-ਤੰਬਾਕੂ ਤੇ ਭੰਗ ਪੋਸਤ ਦਾ ਪ੍ਰਬੰਧ ਕਰੀ ਰੱਖਣ, ਜਿਹੜਾ ਆਪਣੇ ਵਿਚਾਰ ਪਰਚਾਰਦਾ ਫਿਰੇ, ਅੱਗੇ ਅੱਗੇ ਗੁਰੂ ਮਸਤਾ ਤੇ ਪਿੱਛੇ ਪਿੱਛੇ ਓਹਦੇ ਦੋ ਚੇਲੇ, ਜਵਾਹਰ ਤੇ ਫ਼ਕੀਰੀਆ, ਜਿਨ੍ਹਾਂ ਨੂੰ ਓਹਨੇ ਪੜ੍ਹਨਾ ਲਿਖਣਾ ਸਿਖਾਇਆ। ਪਰਦੇਸੀ ਮਿਸ਼ਨਰੀ ਸਕਾਟ ਨਾਲ ਟਾਕਰਾ ਹੋਇਆ, ਜੀਹਦੀਆਂ ਦਲੀਲਾਂ ਨਾਲ ਸਿਰ ਫਿਰਿਆ ਮਸਤਾ ਆਪ ਨਾ ਢੱਠਾ, ਪਰ ਬਿਨ ਤਨਖ਼ਾਹੋਂ ਨੌਕਰ, ਓਹਦੇ ਦੋਵੇਂ ਚੇਲੇ, ਪ੍ਰਾਹੁਣਾਚਾਰੀ ਕਰਦਿਆਂ ਗੋਰੇ ਮਿਸ਼ਨਰੀ ਸਕਾਟ ਦੀਆਂ ਗੱਲਾਂ ਵਿੱਚ ਆ ਕੇ ਆਪਣੇ ਗੁਰੂ ਨੂੰ ਛੱਡ ਗਏ। ਪਰਤੇ ਓਦੋਂ ਜਦੋਂ ਓਹ, ਜਵਾਹਰ ਮਸੀਹ ਤੇ ਫ਼ਕੀਰੀਆ ਮਸੀਹ, ਦੋਨਾਂ ਪਾਦਰੀਆਂ ਨੂੰ ਮਹੀਨੇ ਦੀ ਨਕ.ਦ ਤਨਖ਼ਾਹ ਮਿਲੇ। ਅੱਜ ਤਾਈਂ ਅਛੂਤਾਂ ਦੀ ਤਲੀ ਉਤੇ ਪੈਸਾ ਅਣਹੋਣੀ ਗੱਲ, ਇਲਾਕੇ ਵਿੱਚ ਧੁੰਮ ਪੈ ਗਈ: ਲਹਿਰਾਂ ਬਹਿਰਾਂ, ਦਰਿਆਓਂ ਨਹਿਰਾਂ ਇਹ ਗਾਉਣ ਆਮ ਹੋਇਆ। ਬੇਰੁਜ਼ਗਾਰ ਕੋਈ ਭੁੱਖਾ ਕਿਓਂ ਮਰੇ, ਨਹਿਰਾਂ ਦੀ ਖਦਾਈ ਲਈ ਮਜ਼ਦੂਰਾਂ ਦੀ ਭਰਤੀ ਖੁੱਲ੍ਹੀ। ਓਧਰੋਂ ਲਹਿੰਦੇ ਪੰਜਾਬ ਵਿੱਚ ਕਨਾਲ ਕਲੋਨੀਆਂ ਵੱਸਣ ਦਾ ਸੁਨੇਹਾ ਆਇਆ, ਜਿੱਥੇ ਜ਼ਮੀਨਾਂ ਦੀ ਆਬਾਦਕਾਰੀ ਲਈ ਸਿਆਲਕੋਟੀਆਂ ਨੂੰ ਵੀ ਮੁਰੱਬੇ ਮਿਲਣੇ- ਪਾਦਰੀ ਆਈ ਡੀ ਸ਼ਹਿਬਾਜ਼ ਏਥੇ ਰੁਕਣਾ ਚਾਹਿਆ ਪਰ ਯਾਦਾਂ ਦੀ ਨਹਿਰ ਵਗਦੀ ਗਈ- ਨਹਿਰਾਂ ਤੇ ਮਜ਼ਦੂਰੀ ਕਰਦੇ ਮਾੜੇ ਮਸਕੀਨ ਕਿਰਨੇ ਜਿਹੜੇ ਕਦੀ ਜ਼ਮੀਨਦਾਰਾਂ ਦੇ ਕਾਮੇ ਰਹੇ, ਮਸੀਹੀ ਹਾਕਮਾਂ ਦੀ ਬਾਦਸ਼ਾਹੀ ਅੰਦਰ ਕੈਨਾਲ ਕਾਲੋਨੀਆਂ ਵਿੱਚ ਭੋਂਏ ਦੀ ਆਸ ਲਾਈ ਬੈਠੇ। ਕਿਰਨਿਆਂ ਰਲ ਕੇ ਟੋਲੀਆਂ ਵਿੱਚ ਪਾਦਰੀਆਂ ਜਵਾਹਰ ਮਸੀਹ ਤੇ ਫ਼ਕੀਰੀਆ ਮਸੀਹ ਨੂੰ ਮਿਲ ਕੇ ਭੋਏਂ ਦੀ ਮੰਗ ਕੀਤੀ। ਇਹ ਦੁਨੀਆਂਦਾਰੀ ਦੇ ਮਾਮਲੇ, ਨਵੇਂ ਤੇ ਨਿੱਕੇ ਪਾਦਰੀ, ਜਵਾਹਰ ਮਸੀਹ ਤੇ ਫ਼ਕੀਰੀਆ ਮਸੀਹ ਓਹਨਾਂ ਦੀ ਕੀ ਮਦਦ ਕਰਦੇ- ਓਹ ਪੁਰਾਣੇ ਤੇ ਵੱਡੇ ਪਾਦਰੀ ਅਹਿਸਾਨ ਉੱਲਾਹ ਨੂੰ ਮਿਲੇ ਜਿਹਨੇ ਕਿਰਨਿਆਂ ਵੱਲੋਂ ਅੰਗਰੇਜ਼ੀ ਵਿੱਚ ਕਾਲੋਨੀ ਅਫ਼ਸਰ ਨੂੰ ਚਿੱਠੀ ਪਾਈ ਜਿਹਦਾ ਜਵਾਬ ਏਹ ਆਇਆ : 'No, because you untouchables are not classed as agriculturists.'

ਪਾਦਰੀ ਅਹਿਸਾਨ ਉੱਲਾਹ, ਪਾਦਰੀ ਜਵਾਹਰ ਮਸੀਹ ਤੇ ਪਾਦਰੀ ਫ਼ਕੀਰੀਆ ਮਸੀਹ ਨਿੰਮੋਝਾਣ ਸੋਚੇ ਪਏ ਕਿ ਓਹ ਕਿਵੇਂ ਕਰਿਸਚਨ ਅੰਗਰੇਜ਼ ਸਰਕਾਰ ਦਾ ਇਨਕਾਰ ਕਿਰਨਿਆਂ ਨੂੰ ਦੱਸਣ, ਜਿਹੜੇ ਮਸੀਹੀ ਹੋ ਕੇ ਵੀ ਅਛੂਤ ਰਹੇ- ਜਦੋਂ ਕਿ ਜਿਹੜੇ ਜ਼ਮੀਨਦਾਰ ਮਸੀਹੀ ਹੋਏ, ਓਹ ਮੁਸਲਮਾਨ, ਹਿੰਦੂ ਤੇ ਸਿੱਖ ਜ਼ਮੀਨਦਾਰਾਂ ਵਾਂਗੂੰ- ਘੋੜੀਪਾਲ, ਮੁਰੱਬਿਆਂ ਦੇ ਹੱਕ.ਦਾਰ। ਪਾਦਰੀ, ਸਵਾਲੀ ਕਿਰਨਿਆਂ ਅੱਗੇ ਨਿਗੱਲੇ ਹੋ ਖਲੋਤੇ- ਹਟਕੋਰੇ ਲੈਂਦਿਆਂ, ਪਾਦਰੀ ਆਈ ਡੀ ਸ਼ਹਿਬਾਜ਼ ਦੇ ਸੰਘ ਵਿੱਚ ਹੋਕਾ ਫਸਿਆ ਕਿ ਰੌਲਾ ਪੈ ਗਿਆ :-

ਮਰਦਾਂ ਹੱਥ ਮੈਦਾਨ,
ਮਰਦਾਂ ਹੱਥ ਮੈਦਾਨ

ਏਹ ਮਸਤੇ ਦੀ ਲਲਕਾਰ ਜਿਹੜਾ ਕਿਰਨਹਾਰਾਂ ਦੀ ਕੁਜਾਕੀ ਨੂੰ ਕੋਝੀ ਕਰਤੂਤ ਕਹਿ ਕੇ ਭੰਡਦਾ ਫਿਰੇ ਤੇ ਕਾਲੇ ਕਿੱਕਰ ਦਾ ਸੱਜਰਾ ਘੜਾਇਆ ਕਿੱਲਾ ਹੁਲਾਂਦਾ ਜਾ ਰਹਿਆ,

'ਜਿਹਨੇ ਪੜਵਾਣੀ, ਪਿੜ ਵਿੱਚ ਆਵੇ।'

ਓਹ ਏਸ ਸ਼ਰਾਰਤ ਰਾਹੀਂ ਪਾਦਰੀ ਜਵਾਹਰ ਮਸੀਹ ਤੇ ਫ਼ਕੀਰਿਆ ਮਸੀਹ ਨੂੰ ਚੋਂਬੜ ਰਹਿਆ ਜਿਹੜੇ ਕਿਰਨਿਆਂ ਲਈ ਭੋਏਂ ਦੇ ਕਿੱਲੇ ਮੰਗਣ ਗਏ। ਪਾਦਰੀਆਂ ਨੂੰ ਠੁੱਠ ਛਿੱਬੀ ਵਖਾਂਦਾ ਮਸਤਾ, ਪਾਦਰੀ ਆਈ ਡੀ ਸ਼ਹਿਬਾਜ਼ ਨੂੰ ਉੱਕਾ ਚੰਗਾ ਨਾ ਲੱਗਾ ਪਰ ਲੱਕੜ ਦੇ ਕਿੱਲੇ ਓਹਦੀਆਂ ਯਾਦਾਂ ਨੂੰ ਕੁਤਕਤਾੜੀ ਜ਼ਰੂਰ ਕੱਢੀ ਤੇ ਯਾਦਾਂ ਦੀ ਅਖ਼ਬਾਰ ਅਗਲੀ ਖ਼ਬਰ :

ਲੁਧਿਆਣੇ ਤੇ ਸਿਆਲਕੋਟ ਯਤੀਮਖ਼ਾਨੇ ਉੱਸਰ ਰਹੇ।

'ਯਤੀਮ ਕਿੱਥੇ ?' ਮਸਤਾ, ਪਾਦਰੀ ਜਵਾਹਰ ਮਸੀਹ ਤੇ ਪਾਦਰੀ ਫ਼ਕੀਰੀਆ ਨੂੰ ਛੇੜਦਿਆਂ ਇੰਝ ਪੁੱਛੇ ਜਿਵੇਂ ਓਹਨੇ ਇਹ ਬੁਝਾਰਤ ਬੁੱਝੀ ਹੋਈ। ਏਧਰੋਂ ਯਤੀਮ ਖ਼ਾਨੇ ਛੱਤੇ ਗਏ, ਓਧਰੋਂ 1901 ਦਾ ਕਾਲ ਪੈ ਗਿਆ। ਘਰਾਂ ਦੇ ਘਰ ਉੱਜੜ ਗਏ, ਟੱਬਰਾਂ ਦੇ ਟੱਬਰ ਪਿੰਜਰ ਹੋ ਕੇ ਰੁਲਦੇ ਫਿਰਨ। ਭੁੱਖਾਂ ਦੁੱਖਾਂ ਦੀ ਰੁੱਤ, ਰੱਜੇ ਰੁੱਖੇ ਹੋ ਗਏ। **(ਚਲਦਾ)**

# ਕਾਵਿ ਸੰਸਾਰ

## ਗ਼ਜ਼ਲ

ਰਣਜੀਤ
(6283579412)

ਬੱਦਲਾਂ ਜਦ ਸਵਾਰੀ ਦਿੱਤੀ
ਰੂਹ ਸਾਡੀ ਠਾਰ ਈ ਦਿੱਤੀ

ਜੰਗਲ ਨੇ ਸਾਨੂੰ ਲੱਕੜ ਬਖ਼ਸ਼ੀ
ਅਸੀਂ ਜੰਗਲ ਨੂੰ ਆਰੀ ਦਿੱਤੀ

ਜਿੱਤਦੇ ਜਿੱਤਦੇ ਓਹਦੀ ਖਾਤਰ
ਸਾਰੀ ਬਾਜ਼ੀ ਹਾਰ ਈ ਦਿੱਤੀ

ਪਹਿਲਾਂ ਇਸ਼ਕ ਉਜਾੜਿਆ ਸਾਨੂੰ
ਦੂਜੀ ਉਮਰ ਕੁਆਰੀ ਦਿੱਤੀ

ਰਾਤੀਂ ਮੈਨੂੰ ਦਰਦ ਲਿਖਣ ਦੀ
ਸ਼ਿਵ ਨੇ ਜ਼ਿੰਮੇਵਾਰੀ ਦਿੱਤੀ

## ਦਿਨ ਇੰਝ ਹੀ ਬੀਤ ਗਿਆ

ਪਰਮਿੰਦਰ ਸੋਢੀ

ਦਿਨ ਇੰਝ ਹੀ ਗੁਜ਼ਰ ਗਿਆ,
ਜਿਵੇਂ ਨਦੀ ਕਿਨਾਰੇ ਬੈਠਾ,
ਕੋਈ ਦੇਖਦਾ ਰਹੇ,
ਵਹਿੰਦੀ ਜਾਂਦੀ ਸੁੱਕੀ ਲਕੜੀ ਨੂੰ ...।
ਜਿਵੇਂ ਕੋਈ ਜੋਗੀ,
ਦੂਰ ਇਕਾਂਤ 'ਚ ਬੈਠਾ,
ਗਿਣਦਾ ਰਹੇ ਆਪਣੇ ਸਾਹ।
ਜਿਵੇਂ ਕੋਈ ਬਿਰਧ ਔਰਤ,
ਪਿਆਰ 'ਚ ਡੁੱਬੇ ਜੋੜਿਆਂ ਕੋਲੋਂ
ਲੰਘ ਜਾਵੇ ਚੁੱਪ ਚਾਪ ...,
ਦਿਨ ਇੰਝ ਹੀ ਗੁਜ਼ਰ ਗਿਆ
ਜਿਵੇਂ ਕੋਈ ਹੋਇਆ ਨਾ ਹੋਇਆ...।
ਜੀਵ ਕੋਈ ਸੁੰਨ ਗਲੀ 'ਚੋਂ
ਸਿਖਰ ਦੁਪਹਿਰੇ,
ਇਧਰੋਂ ਉਧਰ ਚਲੇ ਗਿਆ...।
ਨਾ ਕੋਈ ਗੀਤ, ਨਾ ਕੋਈ ਮੇਲ,
ਪੰਛੀ ਕੋਈ,
ਇਸ ਬਿਰਖ ਤੋਂ ਉੱਡਕੇ
ਉਸ ਬਿਰਖ 'ਤੇ ਜਾ ਬਿਹਾ...।
ਨਾ ਕੁਝ ਪਾਇਆ, ਨਾ ਕੁਝ ਖੋਇਆ,
ਹੁਣੇ ਹੁਣੇ ਕੋਈ ਆਇਆ ਸੀ ,
ਅਤੇ ਹੁਣੇ ਚਲਾ ਗਿਆ...।
ਕੋਈ ਮੁੱਕਦਾ-ਮੁੱਕਦਾ,
ਆਖਰ ਮੁੱਕ ਗਿਆ,
ਸੋਚਦਿਆਂ ਹੀ ਸੋਚਦਿਆਂ,
ਦਿਨ ਇੰਝ ਹੀ ਗੁਜ਼ਰ ਗਿਆ..।

## ਕਵਿਤਾ

ਜਗਦੀਪ ਸਿੰਘ ਫ਼ਰੀਦਕੋਟ

ਏਹਦੇ ਉੱਤੇ ਧਾੜਾਂ ਵੀ ਚੜ੍ਹ ਚੜ੍ਹ ਕੇ ਆਈਆਂ,
ਉਹ ਅੰਗਾਂ ਤੂਫ਼ਾਨਾਂ ਤੇ ਝੱਖੜਾਂ ਦੀਆਂ ਜਾਈਆਂ,
ਸੀ ਦਬਕੇ ਵੀ ਮਾਰੇ ਡਰਾਵੇ ਵੀ ਦਿੱਤੇ,
ਇਹ ਡਰਦੀ ਨਹੀਂ ਹੈ ਆਜ਼ਾਦਾਂ ਦੀ ਬੋਲੀ।
ਇਹ ਰਬਾਬਾਂ ਤੇ ਖ਼ਾਬਾਂ ਤੇ ਢਾਬਾਂ ਦੀ ਬੋਲੀ,
ਇਹ ਨਿਰਮਲ ਤੇ ਸੁੱਚੀ ਪੰਜਾਬਾਂ ਦੀ ਬੋਲੀ।

ਇਹ ਓਅੰਕਾਰੋਂ ਨਿੱਕਲੀ ਤੇ ਨਾਥਾਂ ਨੇ ਬੋਚੀ,
ਇਹ ਬਾਬੇ ਨੇ ਪਾਲੀ ਤੇ ਬਣਤਰ ਸਵਾਰੀ,
'ਖੰਡੂਰੀ' ਜੋ ਬੈਠੇ ਗੁਰੂ ਦੇ ਦਵਾਰੇ,
ਇਹ ਬਾਲਾਂ ਦੀਆਂ ਕਲਮਾਂ 'ਚੋਂ ਫੱਟੀ 'ਤੇ ਆਈ।
ਇਹ ਸ਼ੱਕਰ ਤੇ ਮਿਸ਼ਰੀ ਜਹੀ ਮਿੱਠੀ ਬੜੀ ਏ,
ਇਹ ਰਸ ਬਣਕੇ ਘੁਲਦੀ ਏ ਆਬਾਂ ਦੀ ਬੋਲੀ,

ਸੁਗੰਧਾਂ ਬਿਖੇਰੇ ਚਹੁ ਪਾਸੇ ਮਹਿਕਾਵੇ,
'ਹਰਿਮੰਦਰ' ਖਿਲੇ ਹੋਏ ਗੁਲਾਬਾਂ ਦੀ ਬੋਲੀ।
ਇਹ ਰਬਾਬਾਂ ਤੇ ਖ਼ਾਬਾਂ ਤੇ ਢਾਬਾਂ ਦੀ ਬੋਲੀ,
ਇਹ ਨਿਰਮਲ ਤੇ ਸੁੱਚੀ ਪੰਜਾਬਾਂ ਦੀ ਬੋਲੀ।

## ਕੀ ਇਹ ਛੋਟੀ ਗੱਲ ਹੈ

ਸੇਵਕ ਸਿੰਘ

ਕੀ ਇਹ ਛੋਟੀ ਗੱਲ ਹੈ ?
ਤੂੰ ਇਸ ਧਰਤੀ ਤੇ ਹੈਂ,
ਮੈਂ ਇਸ ਧਰਤੀ ਤੇ ਹਾਂ,
ਤੂੰ ਮੈਂ, ਦੋਵੇਂ
ਇਸ ਕਾਲ 'ਚ ਹਾਂ,
ਕੀ ਇਹ ਵੀ ਛੋਟੀ ਗੱਲ ਹੈ ?
ਮੈਂ ਹੁਣੇ ਉਸੇ ਹਵਾ ਚੋਂ ਸਾਹ ਲਿਆ,
ਜਿਸ ਚੋਂ ਤੂੰ ਘੁੱਟ ਭਰ ਰਿਹਾ ਏਂ,
ਇਹ ਚੜ੍ਹਦਾ ਛਿਪਦਾ,
ਇਹ ਚੰਦ ਤਾਰੇ,
ਵੇਖਦਾ ਵੇਖਦਾ ਮੈਂ ਸੋਚਦਾਂ,
ਤੇਰੀ ਨਜ਼ਰ ਵੀ ਤੇ ਪੈਂਦੀ ਹੋਊ ਇਨ੍ਹਾਂ ਤੇ,
ਇਹ ਮੇਘ, ਇਹ ਕਿਰਮਚੀ,
ਇਹ ਟਾਹਣੀ ਟਾਹਣੀ ਬਿਰਖ ਬਿਰਖ ਬੈਠੇ ਪੰਛੀ,
ਮੈਨੂੰ ਵੀ ਉਹੀ ਗੀਤ ਸੁਣਾ ਰਹੇ ਨੇ,
ਜੋ ਤੈਨੂੰ ਸੁਣਾ ਕੇ ਆਏ ਸਨ,
ਤੇ ਕੀ ਇਹ ਛੋਟੀ ਗੱਲ ਆ ਪਿਆਰੇ ?
ਜਦੋਂ ਆਪਾਂ ਅਕਾਸ਼ ਵੱਲ ਬਾਹਵਾਂ ਫੈਲਾਈਏ,
ਵਿਚਾਲੇ ਕੋਈ ਦਿਵਾਰ ਨਹੀਂ ਆਉਂਦੀ।

## ਮੇਰੀ ਮਾਂ-ਬੋਲੀ ਪੰਜਾਬੀ

ਗਗਨਦੀਪ ਕੌਰ ਧਾਲੀਵਾਲ



ਮੇਰੀ ਮਾਂ-ਬੋਲੀ ਪੰਜਾਬੀ,
ਜਿਸ ਦੀ ਟੌਹਰ ਨਵਾਬੀ।
ਇਹ ਦਾ ਵਿਰਸਾ ਬੜਾ ਮਹਾਨ ,
ਮਾਂ-ਬੋਲੀ ਮੇਰੀ ਜਾਨ।
ਇਸ ਨਾਲ ਹੀ ਮੇਰੀ ਪਹਿਚਾਣ,
ਸਾਰੀ ਦੁਨੀਆਂ 'ਚ ਇਹਦੀ ਉੱਚੀ ਸ਼ਾਨ।
ਮਿੱਠੀ-ਮਿੱਠੀ ਇਹ ਦਿਲ ਦੀ ਬੋਲੀ,
ਨੱਚੇ ਟੱਪੇ ਜਦ ਡਗਾ ਲਾਵੇ ਢੋਲੀ।
ਹਵਾਵਾਂ ਦੇ ਨਾਲ ਰਲ ਰਸ ਘੋਲੇ,
ਗੁੱਝੇ ਭੇਦ ਦਿਲਾਂ ਦੇ ਖੋਲੇ।
ਗੁਰੂਆਂ ਨੇ ਰਚੀ ਇਸ ਵਿੱਚ ਬਾਣੀ,
ਜਿਸ ਨੂੰ ਸਤਿਕਾਰ ਨਾਲ ਪੜ੍ਹਨ ਪ੍ਰਾਣੀ।
ਇਸਦੀ ਸੁਗੰਧ ਮਿੱਠੀ ਗੁਲਾਬ ਤੋਂ,
ਸਤਲੁਜ ਰਾਗ ਸੁਣੇ ਰਾਵੀ, ਚਨਾਬ ਤੋਂ ।
ਮਾਂ-ਬੋਲੀ ਦਾ ਦਿਲੋਂ ਕਰਾਂ ਸਤਿਕਾਰ,
'ਗਗਨ' ਮਾਂ ਬੋਲੀ ਨੂੰ ਕਰੇ ਪਿਆਰ।

## ਮਾਂ ਬੋਲੀ

ਬਾਬੂ ਫ਼ੀਰੋਜ਼ਦੀਨ ਸ਼ਰਫ਼



ਮੁੱਠਾਂ ਮੀਟ ਕੇ ਨੁੱਕਰੇ ਹਾਂ ਬੈਠੀ
ਟੁੱਟੀ ਹੋਈ ਰਬਾਬ ਰਬਾਬੀਆਂ ਦੀ
ਪੁੱਛੀ ਬਾਤ ਨਾ ਜਿਨ੍ਹਾਂ ਨੇ ਸ਼ਰਫ਼ ਮੇਰੀ
ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ
ਵੇ ਮੈਂ ਬੋਲੀ ਹਾਂ ਉਨ੍ਹਾਂ ਪੰਜਾਬੀਆਂ ਦੀ

## ਜੰਗ ਜਾਰੀ ਹੈ ਮਾਂ ਬੋਲੀਆਂ ਦੀ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ ਯੂ.ਕੇ.

ਜੰਗ ਜਾਰੀ ਹੈ ਮਾਂ ਬੋਲੀਆਂ ਦੀ,
ਕੁਬੋਲੀਆਂ ਦੀ, ਰੌਲ਼ ਘਚੌਲੀਆਂ ਦੀ।
ਸਲੀਕੇ ਵਿੱਚ ਭਿੱਜੇ ਸ਼ੁੱਧ ਤਰਕਾਂ ਦੀ,
ਧੱਕੜ, ਅੜਬ, ਬਦਬਖਤ ਟੋਲੀਆਂ ਦੀ।
ਮੈਂ ਅਤੇ ਮੇਰੀ ਮਾਂ ਦੇ ਚੱਕਰ ਵਿੱਚ,
ਇੱਕ ਦੂਜੇ ਨੂੰ ਕਈ ਨੇ ਢਾਉਂਦੇ।
ਪੈਰ ਪੈਰ 'ਤੇ ਦਾਅ ਬਦਲ ਕੇ,
ਚੱਕਰ ਕਈ ਨਿੱਤ ਨਵੇਂ ਚਲਾਉਂਦੇ।
ਪੇਟ ਤੇ ਸ਼ੋਹਰਤ ਦੀ ਭੁੱਖ ਖ਼ਾਤਰ,
ਬੋਲੀਆਂ ਦੀ ਹੁੰਦੀ ਝੌਲੀ ਦੇਖੀ।
ਸੱਭਿਆਚਾਰਕ ਪਾਖੰਡ ਦੇ ਪਿੱਛੇ,
ਮਖੌਟੇ ਪਾ ਫਿਰਦੇ ਕਈ ਭੇਖੀ।
ਸ਼ਬਦਾਂ ਦੀ ਘੁਸਪੈਠੀ ਸਾਜ਼ਿਸ਼,
ਬਣ ਗਈ ਹੈ ਦੁਨੀਆ ਦਾ ਧੰਦਾ।
ਮਾਂ ਬੋਲੀ ਨੂੰ ਪਲੀਤ ਕਰਨ ਵਿੱਚ,
ਮਿੰਟ ਨਹੀਂ ਲਾਉਂਦਾ ਕੋਈ ਕੋਈ ਬੰਦਾ।
ਮਾਵਾਂ ਨਾਲ ਕਈ ਪੁੱਤ ਵਿਆਹੇ,
ਮਾਂ ਬੋਲੀ ਵਿੱਚ ਮਿਲ ਜਾਂਦੇ ਨੇ।
ਢੀਠਪੁਣੇ ਦੀ ਹੱਦ ਤੱਕ ਪਹੁੰਚੇ,
ਸੱਚੀ ਗੱਲ ਤੋਂ ਚਿੜ੍ਹ ਜਾਂਦੇ ਨੇ।
ਦੁਬਿਧਾ ਵਿੱਚ ਹੈ ਦੁਨੀਆ ਬਹੁਤੀ,
ਕਿਹਨੂੰ ਮਾਂ, ਕਿਹਨੂੰ ਮਾਸੀ ਕਹੀਏ।
ਕਿਸ ਮਾਂ ਨੂੰ ਅੱਜ ਤਖਤ ਬਿਠਾਈਏ,
ਅਤੇ ਕਿਸ ਨੂੰ ਕਿਸ ਦੀ ਦਾਸੀ ਕਹੀਏ।
ਪਿਆਰੀਆਂ ਨੇ ਸਪੂਤਾਂ ਨੂੰ ਮਾਵਾਂ,
ਨੰਗੇ ਧੜ ਜੋ ਸਦਾ ਹੀ ਲੜਦੇ।
ਹਰ ਮੰਜ਼ਿਲ ਅਤੇ ਮਰਹਲੇ ਉੱਤੇ,
ਬਾਜ਼ੀ ਮਾਰਨ ਲਈ ਜਾ ਖੜ੍ਹਦੇ।
ਲੋੜ ਹੈ ਐਸੇ ਜਾਂਬਾਜ਼ਾਂ ਦੀ,
ਸਿਰ ਧਰ ਤਲੀ ਗਲੀ ਜੋ ਆਵਣ।
ਮਾਂ ਪ੍ਰੇਮ ਦੇ ਜਜ਼ਬੇ ਉੱਤੇਂ,
ਮੁੜ ਮੁੜ ਕੇ ਕੁਰਬਾਨ ਹੋ ਜਾਵਣ।
ਅੱਜ ਲੋੜ ਹੈ ਅਹਿਦ ਕਰਨ ਦੀ,
ਕਈ ਮੁਹਾਜ਼ਾਂ ਉੱਤੇ ਲੜਨ ਦੀ।
ਮਾਂ ਬੋਲੀ ਦੀ ਸ਼ੁੱਧਤਾ ਖ਼ਾਤਰ,
ਸ਼ਬਦੀ ਜੰਗ ਨੂੰ ਤੇਜ਼ ਕਰਨ ਦੀ।

## ਨਾਨਕ

ਸੁਰਜੀਤ ਪਾਤਰ



ਭਾਗੋ, ਸੱਜਣ, ਵਲੀ ਕੰਧਾਰੀ,
ਤਿੰਨਾਂ ਮਿਲ਼ ਕੇ ਜੁਗਤ ਵਿਚਾਰੀ,
ਨਾਨਕ ਨਾਮ ਨੂੰ ਵੇਚਣ ਚੱਲੇ,
ਸਭਨਾਂ ਮਿਲ਼ ਕੇ ਕਰੀ ਤਿਆਰੀ,
ਨਾਨਕ ਗੱਡੀ ਵਿਚ ਚੜ੍ਹਾ ਕੇ,
ਉਧਰੋਂ ਚੱਲ ਕੇ ਏਧਰ ਆ ਕੇ,
ਪਿੰਡ ਪਿੰਡ ਨਾਨਕ ਖ਼ੂਬ ਘੁਮਾਇਆ,
ਬੋਰਿਆਂ ਦੇ ਵਿਚ ਭਰ ਲੀ' ਮਾਇਆ,
ਨਾਨਕ ਬੰਦ ਕਾਰ ਵਿਚ ਕਰਿਆ,
ਬੈਠਾ ਸੋਚਾਂ ਦੇ ਵਿਚ ਖੋਇਆ,
ਸਾਦੇ ਕੱਪੜੇ ਪੈਰ ਖੜਾਵਾਂ,
ਪੈਰਾਂ ਤੀਕ ਪਸੀਨਾ ਚੋਇਆ,
ਜਾਪੇ ਕਿਸੇ ਸਫ਼ਰ ਤੋਂ ਮੁੜਿਆ,
ਗੋਸ਼ਟ ਕੋਈ ਰਚਾ ਕੇ ਆਇਆ,
ਜਾ ਮਿੱਟੀ ਨਾਲ਼ ਮਿੱਟੀ ਹੁੰਦਾ,
ਹਲ਼ ਖੇਤਾਂ ਵਿਚ ਵਾਹ ਕੇ ਆਇਆ,
ਗੱਡੀ ਵਿੱਚੋਂ ਬਾਹਰ ਵੇਂਹਦਾ,
ਤੱਕ ਦੁਨੀਆ ਦੇ ਰੰਗ ਤਮਾਸ਼ੇ,
ਨਾਨਕ ਸੋਚਾਂ ਦੇ ਵਿਚ ਖੋਇਆ,
ਨਾਨਕ ਡ਼੍ਰਾਢਾ ਚਿੰਤਤ ਜਾਪੇ,
ਕੌਣ ਇਹ ਨੇ ਚਿਮਟਿਆਂ ਵਾਲ਼ੇ,
ਕਾਲ਼ੇ ਦਿਲ ਤੇ ਬੀਬੇ ਦਾਹੜੇ,
ਜਾਪਣ ਕਮਲ਼ੇ ਅਤੇ ਸ਼ੁਦਾਈ,
ਨਾਂ ਮੇਰੇ 'ਤੇ ਕਰਨ ਕਮਾਈ,
ਕਿਉਂ ਫਿਰਦੇ ਇਹ ਬੰਬ ਚਲਾਉਂਦੇ,
ਧੂੰਆਂ ਅੰਬਰ ਤੀਕ ਚੜ੍ਹਾਉਂਦੇ,
ਪਵਨ ਗੁਰੂ ਤੇ ਪਿਤਾ ਹੈ ਪਾਣੀ,
ਨਾਲ਼ੋਂ ਨਾਲ਼ ਪਏ ਨੇ ਗਾਉਂਦੇ,
ਕਿਉਂ ਇਹ ਹੱਥੀਂ ਕਿਰਤ ਨਾ ਕਰਦੇ,
ਵੰਡ ਛਕਣ ਤੋਂ ਕਾਹਤੋਂ ਡਰਦੇ,
ਮੇਰੇ ਪੈਰੋਕਾਰ ਕਹਾਉਂਦੇ,
ਤਸਵੀਰਾਂ 'ਤੇ ਭੋਗ ਲਗਾਉਂਦੇ,
ਮੈਂ ਕੋਈ ਐਸਾ ਭਰਮ ਨਾ ਘੜਿਆ,
ਮੈਂ ਕੋਈ ਵੱਖਰਾ ਧਰਮ ਨਾ ਘੜਿਆ,
ਮੇਰਾ ਬਾਲਾ ਤੇ ਮਰਦਾਨਾ,
ਕਰ ਲਏ ਅੱਡ ਸਿਆਸਤਦਾਨਾਂ,
ਉੱਚਾ ਇਕ ਧਮਾਕਾ ਸੁਣ ਕੇ,
ਝੱਟ ਮੈਂ ਸੁੱਤਾ ਉਠ ਖਲੋਇਆ,
ਨੀਂਦਰ, ਸੁਪਨਾ ਦੋਵੇਂ ਟੁੱਟੇ,
ਭੱਜ ਦਰਾਂ ਦੇ ਵੱਲ ਨੂੰ ਹੋਇਆ,
ਸੁਬਾਹ ਸਵੇਰੇ ਅੰਮ੍ਰਿਤ ਵੇਲ਼ੇ,
ਵਾਹਵਾ ਚੀਕ-ਚਿਹਾੜਾ ਪਾਇਆ,
ਬੰਬ, ਪਟਾਕੇ, ਮੋਟਰ ਗੱਡੀਆਂ,
ਧੂੰਆਂ ਅੰਬਰ ਤੀਕ ਚੜ੍ਹਾਇਆ,
ਢੋਲਕੀਆਂ ਦੀ ਡਮ-ਡਮ ਵਿੱਚੋਂ,
ਉੱਚਾ ਕਿਸੇ ਜੈਕਾਰਾ ਲਾਇਆ,
ਉੱਠੋ ਦਰਸ਼ਨ ਕਰ ਲੋ', ਪਰਲੇ,
ਪਾਰੋਂ ਨਗਰ ਕੀਰਤਨ ਆਇਆ,
ਕਈ ਹਜ਼ਾਰਾਂ ਦੀ ਗਿਣਤੀ ਵਿਚ,
ਸੰਗਤ ਪੈਦਲ ਚਲਦੀ ਪਈ ਏ,
ਭੀੜ-ਭੜੱਕਾ ਡ਼੍ਰਾਢਾ ਏ ਪਰ,
ਨਾਨਕ ਇਨ੍ਹਾਂ ਨਾਲ ਨਹੀਂ ਏ,
ਨਾਨਕ ਸਦਾ ਸਿਦਕ 'ਤੇ ਖੜਿਆ,
ਨਾਨਕ ਕਦੋਂ ਕਿਸੇ ਨੇ ਫੜਿਆ,
ਨਾਨਕ ਮਰੀ ਜ਼ਮੀਰ ਨਹੀਂ ਏ,
ਨਾਨਕ ਮਹਿਜ਼ ਸ਼ਰੀਰ ਨਹੀਂ ਏ,
ਨਾਨਕ ਹੈ ਇਕ ਸੋਚ ਨਿਰਾਲੀ,
ਨਾਨਕ ਮਜ਼ਲੂਮਾਂ ਦਾ ਵਾਲੀ,
ਕਤਲ ਜਦੋਂ ਕੁਦਰਤ ਦਾ ਹੋਂਦਾ,
ਨਾਨਕ ਓਥੇ ਕਦੋਂ ਖਲੋਂਦਾ,
ਵਿਕਦਾ ਵਾਂਗ ਸਮਾਨ ਨਹੀਂ ਏ,
ਨਾਨਕ ਕੋਈ ਦੁਕਾਨ ਨਹੀਂ ਏ,
ਸੱਚ ਦੇ ਪਾਂਧੀ ਹੋਣਾ ਪੈਂਦਾ,
ਨਾਨਕ ਆਪ ਕਮਾਉਣਾ ਪੈਂਦਾ।

# ਵਿਰਸੇ ’ਚੋਂ ਮਿਲੀ ਕ੍ਰਿਕਟ ਨਾਲ ਸਿਖਰਾਂ ’ਤੇ ਪੁੱਜੀ ਸਮ੍ਰਿਤੀ




ਕਈਆਂ ਨੇ ਇਹ ਸੋਚਿਆ ਨਹੀਂ ਹੁੰਦਾ ਕਿ ਉਨ੍ਹਾਂ ਨੇ ਭਵਿੱਖ ’ਚ ਕੀ ਬਣਨਾ ਹੈ, ਤੇ ਕਈਆਂ ਦੇ ਜੰਮਦਿਆਂ ਹੀ ਸੋਚ ਲਿਆ ਜਾਂਦਾ ਹੈ ਕਿ ਇਹਨੂੰ ਕੀ ਬਣਾਉਣਾ ਹੈ। ਕਈਆਂ ਬਾਰੇ ਵੱਖ-ਵੱਖ ਸੋਚ ਰੱਖੀ ਜਾਂਦੀ ਹੈ। ਅਜਿਹਾ ਹੀ ਭਾਰਤੀ ਕ੍ਰਿਕਟ ਟੀਮ ਦੀ ਖਿਡਾਰਨ ਸਮ੍ਰਿਤੀ ਮੰਧਾਨਾ ਨਾਲ ਹੋਇਆ ਹੈ।

ਸਮ੍ਰਿਤੀ ਦੇ ਪਿਤਾ ਉਸ ਨੂੰ ਕ੍ਰਿਕਟਰ ਬਣਾਉਣਾ ਚਾਹੁੰਦੇ ਸੀ ਤੇ ਮਾਂ ਟੈਨਿਸ ਖਿਡਾਰਨ ਪਰ ਸਮ੍ਰਿਤੀ ਹੁਣ ਸਟਾਰ ਕ੍ਰਿਕਟਰ ਵਜੋਂ ਉੱਭਰ ਕੇ ਸਾਹਮਣੇ ਆਈ ਹੈ। ਦਰਅਸਲ ਸਮ੍ਰਿਤੀ ਦੇ ਪਰਿਵਾਰ ’ਚ ਉਸਦੇ ਪਿਤਾ ਅਤੇ ਭਰਾ ਕ੍ਰਿਕਟ ਖੇਡਦੇ ਸੀ ਤੇ ਬਾਅਦ ’ਚ ਸਮ੍ਰਿਤੀ ਦੇ ਭਰਾ ਨੇ ਵੀ ਬੱਲਾ ਚੁੱਕਿਆ। ਭਰਾ ਦਾ ਅਖਬਾਰ ’ਚ ਨਾਂਅ ਆਉਂਦਾ ਦੇਖ ਕੇ ਸਮ੍ਰਿਤੀ ਵੀ ਕ੍ਰਿਕਟਰ ਬਣ ਗਈ।

16 ਜੁਲਾਈ 1996 ਨੂੰ ਮੁੰਬਈ ’ਚ ਜਨਮੀ ਸਮ੍ਰਿਤੀ ਮੰਧਾਨਾ ਦੇ ਪਿਤਾ ਦਾ ਨਾਂਅ ਸ੍ਰੀਨਿਵਾਸਨ ਮੰਧਾਨਾ ਅਤੇ ਮਾਂ ਦਾ ਨਾਂਅ ਸਿਮਤਾ ਮੰਧਾਨਾ ਜਦੋਂਕਿ ਭਰਾ ਦਾ ਨਾਂਅ ਸਰਵਣ ਮੰਧਾਨਾ ਹੈ। ਸਮ੍ਰਿਤੀ ਕ੍ਰਿਕਟ ਦੀ ਦੁਨੀਆਂ ’ਚ ਸਭ ਤੋਂ ਪਹਿਲਾਂ ਉਸ ਵੇਲੇ ਚਰਚਾ ’ਚ ਆਈ ਸੀ ਜਦੋਂ ਉਸ ਨੇ ਸਾਲ 2013 ’ਚ ਵੈਸਟ ਜੋਨ ਅੰਡਰ-19 ਟੂਰਨਾਮੈਂਟ ਦੇ ਤਹਿਤ ਮਹਾਂਰਾਸ਼ਟਰ ਅਤੇ ਗੁਜ਼ਰਾਤ ਦੀਆਂ ਟੀਮਾਂ ਦਰਮਿਆਨ ਖੇਡੇ ਗਏ ਇਕ ਰੋਜ਼ਾ ਮੈਚ ’ਚ ਮਹਿਜ 17 ਸਾਲ ਦੀ ਉਮਰ ’ਚ 150 ਗੇਂਦਾਂ ’ਚ 224 ਦੌੜਾਂ ਬਣਾਈਆਂ। ਮਹਿਲਾ ਕ੍ਰਿਕਟ ’ਚ ਕਿਸੇ ਵੀ ਭਾਰਤੀ ਮਹਿਲਾ ਕ੍ਰਿਕਟਰ ਵੱਲੋਂ ਬਣਾਇਆ ਗਿਆ ਇਹ ਪਹਿਲਾ ਦੋਹਰਾ ਸੈਂਕੜਾ ਸੀ ਜੋ ਅੱਜ ਵੀ ਰਿਕਾਰਡ ਹੈ। ਬਚਪਨ ’ਚ ਜਦੋਂ ਸਮ੍ਰਿਤੀ ਦੇ ਪਿਤਾ ਸ੍ਰੀਨਿਵਾਸਨ ਨੇ ਉਨ੍ਹਾਂ ਨੂੰ ਕ੍ਰਿਕਟ ਖਿਡਾਉਣਾ ਸ਼ੁਰੂ ਕੀਤਾ ਤਾਂ ਲੋਕ ਟਿੱਪਣੀਆਂ ਕਰਦੇ ਸੀ ਕਿ ਲੜਕੀਆਂ ਨੂੰ ਕ੍ਰਿਕਟ ਖਿਡਾਉਣ ਦਾ ਕੋਈ ਮਤਲਬ ਨਹੀਂ ਪਰ ਇਸ ਸਭ ਦੇ ਬਾਵਜੂਦ ਇੱਕ ਪਿਤਾ ਨੇ ਆਪਣੀ ਧੀ ਦੀ ਟ੍ਰੇਨਿੰਗ ਜ਼ਾਰੀ ਰੱਖੀ। ਸਮ੍ਰਿਤੀ ਖੱਬੇ ਹੱਥ ਨਾਲ ਬੱਲੇਬਾਜੀ ਕਰਦੀ ਹੈ ਜਦੋਂਕਿ ਆਮ ਜ਼ਿੰਦਗੀ ’ਚ ਉਹ ਬਾਕੀ ਸਾਰੇ ਕੰਮ ਸੱਜੇ ਹੱਥ ਨਾਲ ਕਰਦੀ ਹੈ। ਸਮ੍ਰਿਤੀ ਦੇ ਪਿਤਾ ਇਹੋ ਚਾਹੁੰਦੇ ਸੀ ਕਿ ਉਹ ਖੱਬੇ ਹੱਥ ਨਾਲ ਬੱਲੇਬਾਜ਼ੀ ਕਰੇ ਤੇ ਉਸਨੇ ਉਹੀ ਕਰ ਦਿਖਾਇਆ।

## ਵਿਸ਼ਵ ਕੱਪ ਲਈ ਛੱਡੀ ਸੀ ਪ੍ਰੀਖਿਆ

ਸਮ੍ਰਿਤੀ ਦਾ ਕ੍ਰਿਕਟ ਨਾਲ ਐਨਾਂ ਪਿਆਰ ਹੈ ਕਿ ਜਦੋਂ ਸਾਲ 2014 ’ਚ ਆਈਸੀਸੀ ਮਹਿਲਾ ਵਿਸ਼ਵ ਕੱਪ ਹੋਣਾ ਸੀ ਤਾਂ ਉਦੋਂ ਹੀ ਸਮ੍ਰਿਤੀ ਦੀ 12ਵੀਂ ਜ਼ਮਾਤ ਦੀ ਪ੍ਰੀਖਿਆ ਹੋਣੀ ਸੀ। ਪ੍ਰੀਖਿਆ ਅਤੇ ਕ੍ਰਿਕਟ ’ਚੋਂ ਸਮ੍ਰਿਤੀ ਨੇ ਕ੍ਰਿਕਟ ਨੂੰ ਚੁਣਿਆ ਤਾਂ ਉਹ ਕ੍ਰਿਕਟ ਦੀ ਪ੍ਰੀਖਿਆ ’ਚੋਂ ਸਫਲ ਹੋ ਨਿੱਕਲੀ। ਸਮ੍ਰਿਤੀ ਨੂੰ ਕ੍ਰਿਕਟ ਤੋਂ ਇਲਾਵਾ ਫੁੱਟਬਾਲ, ਟੈਨਿਸ ਦਾ ਵੀ ਸ਼ੌਂਕ ਹੈ। ਉਹ ਰਸੋਈ ’ਚ ਕੁਕਿੰਗ ’ਤੇ ਵੀ ਹੱਥ ਅਜ਼ਮਾਉਂਦੀ ਹੈ।

## ਇੱਕ ਰੋਜ਼ਾ ’ਚ ਦੋਹਰਾ ਸੈਂਕੜਾ ਲਾਉਣ ਵਾਲੀ ਪਹਿਲੀ ਮਹਿਲਾ ਭਾਰਤੀ ਕ੍ਰਿਕਟਰ

ਸਮ੍ਰਿਤੀ ਉਦੋਂ ਸਿਰਫ ਦੋ ਸਾਲ ਦੀ ਸੀ ਜਦੋਂ ਉਸ ਨੇ ਆਪਣੇ ਤੋਂ ਚਾਰ ਸਾਲ ਵੱਡੇ ਭਰਾ ਸਰਵਣ ਨੂੰ ਦੇਖ ਕੇ ਪਲਾਸਟਿਕ ਦਾ ਬੈਟ ਫੜ੍ਹਨਾ ਸ਼ੁਰੂ ਕੀਤਾ ਸੀ। 6 ਸਾਲ ਦੀ ਉਮਰ ’ਚ ਉਸਨੇ ਕ੍ਰਿਕਟ ਦੀ ਟ੍ਰੇਨਿੰਗ ਲੈਣੀ ਸ਼ੁਰੂ ਕਰ ਦਿੱਤੀ। ਸਿਰਫ 9 ਸਾਲ ਦੀ ਉਮਰ ’ਚ ਮਹਾਂਰਾਸ਼ਟਰ ਦੀ ਅੰਡਰ-15 ਅਤੇ 11 ਸਾਲ ਦੀ ਉਮਰ ’ਚ ਅੰਡਰ-19 ਕ੍ਰਿਕਟ ਟੀਮ ’ਚ ਚੁਣੀ ਗਈ। ਸਮ੍ਰਿਤੀ ਇਕੱਲੀ ਅਜਿਹੀ ਖਿਡਾਰਨ ਹੈ ਜਿਸ ਨੇ ਟੀਚੇ ਦਾ ਪਿੱਛਾ ਕਰਦਿਆਂ ਬੱਲੇਬਾਜੀ ਮੌਕੇ 10 ਇਕ ਰੋਜ਼ਾ ਮੈਚਾਂ ’ਚ 50 ਤੋਂ ਵੱਧ ਦੌੜਾਂ ਬਣਾਈਆਂ। ਸਮ੍ਰਿਤੀ 2018 ਅਤੇ 2019 ’ਚ ਆਈਸੀਸੀ ਵੱਲੋਂ ਚੁਣੀ ਗਈ ਤੇ ਟੀ-20 ਟੀਮ ਦਾ ਹਿਸਾ ਰਹੀ। ਇਸ ਤੋਂ ਇਲਾਵਾ 2016, 2018 ਅਤੇ 2019 ’ਚ ਆਈਸੀਸੀ ਵੱਲੋਂ ਚੁਣੀ ਗਈ ਇੱਕ ਰੋਜ਼ਾ ਟੀਮ ’ਚ ਵੀ ਉਸ ਨੂੰ ਸ਼ਾਮਿਲ ਕੀਤਾ ਗਿਆ। ਉਸਨੇ ਭਾਰਤੀ ਟੀਮ ਦੇ ਲਈ 2013 ’ਚ ਟੀ-20 ਤੇ ਇੱਕ ਰੋਜ਼ਾ ਅਤੇ 2014 ’ਚ ਟੈਸਟ ਖੇਡਣਾ ਸ਼ੁਰੂ ਕੀਤਾ। ਸਮ੍ਰਿਤੀ ਨੇ 194 (ਟੀ-20, ਇੱਕ ਰੋਜ਼ਾ ਅਤੇ ਟੈਸਟ) ਮੈਚਾਂ ’ਚ 6059 ਦੌੜਾਂ ਬਣਾਈਆਂ ਹਨ।

# ਭਾਰਤੀ ਕ੍ਰਿਕਟ ਟੀਮ ਦੇ ਮੁੱਖ ਚੋਣ ਕਰਤਾ ਚੇਤਨ ਸ਼ਰਮਾ ਅਹੁਦੇ ਤੋਂ ਚਿੱਤ

## ਬੀਸੀਸੀਆਈ ਸਕੱਤਰ ਜੈ ਸ਼ਾਹ ਨੂੰ ਭੇਜਿਆ ਅਸਤੀਫ਼ਾ ਹੋਇਆ ਮਨਜ਼ੂਰ



ਉਤਰਾਅ-ਚੜ੍ਹਾਅ ਦੀ ਖੇਡ ਕ੍ਰਿਕਟ ’ਚ ਇਕੱਲੇ ਸਟੇਡੀਅਮ ’ਚ ਹੀ ਨਹੀਂ ਬਲਕਿ ਸਟੇਡੀਅਮ ਤੋਂ ਬਾਹਰ ਵੀ ਵਿਵਾਦਾਂ ਦੇ ਚੌਕੇ-ਛੱਕੇ ਲੱਗਦੇ ਰਹਿੰਦੇ ਹਨ। ਕਦੇ ਖਿਡਾਰੀਆਂ ਵੱਲੋਂ ਮੈਚ ਫਿਕਸਿੰਗ ਦੇ ਮਾਮਲੇ ਤੇ ਕਦੇ ਖਿਡਾਰੀਆਂ ਵੱਲੋਂ ਨਸ਼ੇ ਦੀ ਵਰਤੋਂ ਕਰਕੇ ਖੇਡਣ ਦੇ। ਤਾਜ਼ਾ ਮਾਮਲਾ ਬੀਸੀਸੀਆਈ ਦੇ ਮੁੱਖ ਚੋਣ ਕਰਤਾ ਦੇ ਅਹੁਦੇ ਤੋਂ ਅਸਤੀਫਾ ਦੇਣ ਵਾਲੇ ਚੇਤਨ ਸ਼ਰਮਾ ਨੇ ਚੁੱਕਿਆ ਹੈ, ਜਿਸ ’ਚ ਉਨ੍ਹਾਂ ਨੇ ਖਿਡਾਰੀਆਂ ਦੀ ਚੋਣ ਪਰਕ੍ਰਿਆ ਬਾਰੇ ਕਾਫੀ ਪਰਦੇ ਚੁੱਕੇ ਹਨ। ਇਹ ਪਰਦੇ ਚੁੱਕਣ ਤੋਂ ਬਾਅਦ ਚੇਤਨ ਨੇ ਆਪਣਾ ਅਸਤੀਫਾ ਬੀਸੀਸੀਆਈ ਦੇ ਸਕੱਤਰ ਜੈ ਸ਼ਾਹ ਨੂੰ ਭੇਜਿਆ ਸੀ, ਜਿਸ ਨੂੰ ਸ਼ਾਹ ਨੇ ਮਨਜ਼ੂਰ ਕਰ ਲਿਆ।

ਵੇਰਵਿਆਂ ਮੁਤਾਬਿਕ ਚੇਤਨ ਸ਼ਰਮਾ ਨੇ ਕਿਹਾ ਸੀ ਕਿ ਟੀਮ ਇੰਡੀਆ ਦਾ ਕੋਈ ਵੀ ਖਿਡਾਰੀ ਇੱਕ ਵੀ ਮੈਚ ਨਹੀਂ ਛੱਡਣਾ ਚਾਹੁੰਦਾ, ਚਾਹੇ ਉਨ੍ਹਾਂ ਨੂੰ ਆਪਣੀ ਕੋਈ ਵੀ ਸੱਟ ਵੀ ਕਿਉਂ ਨਾ ਲੁਕੋਣੀ ਪਵੇ। ਉਨ੍ਹਾਂ ਖੁਲਾਸਾ ਕੀਤਾ ਕਿ ਖਿਡਾਰੀ ਅਜਿਹਾ ਇਸ ਕਰਕੇ ਕਰਦੇ ਹਨ ਕਿਉਂਕਿ ਉਨ੍ਹਾਂ ਨੂੰ ਡਰ ਹੁੰਦਾ ਹੈ ਕਿ ਜੇਕਰ ਉਹ ਇੱਕ ਮੈਚ ’ਚੋਂ ਬਾਹਰ ਹੋ ਗਏ ਤਾਂ ਫਿਰ ਮੁੜ ਵਾਪਸੀ ਲਈ ਦੋ (ਬਾਕੀ ਸਫ਼ਾ 30 ’ਤੇ)

### ਕੋਹਲੀ ਦੀ ਕਪਤਾਨੀ ਖੋਹਣ ’ਤੇ ਵੀ ਕੀਤਾ ਖ਼ੁਲਾਸਾ



ਚੇਤਨ ਸ਼ਰਮਾ ਨੇ ਖਿਡਾਰੀਆਂ ਦੀ ਚੋਣ ਦੇ ਨਾਲ-ਨਾਲ ਵਿਰਾਟ ਕੋਹਲੀ ਦੀ ਕਪਤਾਨੀ ਬਾਰੇ ਵੀ ਖੁਲਾਸਾ ਕੀਤਾ। ਉਨ੍ਹਾਂ ਕਿਹਾ ਕਿ ਜਦੋਂ ਕੈਪਟਨ ਬਦਲਿਆ ਜਾਂਦਾ ਹੈ ਤਾਂ ਚੋਣ ਕਰਤਾ ਅਤੇ ਕ੍ਰਿਕਟ ਬੋਰਡ ਬਰਾਬਰ ਬੈਠ ਕੇ ਚੋਣ ਕੀਤੀ ਜਾਂਦੀ ਹੈ। ਵਿਰਾਟ ਨੂੰ ਵੀ ਇਸ ਗੱਲ ਦਾ ਪਤਾ ਹੈ। ਉਨ੍ਹਾਂ ਨੂੰ ਲੱਗਿਆ ਕਿ ਸੌਰਵ ਗਾਂਗੁਲੀ ਦਾ ਬਹੁਤ ਰੋਲ ਸੀ ਕਿ ਉਨ੍ਹਾਂ ਨੂੰ ਕਪਤਾਨੀ ਤੋਂ ਹਟਾਇਆ ਗਿਆ ਪਰ ਚੋਣਕਰਤਾ ਦੀ ਸੋਚ ਵੱਖਰੀ ਸੀ। ਚੋਣ ਕਰਤਾ ਦੀ ਸੋਚ ਸੀ ਕਿ ‘ਵਾਈਟ ਬਾਲ ਕ੍ਰਿਕਟ’ ਇੱਕ ਕਪਤਾਨ ਕਰੇਗਾ ਅਤੇ ‘ਰੈਡ ਬਾਲ ਕ੍ਰਿਕਟ’ ਇੱਕ ਕਪਤਾਨ ਕਰੇਗਾ ਦੋਵਾਂ ਨੂੰ ਆਪਸ ’ਚ ਰਲਾਇਆ ਨਹੀਂ ਜਾ ਸਕਦਾ। ਚੇਤਨ ਨੇ ਦੱਸਿਆ ਕਿ ਇਸ ਮਗਰੋਂ ਵਿਰਾਟ ਨੇ ਟੀ-20 ਦੀ ਕਪਤਾਨੀ ਵੀ ਛੱਡੀ ਇਸ ਲਈ ਉਸ ਤੋਂ ਇੱਕ ਰੋਜ਼ਾ ਦੀ ਕਪਤਾਨੀ ਵੀ ਖੋਹ ਲਈ। ਚੋਣ ਕਰਤਾ ਦੀ ਸੋਚ ਸੀ ਕਿ ਵਿਰਾਟ ਦੀ ਅਗਵਾਈ ’ਚ ਭਾਰਤ ਨੇ ਇੱਕ ਵੀ ਆਈਸੀਸੀ ਟਰਾਫੀ ਨਹੀਂ ਜਿੱਤੀ ਇਸ ਲਈ ਇਹ ਫੈਸਲਾ ਲੈਣਾ ਜ਼ਰੂਰੀ ਸੀ।

# ਭਾਰਤੀ ਹਾਕੀ ਖੇਡ ਨੂੰ ਜਿੱਤਣ ਲਈ ਨਵੀਂ ਤਕਨੀਕ ਦੇ ਖੇਡ ਮੈਦਾਨ ਅਤੇ ਨਿਪੁੰਨ ਕੋਚਾਂ ਦੀ ਲੋੜ

**ਬੀਰਪਾਲ ਗਿੱਲ**

ਭਾਰਤੀ ਹਾਕੀ ਦਾ ਵਿਸ਼ਵ ਕੱਪ ਵਿੱਚ ਭਾਗ ਲੈਣ ਦਾ ਸਫ਼ਰ 51 ਵਰ੍ਹਿਆਂ ਦਾ ਹੋ ਗਿਆ ਹੈ। ਵਿਸ਼ਵ ਕੱਪ 1971 ਤੋਂ ਲੈ ਕੇ 2023 ਤੱਕ 15 ਵਾਰ ਖੇਡਿਆ ਜਾ ਚੁੱਕਾ ਹੈ, ਜਿਸ ਵਿੱਚ ਭਾਰਤ ਨੇ ਸ਼ੁਰੂਆਤੀ ਦੌਰ ’ਚ ਚੰਗਾ ਪ੍ਰਦਰਸ਼ਨ ਕਰਦੇ ਹੋਏ 1971 ਵਿਚ ਤੀਜਾ ਸਥਾਨ ਪ੍ਰਾਪਤ ਕੀਤਾ ਸੀ। ਇਸ ਤੋਂ ਬਾਅਦ ਦੂਜੇ ਵਿਸ਼ਵ ਕੱਪ 1973 ਵਿਚ ਫਾਈਨਲ ਮੁਕਾਬਲੇ ਵਿੱਚ ਚੰਗਾ ਪ੍ਰਦਰਸ਼ਨ ਕਰਦੇ ਹੋਏ ਦੂਜਾ ਸਥਾਨ ਪ੍ਰਾਪਤ ਕੀਤਾ। ਭਾਰਤੀ ਹਾਕੀ ਟੀਮ ਨੇ ਆਪਣੀ ਕਾਮਯਾਬੀ ਦੀਆਂ ਪੌੜੀਆਂ ਚੜ੍ਹਦਿਆਂ ਹੋਇਆਂ 1975 ਵਿੱਚ ਵਿਸ਼ਵ ਕੱਪ ਜਿੱਤ ਕੇ ਦੇਸ਼ ਵਾਸੀਆਂ ਦਾ ਸੁਪਨਾ ਪੂਰਾ ਕੀਤਾ ਸੀ। ਭਾਰਤ ਦੇ ਖਿਡਾਰੀਆਂ ਨੇ ਸਿਰਫ਼ ਇਕ ਵਾਰ ਵਿਸ਼ਵ ਕੱਪ ਜਿੱਤ ਕੇ ਦੇਸ਼ ਵਾਸੀਆਂ ਨੂੰ ਖ਼ੁਸ਼ ਕੀਤਾ, ਜਦੋਂ ਕਿ 1947 ਤੋਂ ਵੱਖ ਹੋਇਆ ਗੁਆਂਢੀ ਦੇਸ਼ ਪਕਿਸਤਾਨ ਚਾਰ ਵਾਰ ਵਿਸ਼ਵ ਕੱਪ ਜਿੱਤ ਚੁੱਕਾ ਹੈ। ਟੋਕੀਓ ਉਲੰਪਿਕ ਤੋਂ ਬਾਅਦ ਭਾਰਤੀ ਹਾਕੀ ਟੀਮ ’ਤੇ ਕਾਫ਼ੀ ਉਮੀਦਾਂ ਜਤਾਈਆਂ ਜਾ ਰਹੀਆਂ ਸਨ, ਕਿਉਂਕਿ ਭਾਰਤੀ ਹਾਕੀ ਟੀਮ ਕਾਂਸੀ ਦਾ ਤਮਗ਼ਾ ਜਿੱਤ ਕੇ ਦੇਸ਼ ਪਰਤੀ ਸੀ। ਪੰਦਰ੍ਹਵਾਂ ਹਾਕੀ (ਪੁਰਸ਼) ਵਿਸ਼ਵ ਕੱਪ 13 ਜਨਵਰੀ ਤੋਂ 29




ਜਨਵਰੀ 2023 ਤੱਕ ਭੁਬਨੇਸ਼ਵਰ (ਓਡੀਸ਼ਾ) ਭਾਰਤ ਵਿਚ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਭਾਰਤੀ ਹਾਕੀ ਟੀਮ ਦਾ ਪ੍ਰਦਰਸ਼ਨ ਉਮੀਦਾਂ ’ਤੇ ਖਰਾ ਨਹੀਂ ਉਤਰਿਆ। ਹਾਕੀ ਦੇ ਖੇਡ ਪ੍ਰੇਮੀ ਕਾਫ਼ੀ ਨਿਰਾਸ਼ ਨਜ਼ਰ ਆਏ, ਖੇਡ ਦੇ ਪਹਿਲੇ ਗੇੜਾਂ ’ਚ ਹੀ ਹਾਰ ਦਾ ਸਾਹਮਣਾ ਕਰਨਾ ਸਮਝ ਤੋਂ ਬਾਹਰ ਸੀ। ਖੇਡ ਦੇ ਦੋ ਪਹਿਲੂਆਂ ਨੇ ਹਾਰਨਾ ਅਤੇ ਜਿੱਤਣਾ ਇਕ ਟੀਮ ਨੇ ਜਿੱਤਣਾ ਅਤੇ ਦੂਜੀ ਨੇ ਹਾਰਨਾ ਤੈਅ ਹੀ ਹੁੰਦਾ ਹੈ। ਖੇਡ ਵਿੱਚ ਹਾਰਨ ਵਾਲੀ ਟੀਮ ਨੂੰ ਖੇਡ ਵਿਚ ਕੀਤੀਆ ਗ਼ਲਤੀਆਂ ਦਾ ਅਹਿਸਾਸ ਹੁੰਦਾ ਹੈ। ਭਾਰਤੀ ਟੀਮ ਦਾ ਤਕਨੀਕੀ ਪੱਖ ਤੋਂ ਕਮਜ਼ੋਰ ਹੋਣਾ ਹਾਰ ਦਾ ਕਾਰਨ ਬਣਿਆ, ਅੱਜ ਟੀਮ ਨੂੰ ਜੇਤੂ ਟੀਮਾਂ ਤੋਂ ਸਬਕ ਸਿੱਖਣ ਦੀ ਲੋੜ ਹੈ। ਖੇਡ ’ਚ ਜਦੋਂ ਟੀਮ ਨੂੰ ਪੈਨਲਟੀ ਕਾਰਨਰ ਲਗਾਉਣ ਦਾ ਮੌਕਾ ਮਿਲਦਾ ਹੈ ਤਾਂ ਖਿਡਾਰੀ ਖ਼ੁਸ਼ ਹੋ ਕੇ ਇਕ-ਦੂਜੇ ਨਾਲ ਹੱਥ ਮਿਲਾਉਂਦੇ ਹਨ ਕਿਉਂਕ ਇਹ ਕਿਸੇ ਵੀ ਟੀਮ ਦੀ ਜਿੱਤ-ਹਾਰ ਤੈਅ ਕਰਦੇ ਹਨ। ਇਸ ਲਈ ਖਿਡਾਰੀ ਵੱਧ ਤੋਂ ਵੱਧ ਪੈਨਲਟੀ ਕਾਰਨਰ ਹਾਸਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਕ ਤਰ੍ਹਾਂ ਨਾਲ ਇਹ ਪੈਨਲਟੀ ਕਾਰਨਰ ਗਰੇਸ ਅੰਕ ਵਜੋਂ ਕੰਮ ਕਰਦੇ ਹਨ, ਜਿਸ ਤਰ੍ਹਾਂ ਕਲਾਸ ਵਿੱਚੋਂ ਪਾਸ ਹੋਣ ਲਈ ਕਿਸੇ ਵਿਦਿਆਰਥੀ ਨੂੰ ਦਿੱਤੇ ਜਾਂਦੇ ਹਨ। ਭਾਰਤੀ ਹਾਕੀ ਟੀਮ ਗਰੇਸ ਅੰਕ ਪ੍ਰਾਪਤ ਕਰਨ ਵਿੱਚ ਅਸਫਲ ਨਜ਼ਰ ਆਈ। ਭਾਰਤੀ ਹਾਕੀ ਟੀਮ ਦੇ ਵਿਸ਼ਵ ਕੱਪ 2023 ਦੇ ਪੈਨਲਟੀ ਕਾਰਨਰ ਦੇ ਅੰਕੜਿਆ ਦੀ ਗੱਲ ਕੀਤੀ ਜਾਵੇ ਤਾਂ ਇੰਝ ਲਗਦਾ ਹੈ ਕਿ ਇਸ ਵਿੱਚ ਤਕਨੀਕੀ ਪੱਖ ਨੂੰ ਤਰਾਸ਼ਣ ਦੀ ਲੋੜ ਹੈ। ਖੇਡ ’ਚ ਅਗਲਾ ਤਕਨੀਕੀ ਪੱਖ ਸ਼ੂਟਆਊਟ ਦਾ ਮੰਨਿਆ ਜਾ ਰਿਹਾ ਸੀ, ਉਸ ਵਿੱਚ ਜ਼ਿਆਦਾ ਅਭਿਆਸ ਦੀ ਜ਼ਰੂਰਤ ਸਾਹਮਣੇ ਆਈ ਹੈ। ਭਾਰਤ ਦੇ ਉੱਭਰਦੇ ਖਿਡਾਰੀ ਸਿੱਖਣ ਲਈ ਤਿਆਰ-ਬਰ-ਤਿਆਰ ਹਨ, ਪ੍ਰੰਤੂ ਸਿੱਖਣ ਲਈ ਮੰਚ ਅਧੂਰੇ ਨਜ਼ਰ ਆ ਰਹੇ ਹਨ। ਜੇਕਰ ਹਾਕੀ ਵਿਸ਼ਵ ਕੱਪ 1975 ਦੀ ਗੱਲ ਕੀਤੀ ਜਾਵੇ ਤਾਂ ਭਾਰਤ ਦੀ ਜਨਸੰਖਿਆ ਕਿੰਨੀ ਸੀ ? ਕਿੰਨੇ ਹਾਕੀ ਖੇਡ ਮੈਦਾਨ ਉਪਲਬੱਧ ਸਨ ? ਅੱਜ ਭਾਰਤ ਦੀ ਜਨਸੰਖਿਆ ਕਿੰਨੀ ਹੈ ਅਤੇ ਕਿੰਨੇ ਨਵੀਂ ਤਕਨੀਕ ਵਾਲੇ ਖੇਡ ਮੈਦਾਨ ਉਪਲਬੱਧ ਹਨ, ਇਹ ਅੰਦਾਜ਼ਾ ਅੰਕੜਿਆਂ ਤੋਂ ਲਗਾਇਆ ਜਾ ਸਕਦਾ ਹੈ। ਹਾਕੀ ਖੇਡ ਵਿੱਚ ਬੁਲੰਦੀਆਂ ਹਾਸਲ ਕਰਨ ਲਈ ਨਵੀਂ ਤਕਨੀਕ ਵਾਲੇ ਖੇਡ ਮੈਦਾਨਾਂ ਦੀ ਲੋੜ ਹੈ। ਖਿਡਾਰੀ ਨੂੰ ਯੋਗ ਖੇਡ ਮੈਦਾਨ ਦੀ ਭਾਲ ਲਈ ਕਾਫ਼ੀ ਲੰਬਾ ਸਫ਼ਰ ਤਹਿ ਕਰਨਾ ਪੈਂਦਾ ਹੈ। ਖਿਡਾਰੀਆਂ ਦੀ ਸਹੂਲਤ ਨੂੰ ਮੱਦੇਨਜ਼ਰ ਰੱਖਦੇ ਹੋਏ ਹਰ ਪਿੰਡ ਅਤੇ ਸ਼ਹਿਰ ਵਿੱਚ ਖੇਡ ਮੈਦਾਨ ਯਕੀਨੀ ਬਣਾਇਆ ਜਾਵੇ। ਦੇਸ਼ ਵਿਚ ਖਿਡਾਰੀ ਬਹੁਤ ਨੇ ਪ੍ਰੰਤੂ ਕੋਚ ਤੋਂ ਸੱਖਣੇ ਨਜ਼ਰ ਆ ਰਹੇ ਹਨ। ਖਿਡਾਰੀਆਂ ਦੇ ਮਾਪੇ ਅਕਸਰ ਸਵਾਲ ਕਰਦੇ ਦੇਖੇ ਜਾਂਦੇ ਹਨ, ਆਪਣੇ ਨੇੜੇ-ਤੇੜੇ ਕੋਈ ਕੋਚ ਹੈ, ਬੱਚੇ ਨੂੰ ਖੇਡਣ ਭੇਜਣਾ ਹੈ। ਅੱਜ ਹਰ ਜ਼ਿੰਮੇਵਾਰ ਵਿਅਕਤੀ ਇਸ ਸਵਾਲ ਦਾ ਜਵਾਬ ਦੇਣ ਤੋਂ ਅਸਮੱਰਥ ਹੈ। ਭਾਰਤ ਦੀ ਹਰਮਨ-ਪਿਆਰੀ ਹਾਕੀ ਖੇਡ ਨੂੰ ਹਰਮਨ ਪਿਆਰਾ ਬਣਾਈ ਰੱਖਣ ਲਈ ਨਵੀਂ ਤਕਨੀਕ ਦੇ ਖੇਡ ਮੈਦਾਨ ਅਤੇ ਕੋਚਾਂ ਦੀ ਨਿਯੁਕਤੀ ਕੀਤੀ ਜਾਣੀ ਚਾਹੀਦੀ ਹੈ। ਅੰਤਰ-ਰਾਸ਼ਟਰੀ ਖਿਡਾਰੀਆਂ ਦੇ ਦੂਜੇ ਦੇਸ਼ਾਂ ਵਿੱਚ ਸਿਖਲਾਈ ਕੈਂਪ ਦਾ ਪ੍ਰਬੰਧ ਜੰਗੀ ਪੱਧਰ ’ਤੇ ਹੋਣਾ ਚਾਹੀਦਾ ਹੈ। ਸਰਕਾਰ ਦੁਆਰਾ ਨਿਯੁਕਤ ਕੀਤੇ ਕੋਚਾਂ ਦਾ ਦੂਜੇ ਦੇਸ਼ਾਂ ’ਚ ਤਕਨੀਕ ਨੂੰ ਬਰੀਕੀ ਨਾਲ ਜਾਣਨ ਲਈ ਟ੍ਰੇਨਿੰਗ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਜੇਕਰ ਸਰਕਾਰ ਦੁਆਰਾ ਇਨ੍ਹਾਂ ਪਹਿਲੂਆਂ ’ਤੇ ਧਿਆਨ ਦਿੱਤਾ ਗਿਆ ਤਾਂ ਯਕੀਨਨ ਹਾਕੀ ਵਿੱਚ ਭਾਰਤ ਦਾ ਗੁਆਚਿਆ ਰੁਤਬਾ ਮੁੜ ਬਹਾਲ ਹੋ ਜਾਵੇਗਾ।



ਡਾ. ਸੰਦੀਪ ਕੌਰ
ਅਸਿਸਟੈਂਟ ਪ੍ਰੋਫੈਸਰ
ਗੁਰੂ ਨਾਨਕ ਅਧਿਐਨ ਵਿਭਾਗ
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

ਜੀਵਨ ਗਾਥਾ

# ਅਤਰ ਦੀ ਮਹਿਕ

## ਸੰਤ ਬਾਬਾ ਤੇਜਾ ਸਿੰਘ ਜੀ ਮਸਤੂਆਣੇ ਵਾਲੇ




ਗੁਰਮੁਖ ਪਿਆਰਿਆਂ ਦੇ ਜੀਵਨ ਪ੍ਰਸੰਗ, ਗੁਰਮਤਿ ਗਾਡੀ ਰਾਹ ਦੇ ਪਾਂਧੀਆਂ ਲਈ ਪ੍ਰੇਰਨਾਸ੍ਰੋਤ ਹੁੰਦੇ ਹਨ। ਅਜਿਹੇ ਗੁਰਮੁਖਾਂ ਵੱਲੋਂ ਦਰਸਾਏ ਦਿਸ਼ਾ-ਨਿਰਦੇਸ਼ਾਂ ਨੂੰ ਆਪਣੇ ਜੀਵਨ ਵਿੱਚ ਹੰਢਾ ਕੇ ਜਗਿਆਸੂ ਆਪਣਾ ਜੀਵਨ ਸਫਲਾ ਕਰ ਸਕਦਾ ਹੈ। ਅਜਿਹੇ ਆਤਮਕ ਰੰਗਾਂ ਨਾਲ ਰੰਗੇ ਪਰਉਪਕਾਰੀ ਸਤਿ-ਪੁਰਸ਼, ਸੱਚੇ ਸੇਵਕ, ਪੂਰਨ ਬ੍ਰਹਮਗਿਆਨੀ, ਰਹਿਤ ਵਿੱਚ ਪਰਿਪੱਕ, ਮੀਰੀ-ਪੀਰੀ ਦੇ ਧਾਰਨੀ, ਤੱਤ ਬੇਤੇ, ਸਮ-ਦ੍ਰਿਸਟਾ, ਆਤਮਕ ਅਤੇ ਸੰਸਾਰਕ ਵਿੱਦਿਆ ਦਾ ਸੁਮੇਲ ਸਨ ਸੰਤ ਬਾਬਾ ਤੇਜਾ ਸਿੰਘ ਜੀ ਮਸਤੂਆਣੇ ਵਾਲੇ, ਜਿਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪਹਿਲਾਂ ਖੁਦ ਦਾ ਮਨ ਪ੍ਰਬੋਧਿਆ ਅਤੇ ਇਸ ਉਪਰੰਤ ਦੂਸਰਿਆਂ ਲਈ ਟਕਸਾਲੀ ਜੀਵਨ ਦੀ ਘਾੜਤ ਵਾਲਾ ਇਕ ਪਰਉਪਕਾਰੀ ਆਦਰਸ਼ ਸਥਾਪਿਤ ਕੀਤਾ। ਸੰਤ ਤੇਜਾ ਸਿੰਘ ਜੀ ਅਸਲ ਵਿੱਚ ਇਕ ਸੱਚੇ ਕਰਮਯੋਗੀ ਸਨ, ਉਨ੍ਹਾਂ ਵੱਲੋਂ ਕੀਤੇ ਸਮਾਜਿਕ, ਵਿੱਦਿਅਕ, ਧਾਰਮਿਕ ਅਤੇ ਰਾਜਨੀਤਿਕ ਕਾਰਜਾਂ ਦੀ ਸਫਲਤਾ ਪਿੱਛੇ ਬੁਨਿਆਦ ਵੀ ਇਕ ਧਰਮੀ ਜੀਵਨ ਸੀ। ਜੋ ਵੀ ਕਾਰਜ ਆਪ ਜੀ ਨੇ ਆਪਣੇ ਜੀਵਨ ਦੌਰਾਨ ਕੀਤੇ, ਉਨ੍ਹਾਂ ਦੀ ਸਮੁੱਚੇ ਸੰਸਾਰ ਵਿੱਚ ਮਿਸਾਲ ਲੱਭਣੀ ਔਖੀ ਹੈ। ਧਾਰਮਿਕ ਜੀਵਨ ਕੀ ਹੈ ?, ਜੀਵਨ ਵਿੱਚ ਰੱਬੀ ਕਿਰਪਾ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ?, ਅਸਲ ਪੜ੍ਹਾਈ ਕੀ ਹੈ ?, ਅਸਲ ਸੇਵਾ ਕੀ ਹੈ ?, ਅਸਲ ਅਨੰਦ ਕੀ ਹੈ ?, ਅਸਲ ਹੁਕਮ ਕੀ ਹੈ ?, ਕਿਸੇ ਗੁਰਮੁਖ ਦਾ ਗੁਰਮੁਖ ਨਾਲ ਅਸਲ ਪ੍ਰੇਮ ਕੀ ਹੈ ?, ਅਸਲ ਵਿਦਵਤਾ ਕੀ ਹੈ ?, ਅਸਲ ਘਾਲਣਾ ਕੀ ਹੈ ?, 'ਸੇਵਕ ਕੀ ਓੜਕਿ ਨਿਬਹੀ ਪ੍ਰੀਤਿ' ਦਾ ਵਿਹਾਰਕ ਰੂਪ ਕੀ ਹੈ ?, ਸੱਚੀ ਹਜ਼ੂਰੀ ਕੀ ਹੈ ?, ਪਰਉਪਕਾਰ ਕੀ ਹੈ ?, ਮਾਇਆ ਤੋਂ ਨਿਰਲੇਪਤਾ ਕੀ ਹੈ ?, ਸਬਰ ਜਾਂ ਸ਼ੁਕਰ ਕੀ ਹੈ ? ਅਤੇ ਕਿਸੇ ਪੂਰਨ ਪੁਰਖ ਦੀ ਸੰਗਤ ਦਾ ਜੀਵਨ ਵਿੱਚ ਕੀ ਪ੍ਰਭਾਵ ਪੈਂਦਾ ਹੈ ? ਆਦਿ ਬਹੁਤ ਸਾਰੇ ਪੱਖਾਂ ਦਾ ਵਿਹਾਰਕ ਰੂਪ ਬਾਬਾ ਤੇਜਾ ਸਿੰਘ ਜੀ ਦਾ ਜੀਵਨ ਸਫਰ ਜਾਂ ਯਾਤਰਾ ਹੈ। ਜਿਸ ਨੂੰ ਗੁਰਬਾਣੀ ਅਨੁਸਾਰ 'ਸਫਲ ਸਫਲ ਭਈ ਸਫਲ ਜਾਤ੍ਰਾ' ਕਿਹਾ ਜਾ ਸਕਦਾ ਹੈ। ਇਸ ਯਾਤਰਾ ਨੂੰ ਬਿਆਨਣ ਦਾ ਇਕ ਨਿਮਾਣਾ ਜਿਹਾ ਯਤਨ ਹੈ ਇਹ ਜੀਵਨ ਗਾਥਾ।

ਆਮ ਤੌਰ 'ਤੇ ਕਿਸੇ ਅਧਿਆਤਮਕ ਜਾਂ ਸੰਤ ਸ਼ਖਸੀਅਤ ਵਿੱਚੋਂ ਸੰਸਾਰਕ ਵਿੱਦਿਆ ਦਾ ਪੱਖ ਸਪਸ਼ਟ ਰੂਪ ਵਿਚ ਪ੍ਰਤੀਤ ਨਹੀਂ ਹੁੰਦਾ, ਪ੍ਰੰਤੂ ਸੰਤ ਤੇਜਾ ਸਿੰਘ ਜੀ ਨੇ ਸੰਤ ਪਦ ਵਰਗੀ ਉੱਚ ਬਿਰਤੀ ਦੇ ਨਾਲ-ਨਾਲ ਮਹਾਨ ਸਕਾਲਰ ਹੋਣ ਦਾ ਰੁਤਬਾ ਵੀ ਹਾਸਲ ਕੀਤਾ। ਸੰਤ ਤੇਜਾ ਸਿੰਘ ਜੀ ਇਕ ਸਰਬਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਸੰਤ ਜੀ ਦੇ ਮਨ ਵਿੱਚ ਸਿੱਖ ਪੰਥ ਦੀ ਚੜ੍ਹਦੀਕਲਾ ਅਤੇ ਤਰੱਕੀ ਲਈ ਡੂੰਘੀ ਤੜਪ ਸਮੋਈ ਹੋਈ ਸੀ, ਜਿਸ ਕਾਰਨ ਆਪ ਜੀ ਨੇ ਆਪਣਾ ਸਮੁੱਚਾ ਜੀਵਨ ਹੀ ਕੌਮੀ ਸੰਘਰਸ਼ ਅਤੇ ਗੁਰੂਘਰ ਦੀ ਸੇਵਾ ਲਈ ਸਮਰਪਿਤ ਕਰ ਦਿੱਤਾ। ਸਮੁੱਚੇ ਜੀਵਨ ਦੌਰਾਨ ਆਪ ਜੀ ਨੇ ਗੁਰਮਤਿ ਦੇ ਅਨੇਕਾਂ ਪੱਖਾਂ ਰਾਹੀਂ ਸਮਾਜ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਆਪ ਜੀ ਨੇ ਸਿਰਫ ਵਿੱਦਿਆ ਪ੍ਰਾਪਤੀ ਨੂੰ ਹੀ ਜੀਵਨ ਦਾ ਇਕ-ਮਾਤਰ ਉਦੇਸ਼ ਨਾ ਬਿਆਨਿਆ ਬਲਕਿ ਧਰਮੀ ਅਸੂਲਾਂ ਅਤੇ ਅਧਿਆਤਮਕ ਜੀਵਨ-ਜਾਂਚ ਨੂੰ ਅਸਲ ਜੀਵਨ ਲਈ ਇਕ ਜਰੂਰੀ ਪੱਖ ਦਰਸਾਇਆ। ਆਪ ਵਿੱਦਿਆ ਪੜ੍ਹਨ-ਪੜ੍ਹਾਉਣ ਤਕ ਹੀ ਸੀਮਿਤ ਨਹੀਂ ਰਹੇ ਬਲਕਿ ਹੱਥੀਂ ਕਿਰਤ ਅਤੇ ਸੇਵਾ ਨੂੰ ਲੋਕਾਈ ਅੱਗੇ ਗੁਰਮਤਿ ਜੀਵਨ ਦੇ ਅਟੁੱਟ ਅੰਗ ਵਜੋਂ ਪੇਸ਼ ਕੀਤਾ। ਬਾਬਾ ਤੇਜਾ ਸਿੰਘ ਜੀ ਦੇ ਜੀਵਨ ਨੂੰ ਵਾਚਦਿਆਂ ਸਿਰਫ ਵਿੱਦਿਆ ਦੇ ਅਕਾਦਮਿਕ ਮਹੱਤਵ ਤੋਂ ਹੀ ਜਾਣੂੰ ਨਹੀਂ ਹੋਈਦਾ ਬਲਕਿ ਆਪ ਜੀ ਦੇ ਜੀਵਨ ਤੋਂ ਵਿੱਦਿਆ ਦੇ ਅਸਲ ਪੱਖ ਦੀ ਵੀ ਸੋਝੀ ਮਿਲਦੀ ਹੈ। 'ਅਸਲ ਵਿੱਦਿਆ' ਉਹ ਹੀ ਹੋ ਸਕਦੀ ਹੈ ਜੋ ਕਿਸੇ ਜਗਿਆਸੂ ਨੂੰ ਦੈਵੀ ਨਿਯਮਾਂ ਦੀ ਦ੍ਰਿੜ੍ਹਤਾ ਕਰਵਾਕੇ ਉਸ ਨੂੰ ਆਪਣੇ ਅਸਲੇ ਦੀ ਸੋਝੀ ਕਰਵਾਏ। ਬਲਵੰਤ ਸਿੰਘ ਕੋਠਾਗੁਰੂ ਲਿਖਦੇ ਹਨ ਕਿ ਭਾਰਤ ਵਿੱਚ ਇਹ ਬੜੀ ਪ੍ਰਸਿੱਧ ਗੱਲ ਹੈ ਕਿ ਸਵਾਮੀ ਵਿਵੇਕਾਨੰਦ ਨੇ ਅਮਰੀਕਾ ਵਿਚ 'ਭੈਣੋ-ਭਰਾਵੋ' ਕਹਿ ਕੇ ਭਾਸ਼ਨ ਆਰੰਭ ਕੀਤਾ ਤਾਂ ਅਮਰੀਕਨ ਅਤਿਅੰਤ ਪ੍ਰਭਾਵਿਤ ਹੋਏ, ਪਰ ਸੰਤ ਤੇਜਾ ਸਿੰਘ ਜੀ ਦੇ ਵਿਸ਼ਵ ਸ਼ਾਤੀ ਸੰਮੇਲਨ ਵਿੱਚ ਗੱਡੇ ਝੰਡੇ ਦਾ ਅਤੇ ਮਾਰੇ ਸਿੱਕੇ ਦਾ (ਅਸੀਂ) ਪੰਜਾਬੀਆਂ ਨੇ ਕਦੇ ਜ਼ਿਕਰ ਤੱਕ ਨਹੀਂ ਕੀਤਾ, ਜਿਨ੍ਹਾਂ ਦੇ ਕਥਨ ਨੂੰ ਸਰਬ ਸਾਧਾਰਨ ਤੋਂ ਲੈ ਕੇ ਦੇਸ਼ ਦੇ ਸੁਲਤਾਨ ਅਤੇ ਵਿਸ਼ਵ ਦੇ ਵਿਦਵਾਨਾਂ ਨੇ ਪ੍ਰਵਾਨ ਕਰਕੇ ਇਕ ਮਤ ਹੋ ਕੇ ਕਿਹਾ ਕਿ, 'ਸੰਤ ਤੇਜਾ ਸਿੰਘ ਜੀ ਨੇ ਵਿਸ਼ਵ ਨੂੰ ਸਾਂਝਾ ਤੇ ਸ਼ਾਂਤਮਈ ਗਿਆਨ ਦਿੱਤਾ ਹੈ'।.....ਸੰਤ ਤੇਜਾ ਸਿੰਘ ਜੀ ਮਹਾਨ ਵਿਦਵਾਨ, ਸਵਾਸ-ਸਵਾਸ ਸਿਮਰਨ ਕਰਨ ਵਾਲੇ, ਨਿਮਰਤਾ ਦੀ ਮੂਰਤਿ, ਸਹਿਣ ਸ਼ਕਤੀ ਵਾਲੇ, ਪਰਉਪਕਾਰੀ ਮਹਾਂਪੁਰਖ ਸਨ। ਆਪ ਜੀ ਦਾ ਸਾਰਾ ਜੀਵਨ ਸ੍ਰੀ ਸੰਤ ਅਤਰ ਸਿੰਘ ਜੀ ਮਹਾਰਾਜ ਦੀ ਆਗਿਆ ਵਿਚ ਸਿੱਖੀ ਨੂੰ ਸਮਰਪਿਤ ਸੀ। ਸਪੱਸ਼ਟ ਹੈ ਸੰਤ ਤੇਜਾ ਸਿੰਘ ਜੀ ਨੇ ਸੰਤ ਅਤਰ ਸਿੰਘ ਜੀ ਮਹਾਰਾਜ ਵੱਲੋਂ ਫੈਲਾਈ ਨਾਮ-ਸਿਮਰਨ ਰੂਪੀ ਇਸ ਮਹਿਕ ਨੂੰ ਅਣਥੱਕ ਘਾਲਣਾ ਦੁਆਰਾ ਸੰਸਾਰ ਦੇ ਕੋਨੇ-ਕੋਨੇ ਵਿਚ ਫੈਲਾਇਆ। ਜੀਵਨ ਵਿਚ ਅਨੇਕਾਂ ਔਕੜਾਂ ਆਉਣ ਦੇ ਬਾਵਜੂਦ ਆਪ ਜੀ ਨੇ ਇਸ ਮਹਿਕ ਨੂੰ ਘਟਣ ਨਹੀਂ ਦਿੱਤਾ।

ਸੰਤ ਤੇਜਾ ਸਿੰਘ ਜੀ ਨੇ ਸਮਰਪਣ ਭਾਵਨਾ ਅਧੀਨ ਗੁਰੂ ਹੁਕਮ ਅਨੁਸਾਰ ਵਿਦੇਸ਼ ਵਿਚ ਜਾ ਕੇ ਉੱਚ ਵਿੱਦਿਅਕ ਡਿਗਰੀ ਪ੍ਰਾਪਤ ਕਰਨ ਦੇ ਨਾਲ-ਨਾਲ ਅਨੇਕਾਂ ਪੰਥਕ ਸੇਵਾਵਾਂ ਵੀ ਨਿਭਾਈਆਂ। ਆਪ ਜੀ ਦੇ ਯਤਨਾਂ ਸਦਕਾ ਵਿਦਿਆਰਥੀਆਂ ਨੂੰ ਕੈਂਬਰਿਜ਼ ਯੂਨੀਵਰਸਿਟੀ ਵਿਖੇ ਦਸਤਾਰ ਬੰਨ੍ਹਣ ਦਾ ਅਧਿਕਾਰ ਪ੍ਰਾਪਤ ਹੋਇਆ। ਆਪ ਜੀ ਨੇ ਆਪਣੀ ਉੱਚ ਪੱਧਰੀ ਵਿੱਦਿਆ ਤੇ ਕਈ ਕਾਨੂੰਨੀ ਜੁਗਤਾਂ ਵਰਤ ਕੇ ਹਿੰਦੁਸਤਾਨੀਆਂ ਨੂੰ ਕੈਨੇਡਾ ਵਿਖੇ ਪੱਕੇ ਤੌਰ 'ਤੇ ਰਹਿਣ ਦੇ ਅਧਿਕਾਰ ਦਿਵਾਏ, ਜਿਨ੍ਹਾਂ ਨੂੰ ਉਸ ਸਮੇਂ ਕੈਨੇਡਾ ਸਰਕਾਰ ਵੱਲੋਂ ਬਾਹਰ ਕੱਢੇ ਜਾਣ ਦੀਆਂ ਵਿਉਂਤਾਂ ਬਣਾਈਆਂ ਜਾ ਰਹੀਆਂ ਸਨ। ਬਾਬਾ ਤੇਜਾ ਸਿੰਘ ਜੀ ਨੇ ਆਪਣੇ ਅਥਾਹ ਯਤਨਾਂ ਸਦਕਾ ਵਿਦੇਸ਼ਾਂ ਵਿਚ ਗੁਰੂ ਨਾਨਕ ਪਾਤਸ਼ਾਹ ਦੇ ਸਿਧਾਂਤਾਂ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ। ਬਾਬਾ ਤੇਜਾ ਸਿੰਘ ਜੀ ਵੱਲੋਂ ਕਈ ਸਭਾ-ਸੁਸਾਇਟੀਆਂ ਦੀ ਸਥਾਪਨਾ ਦੁਆਰਾ ਵਿਦੇਸ਼ਾਂ ਵਿਚ ਗੁਰਦੁਆਰਿਆਂ ਤੇ ਧਾਰਮਿਕ ਪ੍ਰਯੋਜਨਾਂ ਦਾ ਮੁੱਢ ਬੰਨ੍ਹਿਆ ਗਿਆ। ਬਾਬਾ ਤੇਜਾ ਸਿੰਘ ਜੀ ਵੱਲੋਂ ਪਾਏ ਮਹਾਨ ਯੋਗਦਾਨ ਦੇ ਕਾਰਨ ਕੁੱਝ ਸਮਾਂ ਪਹਿਲਾਂ ਹੀ ਹਰਿਮੰਦਰ ਸਾਹਿਬ ਜੀ ਦੇ ਕੇਂਦਰੀ ਅਜਾਇਬ ਘਰ ਵਿਖੇ 18 ਗਦਰੀ ਬਾਬਿਆਂ ਨਾਲ ਆਪ ਜੀ ਦੀ ਤਸਵੀਰ ਵਿਸ਼ੇਸ਼ ਰੂਪ ਵਿੱਚ ਲਗਾਈ ਗਈ। ਸੰਤ ਤੇਜਾ ਸਿੰਘ ਜੀ ਵਿਦੇਸ਼ਾਂ ਵਿੱਚ ਵੀ ਵਿਦਿਆਰਥੀਆਂ ਦੀ ਪੜ੍ਹਾਈ ਸਬੰਧੀ ਯਤਨ ਕਰਦੇ ਰਹਿੰਦੇ ਸਨ। ਇੱਥੋਂ ਤਕ ਕਿ ਅਮਰੀਕਾ ਵਿਖੇ ਵਿਦਿਆਰਥੀਆਂ ਦੀ ਦੇਖਭਾਲ, ਪੜ੍ਹਾਈ ਅਤੇ ਉਨ੍ਹਾਂ ਦੇ ਵਜ਼ੀਫਿਆਂ ਜਾਂ ਫੀਸ ਆਦਿ ਦੇ ਇੰਤਜਾਮ ਲਈ ਗਦਰੀ ਬਾਬਾ ਸੰਤ ਵਿਸਾਖਾ ਸਿੰਘ ਜੀ ਵੱਲੋਂ ਆਪ ਜੀ ਨੂੰ ਵਿਦਿਅਕ ਕਮੇਟੀ ਦਾ ਮੈਂਬਰ ਵੀ ਨਿਯੁਕਤ ਕੀਤਾ ਗਿਆ ਸੀ। ਸਿਖ ਪੰਥ ਲਈ ਉਨ੍ਹਾਂ ਦਾ ਇਹ ਬਹੁਤ ਮਹਾਨ ਯੋਗਦਾਨ ਹੈ।

ਪੁਸਤਕ 'ਅਤਰ ਦੀ ਮਹਿਕ- ਜੀਵਨ ਗਾਥਾ ਸੰਤ ਬਾਬਾ ਤੇਜਾ ਸਿੰਘ ਜੀ ਮਸਤੂਆਣੇ ਵਾਲੇ (ਐਮ.ਏ, ਐਲ.ਐਲ.ਬੀ, ਏ.ਐਮ, ਹਾਰਵਰਡ)' ਵਿਚ ਡਾ. ਅਜੈ ਪਾਲ ਸਿੰਘ ਵੱਲੋਂ ਸੰਤ ਤੇਜਾ ਸਿੰਘ ਜੀ ਦੇ ਜੀਵਨ ਤੇ ਯੋਗਦਾਨ ਬਾਬਤ ਬੜੀ ਮਹੱਤਵਪੂਰਨ ਜਾਣਕਾਰੀ ਨੂੰ ਪਾਠਕਾਂ ਦੇ ਸਨਮੁਖ ਕੀਤਾ ਗਿਆ ਹੈ। ਪੁਸਤਕ ਨੂੰ ਪੰਜਾਬ ਦੇ ਮਹਾਨ ਅਦਾਰੇ ਭਾਸ਼ਾ ਵਿਭਾਗ ਵੱਲੋਂ ਛਾਪਿਆ ਜਾਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪੁਸਤਕ ਵਿਚ ਬੜੇ ਮਹੱਤਵਪੂਰਨ ਪੱਖਾਂ ਨੂੰ ਅੰਕਿਤ ਕੀਤਾ ਗਿਆ ਹੈ। ਪੁਸਤਕ ਦੇ ਆਰੰਭ ਵਿਚ ਗੁਰਮਤਿ ਤੇ ਅਕਾਦਮਿਕ ਖੇਤਰ ਵਿਚ ਮਾਣ ਹਾਸਲ ਕਰਨ ਵਾਲੇ ਵਿਦਵਾਨਾਂ ਵੱਲੋਂ ਪੁਸਤਕ ਸਬੰਧੀ ਵਿਸ਼ੇਸ਼ ਜਾਣਕਾਰੀ ਦਰਜ ਕੀਤੀ ਗਈ ਹੈ। ਜਿਵੇਂ ਸਿਖ ਜਗਤ ਦੀ ਮਹਾਨ ਵਿਦਵਾਨ ਹਸਤੀ ਡਾ. ਸਰਬਜਿੰਦਰ ਸਿੰਘ ਵੱਲੋਂ ਇਸ ਪੁਸਤਕ ਲਈ 'ਸਵਾਗਤੀ ਸ਼ਬਦ' ਦਰਜ ਕੀਤੇ ਗਏ ਹਨ। ਇਸ ਤੋਂ ਇਲਾਵਾ ਡਾ. ਪਰਿਤ ਪਾਲ ਸਿੰਘ (ਵਾਈਸ-ਚਾਂਸਲਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ) ਤੇ ਡਾ. ਪਰਮਵੀਰ ਸਿੰਘ (ਪੰਜਾਬੀ ਯੂਨੀਵਰਸਿਟੀ) ਵੱਲੋਂ ਵੀ ਪੁਸਤਕ ਬਾਰੇ ਅਹਿਮ ਪਹਿਲੂ ਬਿਆਨੇ ਗਏ ਹਨ। ਇਸੇ ਤਰ੍ਹਾਂ ਸੰਤ ਤੇਜਾ ਸਿੰਘ ਜੀ ਦੇ ਪਹਿਲੇ ਵਿਦਿਆਰਥੀ ਗਿਆਨੀ ਸਾਹਿਬ ਸਿੰਘ ਮਾਰਕੰਡੇ ਵਾਲਿਆਂ ਨੇ ਵੀ ਆਪਣੇ ਸੰਤ ਤੇਜਾ ਸਿੰਘ ਨਾਲ ਰਿਸ਼ਤੇ ਤੇ ਪਿਆਰ ਦਾ ਜ਼ਿਕਰ ਕੀਤਾ ਹੈ। ਲੇਖਕ ਵੱਲੋਂ ਸੰਤ ਤੇਜਾ ਸਿੰਘ ਦੇ ਜੀਵਨ ਸਬੰਧੀ ਵਿਸ਼ੇਸ਼ ਤੱਥਾਂ ਨੂੰ ਹਵਾਲਿਆਂ ਸਹਿਤ ਪ੍ਰਗਟਾਇਆ ਗਿਆ ਹੈ ਜਿਸ ਨਾਲ ਇਹ ਕਾਰਜ ਅਕਾਦਮਿਕ ਤੇ ਮਿਆਰੀ ਪੱਧਰ ਦਾ ਦਰਜਾ ਹਾਸਿਲ ਕਰਦਾ ਹੈ। ਸੰਤ ਤੇਜਾ ਸਿੰਘ ਜੀ ਦੇ ਜੀਵਨ ਵਿਚ ਸੰਤ ਅਤਰ ਸਿੰਘ ਜੀ ਦਾ ਕੀ ਰੋਲ ਰਿਹਾ ? ਸੰਤ ਤੇਜਾ ਸਿੰਘ ਜੀ ਨੂੰ ਗੁਰਮਤਿ ਦੀ ਘਾਲਣਾ ਦੌਰਾਨ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ, ਆਦਿ ਪੱਖਾਂ ਨੂੰ ਲੇਖਕ ਨੇ ਬੜੇ ਭਾਵਪੂਰਨ ਢੰਗ ਨਾਲ ਬਿਆਨ ਕੀਤਾ ਹੈ। ਸੰਤ ਜੀ ਵੱਲੋਂ ਪਾਏ ਯੋਗਦਾਨ ਨੂੰ ਬਹੁਤ ਸਾਰੇ ਪੁਖਤਾ ਹਵਾਲਿਆਂ ਦੁਆਰਾ ਸਿੱਧ ਕਰਨ ਕਰਕੇ ਇਹ ਗਾਥਾ ਇਕ ਉੱਚ ਪੱਧਰ ਦਾ ਖੋਜ ਕਾਰਜ ਹੋ ਨਿਬੜਦਾ ਹੈ। ਡਾ. ਅਜੈ ਪਾਲ ਸਿੰਘ ਦੇ ਏਸ ਉੱਦਮ ਲਈ ਜਿੱਥੇ ਉਹ ਵਿਸ਼ੇਸ਼ ਵਧਾਈ ਦਾ ਪਾਤਰ ਹੈ ਉੱਥੇ ਹੀ ਉਮੀਦ ਹੈ ਇਸ ਤਰ੍ਹਾਂ ਦੇ ਕਾਰਜ ਦੁਆਰਾ ਵਿਰਾਸਤ ਦੇ ਫਖਰ ਨੂੰ ਉੱਚਾ ਕਰਨ ਲਈ ਹੋਰਨਾਂ ਖੋਜੀਆਂ ਜਾਂ ਵਿਦਵਾਨਾਂ ਦੁਆਰਾ ਵੀ ਹੰਭਲਾ ਮਾਰਿਆ ਜਾਵੇਗਾ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਇਸ ਤਰ੍ਹਾਂ ਦੇ ਬਜ਼ੁਰਗਾਂ ਦੀ ਘਾਲ ਕਮਾਈ ਤੋਂ ਜਾਣੂ ਹੋ ਕੇ ਸੇਧ ਲੈ ਸਕਣ।



## ਪੰਜਾਬ 'ਚ ਮੁਰਦੇ ਵੀ ਲੈ ਰਹੇ

ਬਿਆਨ ਅਨੁਸਾਰ 3 ਜਨਵਰੀ 2017 ਨੂੰ 39,000 ਰੁਪਏ ਦੀ ਖਾਦ ਅਤੇ 21,000 ਰੁਪਏ ਦੀ ਨਗਦੀ ਲੈ ਗਈ ਸੀ। ਇਸ ਕਰਜ਼ੇ 'ਤੇ 3,280 ਰੁਪਏ ਦਾ ਵਿਆਜ ਵੀ ਮਿਲਦਾ ਸੀ। 21 ਜਨਵਰੀ 2021 ਨੂੰ ਵੀ 63 ਹਜ਼ਾਰ 280 ਰੁਪਏ ਜਮ੍ਹਾ ਕਰਵਾਏ ਗਏ ਸਨ। 22 ਜਨਵਰੀ ਨੂੰ ਮੁੜ ਬਖਸ਼ੀਸ਼ ਸਿੰਘ ਦੇ ਖਾਤੇ ਵਿੱਚ 63 ਹਜ਼ਾਰ ਰੁਪਏ ਜਮ੍ਹਾਂ ਕਰਵਾਏ ਗਏ।

**ਮਾਮਲਾ 2- 2009 ਵਿੱਚ ਜੋਗਿੰਦਰ ਦੀ ਮੌਤ ਹੋ ਗਈ, ਪਰਿਵਾਰ 'ਤੇ 51 ਹਜ਼ਾਰ ਦਾ ਕਰਜ਼ਾ**

ਪਿੰਡ ਗੋਹਲਵੜ ਦੇ ਅੰਗਰੇਜ਼ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਜੋਗਿੰਦਰ ਸਿੰਘ ਦੀ 22 ਦਸੰਬਰ 1999 ਨੂੰ ਮੌਤ ਹੋ ਗਈ ਸੀ। ਕੇਂਦਰੀ ਸਹਿਕਾਰੀ ਬੈਂਕ ਦੋਬੁਰਜੀ ਵਿੱਚ ਜੋਗਿੰਦਰ ਸਿੰਘ ਦੇ ਖਾਤੇ ਵਿੱਚ 17 ਮਾਰਚ, 2017 ਦਾ ਲੈਣ-ਦੇਣ ਦਿਖਾਇਆ ਗਿਆ। ਬਿਆਨ ਅਨੁਸਾਰ 31 ਮਾਰਚ 2017 ਨੂੰ ਜੋਗਿੰਦਰ ਸਿੰਘ ਨੇ ਬੈਂਕ ਤੋਂ 1 ਲੱਖ 1 ਹਜ਼ਾਰ 400 ਰੁਪਏ ਦਾ ਕਰਜ਼ਾ ਲਿਆ ਸੀ। 21 ਦਸੰਬਰ 2022 ਨੂੰ 50 ਹਜ਼ਾਰ ਰੁਪਏ ਵੀ ਜਮ੍ਹਾਂ ਕਰਵਾਏ ਗਏ ਸਨ। ਹੁਣ ਬੈਂਕ ਨੇ ਜੋਗਿੰਦਰ ਨੂੰ 51 ਹਜ਼ਾਰ 400 ਰੁਪਏ ਦਾ ਕਰਜ਼ਦਾਰ ਦਿਖਾਇਆ ਹੈ।

**ਮਾਮਲਾ 3- 2008 ਵਿਚ ਪਿਤਾ ਦੀ ਮੌਤ, ਪੁੱਤਰ 1 ਲੱਖ ਦਾ ਕਰਜ਼ਦਾਰ ਹੋ ਗਿਆ**

ਪਿੰਡ ਗੋਹਲਵੜ ਦੇ ਬਲਵਿੰਦਰ ਸਿੰਘ, ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਮੋਹਨ ਸਿੰਘ ਦੀ 7 ਜਨਵਰੀ 2008 ਨੂੰ ਮੌਤ ਹੋ ਗਈ ਸੀ। ਕੇਂਦਰੀ ਸਹਿਕਾਰੀ ਬੈਂਕ ਦੋਬੁਰਜੀ ਵਿੱਚ ਮੋਹਨ ਸਿੰਘ ਦੇ ਖਾਤੇ ਵਿੱਚ ਮਈ 2017 ਦੇ ਲੈਣ-ਦੇਣ ਦਿਖਾਈ ਦਿੱਤੇ। ਬਿਆਨ ਅਨੁਸਾਰ ਮੋਹਨ ਸਿੰਘ ਨੇ 22 ਮਈ 2017 ਨੂੰ ਦੋ ਕਿਸ਼ਤਾਂ ਵਿੱਚ 69,000 ਅਤੇ 31,000 ਰੁਪਏ ਦਾ ਕਰਜ਼ਾ ਲਿਆ ਸੀ। ਬੈਂਕ ਨੇ ਮ੍ਰਿਤਕ ਮੋਹਨ ਸਿੰਘ ਨੂੰ ਕੁੱਲ 1 ਲੱਖ ਰੁਪਏ ਦਾ ਕਰਜ਼ਦਾਰ ਦਿਖਾਇਆ ਹੈ। ਪੁੱਤਰ ਬਲਵਿੰਦਰ ਸਿੰਘ, ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਨਹੀਂ ਪਤਾ ਕਿ ਉਹ ਕਰਜ਼ਾ ਕਿਵੇਂ ਵਾਪਸ ਕਰਨਗੇ।

17 ਮ੍ਰਿਤਕ ਵੀ ਜਿਨ੍ਹਾਂ ਦੇ ਖਾਤਿਆਂ ਵਿਚ ਘਪਲਾ ਹੋਇਆ ਸੀ : ਚਰਨ ਸਿੰਘ, ਸੁੱਚਾ ਸਿੰਘ, ਚਾਨਣ ਸਿੰਘ, ਚਰਨ ਸਿੰਘ, ਸਲਵੰਤ ਸਿੰਘ, ਸਲਵੰਤ ਸਿੰਘ, ਅਜੈਬ ਸਿੰਘ, ਨਿਰੰਜਨ ਸਿੰਘ, ਬਲਦੇਵ ਸਿੰਘ, ਬੇਅੰਤ ਸਿੰਘ, ਆਸਾ ਸਿੰਘ, ਮੋਹਨ ਸਿੰਘ, ਦਿਆਲ ਸਿੰਘ, ਕਸ਼ਮੀਰ ਸਿੰਘ, ਉਜਾਗਰ ਸਿੰਘ, ਕਰਨੈਲ ਸਿੰਘ ਅਤੇ ਸੰਤਾ ਸਿੰਘ ਦੇ ਖਾਤਿਆਂ ਵਿੱਚ ਵੀ ਘਪਲਾ ਹੋਇਆ ਹੈ।

***

## ਅਮਰੀਕਾ ਦੇ ਵਿਦਿਅਕ ਅਦਾਰਿਆਂ

ਇਸ ਦੇ ਬਾਵਜੂਦ ਬੰਦੂਕਧਾਰੀ ਕਈ ਕਮਰਿਆਂ ਵਿੱਚ ਦਾਖਲ ਹੋ ਗਿਆ ਅਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ ਸਨ।

ਸਮੂਹਿਕ ਗੋਲੀਬਾਰੀ ਦੀ ਹਰ ਨਵੀਂ ਘਟਨਾ ਦੇ ਨਾਲ, ਵਧੇਰੇ ਸਕੂਲ, ਵਪਾਰਕ ਅਦਾਰੇ ਅਤੇ ਦਫਤਰ ਰੋਕਥਾਮ ਉਪਾਅ ਕਰ ਰਹੇ ਹਨ। ਇੱਥੋਂ ਤੱਕ ਕਿ ਅਮਰੀਕਾ ਦੇ ਖੇਤਰਾਂ ਵਿੱਚ ਜੋ ਸਖ਼ਤ ਬੰਦੂਕ ਨਿਯੰਤਰਣ ਕਾਨੂੰਨਾਂ ਦਾ ਸਮਰਥਨ ਕਰਦੇ ਹਨ, ਬਿਲਡਿੰਗ ਸੁਰੱਖਿਆ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਸਟਾਫ ਨੂੰ ਹਮਲੇ ਤੋਂ ਬਚਣ ਲਈ ਸਿਖਲਾਈ ਦਿੱਤੀ ਜਾ ਰਹੀ ਹੈ। ਨੈਸ਼ਨਲ ਐਜੂਕੇਸ਼ਨ ਸਟੈਟਿਸਟਿਕਸ ਸੈਂਟਰ ਦੁਆਰਾ ਪਿਛਲੇ ਸਾਲ 1,000 ਸਕੂਲਾਂ ਦੇ ਸਰਵੇਖਣ ਵਿੱਚ, ਜ਼ਿਆਦਾਤਰ ਸਕੂਲਾਂ ਨੇ ਕਿਹਾ ਕਿ ਉਹ ਨਿਸ਼ਾਨੇਬਾਜ਼ਾਂ ਨੂੰ ਰੋਕਣ ਲਈ ਕਮਰਿਆਂ ਨੂੰ ਤਾਲਾ ਲਗਾਉਣ ਸਮੇਤ ਜ਼ਰੂਰੀ ਉਪਾਅ ਕਰ ਰਹੇ ਹਨ।

**

## ਗਊ ਰੱਖਿਆ ਦੀ ਆੜ ਹੇਠ ਦੋ ਮੁਸਲਿਮ

ਕੀਤੀ ਜਾਵੇ ਪਰ ਇਨ੍ਹਾਂ ਦਿਸ਼ਾ-ਨਿਰਦੇਸ਼ਾਂ ਨੂੰ ਅਮਲੀ ਰੂਪ ਨਹੀਂ ਦਿੱਤਾ ਗਿਆ। ਲੋਕਾਂ ਵਿਚ ਪ੍ਰਭਾਵ ਇਹ ਹੈ ਕਿ ਸੱਤਾਧਾਰੀ ਧਿਰ ਗਊ ਰੱਖਿਅਕ ਨੂੰ ਸਿੱਧੇ-ਅਸਿੱਧੇ ਤਰੀਕਿਆਂ ਨਾਲ ਉਤਸ਼ਾਹਿਤ ਕਰਦੀ ਹੈ। ਪੁਲੀਸ ਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਜਿੱਥੇ ਪਸ਼ੂ ਤਸਕਰੀ ਨਾਲ ਸਬੰਧਿਤ ਮਾਮਲਿਆਂ ਵਿੱਚ ਕਾਨੂੰਨੀ ਕਾਰਵਾਈ ਕੀਤੀ ਜਾਵੇ, ਉੱਥੇ ਸੱਤਾਧਾਰੀਆਂ ਦੀ ਸਰਪ੍ਰਸਤੀ ਹੇਠ ਪਲਦੇ ਅਜਿਹੇ ਭਗਵੇਂ ਦਹਿਸ਼ਤਗਰਦ ਅਨਸਰਾਂ 'ਤੇ ਨਕੇਲ ਕਸੀ ਜਾਵੇ। ਦੁਖਾਂਤ ਇਹ ਹੈ ਕਿ ਅਜਿਹੇ ਭਗਵੇਂ ਦਹਿਸ਼ਤਗਰਦਾਂ ਵਿਰੁੱਧ ਨਾ ਤਾਂ ਪ੍ਰਭਾਵਸ਼ਾਲੀ ਕਾਰਵਾਈ ਕੀਤੀ ਗਈ ਹੈ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਨੇ ਇਸ ਰੁਝਾਨ ਦਾ ਡਟ ਕੇ ਵਿਰੋਧ ਕੀਤਾ ਹੈ। ਸਿਆਸੀ ਪਾਰਟੀਆਂ ਨੂੰ ਇਹ ਡਰ ਖਾਂਦਾ ਰਹਿੰਦਾ ਹੈ ਕਿ ਅਜਿਹਾ ਕਰਨ ਨਾਲ ਬਹੁਗਿਣਤੀ ਫ਼ਿਰਕੇ ਦੇ ਲੋਕ ਨਾਰਾਜ਼ ਹੋ ਜਾਣਗੇ ਅਤੇ ਉਨ੍ਹਾਂ ਦੀਆਂ ਵੋਟਾਂ ਘਟ ਜਾਣਗੀਆਂ। ਇਹ ਰੁਝਾਨ ਸਮਾਜ ਵਿਚ ਵਾਪਰ ਰਹੀ ਹਿੰਸਲੀ ਦਹਿਸ਼ਤਗਰਦੀ ਦੀ ਨਿਸ਼ਾਨਦੇਹੀ ਕਰਦਾ ਹੈ।

***

## ਅਮਰੀਕੀ ਕਾਰੋਬਾਰੀ ਜਾਰਜ ਸੋਰੋਸ ਨੇ

ਵਿੱਚ ਕੰਮ ਕਰਦੀ ਹੈ। ਬਰਤਾਨੀਆ ਵਿੱਚ, ਉਨ੍ਹਾਂ ਨੂੰ 1992 ਵਿੱਚ ਬੈਂਕ ਆਫ਼ ਇੰਗਲੈਂਡ ਨੂੰ ਬਰਬਾਦ ਕਰਨ ਵਾਲੇ ਵਿਅਕਤੀ ਵਜੋਂ ਜਾਣਿਆ ਜਾਂਦਾ ਹੈ।

ਜਾਰਜ ਸੋਰੋਨ ਜੋ ਕਿ ਲੋਕਤੰਤਰ ਦੇ ਹੱਕ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਨਾਲ ਜੁੜੇ ਹੋਏ ਹਨ। ਆਪਣੇ ਕੰਮ ਕਾਰਨ ਉਹ ਹਮੇਸ਼ਾ ਸੱਜੇਪੱਖੀ ਧਿਰਾਂ ਦੇ ਨਿਸ਼ਾਨੇ 'ਤੇ ਰਹਿੰਦੇ ਹਨ। ਉਨ੍ਹਾਂ ਨੇ 2003 ਦੀ ਇਰਾਕ ਜੰਗ ਦੀ ਆਲੋਚਨਾ ਕੀਤੀ ਅਤੇ ਅਮਰੀਕਾ ਦੀ ਡੈਮੋਕ੍ਰੇਟਿਕ ਪਾਰਟੀ ਨੂੰ ਲੱਖਾਂ ਡਾਲਰ ਦਾਨ ਦਿੱਤੇ ਸਨ। ਇਸ ਤੋਂ ਬਾਅਦ ਅਮਰੀਕੀ ਸੱਜੇਪੱਖੀਆਂ ਦੇ ਉਨ੍ਹਾਂ 'ਤੇ ਹਮਲੇ ਹੋਰ ਤੇਜ਼ ਹੋ ਗਏ ਸਨ। ਡੋਨਾਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਬਣਨ ਤੋਂ ਬਾਅਦ, ਸੋਰੋਸ 'ਤੇ ਹਮਲਿਆਂ ਨੇ ਨਵਾਂ ਰੂਪ ਲੈਣਾ ਸ਼ੁਰੂ ਕਰ ਦਿੱਤਾ ਸੀ।ਇੱਥੋਂ ਤੱਕ ਕਿ ਡੋਨਲਡ ਟਰੰਪ ਨੇ ਰਾਸ਼ਟਰਪਤੀ ਦੇ ਅਹੁਦੇ 'ਤੇ ਹੁੰਦਿਆਂ ਉਨ੍ਹਾਂ ਬਾਰੇ ਕਈ ਵਾਰ ਟਿੱਪਣੀਆਂ ਕੀਤੀਆਂ ਸਨ।

***

## ਭਾਰਤ ਨਿਰੰਕੁਸ਼ ਰਾਜ ਵਧਿਆ

ਨੇਪਾਲ ਤੇ ਭੁਟਾਨ ਦੀ ਸਥਿਤੀ ਭਾਰਤ ਤੋਂ ਬੇਹਤਰ ਹੈ।ਸਪੱਸ਼ਟ ਹੈ ਕਿ ਮਨੁੱਖੀ ਅਧਿਕਾਰਾਂ ਬਾਰੇ ਹਰ ਇੰਡੈਕਸ ਵਿੱਚ ਭਾਰਤ ਦੀ ਹਾਲਤ ਵਿਗੜਦੀ ਜਾ ਰਹੀ ਹੈ। ਇਹ ਇਸ ਗੱਲ ਤੋਂ ਵੀ ਸਪੱਸ਼ਟ ਹੈ ਕਿ ਅਜਿਹੀਆਂ ਖ਼ਬਰਾਂ ਨੂੰ ਗੋਦੀ ਮੀਡੀਆ ਗਾਇਬ ਕਰ ਦਿੰਦਾ ਹੈ। ਇਹ ਤੱਥ ਜਦੋਂ ਵਿਦੇਸ਼ੀ ਮੀਡੀਆ ਵਿੱਚ ਸਾਹਮਣੇ ਆਉਂਦੇ ਹਨ ਤਾਂ ਇਸ ਨੂੰ ਸੱਤਾਧਾਰੀਆਂ ਵੱਲੋਂ ਭਾਰਤ ਵਿਰੁੱਧ ਵਿਦੇਸ਼ੀ ਸਾਜਿਸ਼ ਕਰਾਰ ਦੇ ਦਿੱਤਾ ਜਾਂਦਾ ਹੈ। ਇਥੇ ਜ਼ਿਕਰਯੋਗ ਹੈ ਕਿ ਵਿਰੋਧੀ ਪਾਰਟੀਆਂ ਤੇ ਬੁੱਧੀਜੀਵੀ ਭਾਜਪਾ ਸਰਕਾਰ ਦੀਆਂ ਕੇਂਦਰਵਾਦੀ, ਦਮਨਕਾਰੀ ਨੀਤੀਆਂ ਦੀ ਆਲੋਚਨਾ ਕਰਦੇ ਰਹੇ ਹਨ। ਅਡਾਨੀ ਉੱਤੇ ਲੱਗੇ ਦੋਸ਼ਾਂ ਦਾ ਮੋਦੀ ਸਰਕਾਰ ਬਚਾਅ ਕਰਦੀ ਹੈ, ਦੂਜੇ ਪਾਸੇ ਬੀ. ਬੀ. ਸੀ. ਵੱਲੋਂ ਮੋਦੀ ਬਾਰੇ ਡਾਕੂਮੈਂਟਰੀ ਦਿਖਾਏ ਜਾਣ ਕਾਰਨ ਉਸ ਦੇ ਦਫ਼ਤਰਾਂ ਉੱਤੇ ਛਾਪੇ ਮਾਰੇ ਗਏ ਸਨ। ਭਾਜਪਾ ਸਮਰਥਕ ਤੇ ਭਗਵੇਂ ਸਾਧ ਵਿਰੋਧੀਆਂ ਨੂੰ ਮਾਰਨ-ਕੱਟਣ ਦੀਆਂ ਧਮਕੀਆਂ ਦੇ ਰਹੇ ਹਨ, ਦੂਜੇ ਪਾਸੇ ਫਿਰਕੂ ਸਦਭਾਵਨਾ ਦੀ ਗੱਲ ਕਰਨ ਵਾਲਿਆਂ ਨੂੰ ਦੇਸ਼ ਧ੍ਰੋਹੀ ਕਰਾਰ ਦੇ ਦਿੱਤਾ ਜਾਂਦਾ ਹੈ।

## ਸਿਆਸੀ ਪਾਰਟੀਆਂ ਲਈ ਵੱਕਾਰ

ਹਾਰਨ ਵਾਲੇ ਲੋਕ ਸਭਾ ਦੇ ਸਾਬਕਾ ਉਪ ਸਪੀਕਰ ਚਰਨਜੀਤ ਸਿੰਘ ਅਟਵਾਲ ਜਾਂ ਉਨ੍ਹਾਂ ਦੇ ਸਾਬਕਾ ਵਿਧਾਇਕ ਪੁੱਤਰ ਇੰਦਰ ਇਕਬਾਲ ਸਿੰਘ ਅਟਵਾਲ 'ਤੇ ਵੀ ਦਾਅ ਖੇਡਿਆ ਜਾ ਸਕਦਾ ਹੈ।

ਭਾਜਪਾ ਇਸ ਸੀਟ 'ਤੇ ਸਾਬਕਾ ਕੇਂਦਰੀ ਮੰਤਰੀ ਅਤੇ ਭਾਰਤੀ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਜਾਂ ਰਾਜੇਸ਼ ਬਾਘਾ ਵਿੱਚੋਂ ਕਿਸੇ ਇਕ ਨੂੰ ਮੈਦਾਨ 'ਚ ਉਤਾਰ ਸਕਦੀ ਹੈ। ਪਰ ਤਾਜ਼ਾ ਸੂਚਨਾ ਅਨੁਸਾਰ ਕਾਂਗਰਸ ਵਿਚੋਂ ਭਾਜਪਾ ਵਿੱਚ ਆਏ ਸਾਬਕਾ ਮੰਤਰੀ ਡਾ. ਰਾਜ ਕੁਮਾਰ ਵੇਰਕਾ ਨੂੰ ਵੀ ਇਥੋਂ ਉਮੀਦਵਾਰ ਬਣਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ।

**

## ਹਿੰਦੂ ਰਾਸ਼ਟਰਵਾਦ ਦਾ ਨਾਹਰੇਬਾਜ਼

ਉਨ੍ਹਾਂ ਦੇ ਪਿੰਡ ਯੂ.ਪੀ. ਲੈ ਗਏ।

ਇਸ ਤੋਂ ਸਪੱਸ਼ਟ ਹੈ ਕਿ ਹਿੰਦੂ ਰਾਸ਼ਟਰ ਦੀ ਨਾਹਰੇਬਾਜ਼ੀ ਕਰਨ ਵਾਲਾ ਇਹ ਬਾਬਾ ਪਾਖੰਡ ਕਰਕੇ ਲੋਕਾਂ ਨੂੰ ਆਪਣੇ ਭਰਮ ਜਾਲ ਵਿਚ ਫਸਾ ਕੇ ਠੱਗੀ ਮਾਰ ਰਿਹਾ ਹੈ।ਉਸ ਦੇ ਫੈਲਾਏ ਜਾਦੂ ਤੰਤਰ ਕਾਰਨ ਲੋਕਾਂ ਦੀ ਮੌਤ ਹੋ ਰਹੀ ਹੈ ਪਰ ਸਰਕਾਰ ਚੁੱਪ ਕਰਕੇ ਤਮਾਸ਼ਾ ਦੇਖ ਰਹੀ ਹੈ। ਸੁਆਲ ਇਹ ਹੈ ਕਿ ਅਨਪੜ੍ਹ ਬਾਬੇ ਕਿਡਨੀ, ਮਿਰਗੀ ਦਾ ਇਲਾਜ ਕਿਵੇਂ ਕਰ ਸਕਦੇ ਹਨ।

***

## ਗਰਭ ਅਵਸਥਾ ਦੌਰਾਨ ਇੱਕ

ਇਸ ਦਾ ਅਸਰ ਚਿਹਰੇ ਦੇ ਨਾਲ-ਨਾਲ ਬੱਚੇ ਦੇ ਦਿਮਾਗ 'ਤੇ ਵੀ ਪੈਂਦਾ ਹੈ। ਉਹ ਮਾਨਸਿਕ ਤੌਰ 'ਤੇ ਕਮਜ਼ੋਰ ਹੋ ਸਕਦਾ ਹੈ। ਉਸਦੇ ਵਿਵਹਾਰ ਵਿੱਚ ਵੀ ਕੋਈ ਸਮੱਸਿਆ ਹੋ ਸਕਦੀ ਹੈ। ਇਸੇ ਲਈ ਅਣਜੰਮੇ ਬੱਚੇ ਦੀ ਸੁਰੱਖਿਆ ਲਈ ਔਰਤਾਂ ਨੂੰ ਸ਼ਰਾਬ ਤੋਂ ਦੂਰ ਰਹਿਣ ਲਈ ਕਿਹਾ ਜਾਂਦਾ ਹੈ।

ਇਸ ਤੋਂ ਪਹਿਲਾਂ ਦੀ ਖੋਜ ਵਿੱਚ, ਗਰਭ ਅਵਸਥਾ ਦੌਰਾਨ ਹਰ ਹਫ਼ਤੇ 70 ਗ੍ਰਾਮ ਅਲਕੋਹਲ ਨਾਲ ਬੱਚੇ 'ਤੇ ਹੋਣ ਵਾਲੇ ਪ੍ਰਭਾਵ ਨੂੰ ਲੈ ਕੇ ਇੱਕ ਅਧਿਐਨ ਕੀਤਾ ਗਿਆ ਸੀ। ਇਸ ਵਿਚ ਵੀ ਕੁਝ ਅਜਿਹਾ ਹੀ ਨਤੀਜਾ ਦੇਖਣ ਨੂੰ ਮਿਲਿਆ ਸੀ। ਸਿਹਤ ਮਾਹਿਰਾਂ ਦਾ ਮੰਨਣਾ ਹੈ ਕਿ ਸ਼ਰਾਬ ਦੀ ਕੋਈ ਵੀ ਮਾਤਰਾ ਭਰੂਣ ਅਤੇ ਬੱਚੇ ਲਈ ਹਾਨੀਕਾਰਕ ਹੈ।

***

## ਹਰਿਆਣਾ ਕਮੇਟੀ ਤੇ ਸ਼੍ਰੋਮਣੀ ਕਮੇਟੀ

ਇਸ ਮੌਕੇ ਬਾਬਾ ਬਲਜੀਤ ਸਿੰਘ ਦਾਦੂਵਾਲ ਦੀ ਸੁਰੱਖਿਆ 'ਚ ਤਾਇਨਾਤ ਪੁਲਿਸ ਮੁਲਾਜ਼ਮਾਂ ਨੇ ਸ਼੍ਰੋਮਣੀ ਕਮੇਟੀ ਦੇ ਸਮਰਥਕਾਂ ਨੂੰ ਗੁਰਦੁਆਰੇ ਵਿਚੋਂ ਬਾਹਰ ਕੱਢ ਦਿੱਤਾ ਸੀ। ਇਸ ਤੋਂ ਬਾਅਦ ਪੁਲਿਸ ਸ਼੍ਰੋਮਣੀ ਕਮੇਟੀ ਸਮਰਥਕਾਂ ਨੂੰ ਆਪਣੇ ਨਾਲ ਥਾਣਾ ਕ੍ਰਿਸ਼ਨਾ ਗੇਟ ਲੈ ਗਈ। ਇਹ ਜਾਣਕਾਰੀ ਮਿਲੀ ਹੈ ਕਿ ਸ਼੍ਰੋਮਣੀ ਕਮੇਟੀ ਮੈਂਬਰ ਸਮੇਤ 14 ਖ਼ਿਲਾਫ਼ ਪੁਲਿਸ ਨੂੰ ਸ਼ਿਕਾਇਤ ਕੀਤੀ ਗਈ ਹੈ।

ਐਚਐਸਜੀਐਮਸੀ ਦੇ ਪ੍ਰਧਾਨ ਬਾਬਾ ਕਰਮਜੀਤ ਸਿੰਘ ਨੇ ਕਿਹਾ ਕਿ ਅਰਦਾਸ ਮੌਕੇ ਸ਼੍ਰੋਮਣੀ ਕਮੇਟੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਤਜਿੰਦਰ ਪਾਲ ਸਿੰਘ ਢਿੱਲੋਂ ਅਤੇ ਉਨ੍ਹਾਂ ਨਾਲ ਆਏ ਛੇ ਜਣਿਆਂ ਨੇ ਆਉਂਦੇ ਹੀ ਹੰਗਾਮਾ ਸ਼ੁਰੂ ਕਰ ਦਿੱਤਾ। ਉਹ ਹਰਿਆਣਾ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕਰਦੇ ਹਨ ਕਿ ਅਜਿਹੇ ਲੋਕਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ। ਬਾਬਾ ਕਰਮਜੀਤ ਸਿੰਘ ਨੇ ਕਿਹਾ ਕਿ ਉਹ ਇਸ ਘਟਨਾ ਵਿਰੁਧ ਪੁਲਿਸ ਨੂੰ ਸ਼ਿਕਾਇਤ ਕਰਨਗੇ ਅਤੇ ਸੁਪਰੀਮ ਕੋਰਟ ਅਤੇ ਅਕਾਲ ਤਖ਼ਤ ਸਾਹਿਬ ਨੂੰ ਵੀ ਲਿਖਣਗੇ। ਜ਼ਿਕਰਯੋਗ ਹੈ ਕਿ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਨੇ ਬੀਤੇ ਦਿਨ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਪਹੁੰਚ ਕੇ ਗੁਰਦੁਆਰਾ ਸਾਹਿਬ ਦੀ ਸੇਵਾ ਸੰਭਾਲ ਲਈ ਸੀ। ਕਮੇਟੀ ਮੈਂਬਰਾਂ ਨੇ ਗੁਰਦੁਆਰਾ ਸਾਹਿਬ ਦੀ ਗੋਲਕ 'ਤੇ ਆਪਣੇ ਜਿੰਦਰੇ ਲਾ ਦਿੱਤੇ ਸਨ।

**ਸ਼੍ਰੋਮਣੀ ਕਮੇਟੀ ਨੇ ਪੰਜ ਮੈਂਬਰੀ ਕਮੇਟੀ ਬਣਾਈ**

ਸ਼੍ਰੋਮਣੀ ਕਮੇਟੀ ਨੇ ਹਰਿਆਣਾ ਵਿਚ ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਅਤੇ ਸਿੱਖ ਮਿਸ਼ਨ ਦਫ਼ਤਰ 'ਤੇ ਕਬਜ਼ੇ ਦੇ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾਈ ਹੈ। ਇਸ ਗੰਭੀਰ ਮਾਮਲੇ ਨੂੰ ਵਿਚਾਰਨ ਲਈ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਗਈ ਸੀ। ਮੀਟਿੰਗ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਪੰਜ ਮੈਂਬਰੀ ਕਮੇਟੀ ਗੁਰਦੁਆਰੇ ਵਿਚ ਵਾਪਰੀ ਘਟਨਾ ਦਾ ਜਾਇਜ਼ਾ ਲਵੇਗੀ। ਕਮੇਟੀ ਦੀ ਰਿਪੋਰਟ ਮਗਰੋਂ ਸ੍ਰੀ ਅਕਾਲ ਤਖ਼ਤ ਨੂੰ ਅਗਲੇਰੀ ਕਾਰਵਾਈ ਲਈ ਅਪੀਲ ਕੀਤੀ ਜਾਵੇਗੀ। ਪੰਜ ਮੈਂਬਰੀ ਕਮੇਟੀ ਵਿੱਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰਾ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਮੈਂਬਰ ਜਰਨੈਲ ਸਿੰਘ ਕਰਤਾਰਪੁਰ ਅਤੇ ਬਾਵਾ ਸਿੰਘ ਗੁਮਾਨਪੁਰਾ ਸ਼ਾਮਲ ਹਨ। ਅੰਤ੍ਰਿੰਗ ਕਮੇਟੀ ਨੇ ਗੁਰਦੁਆਰਾ ਪਾਤਸ਼ਾਹੀ ਛੇਵੀਂ ਕੁਰੂਕਸ਼ੇਤਰ ਵਿਚ ਕਬਜ਼ੇ ਲਈ ਕੀਤੀ ਗਈ ਧੱਕੇਸ਼ਾਹੀ ਅਤੇ ਸਿੱਖ ਮਰਿਆਦਾ ਦੀ ਉਲੰਘਣਾ ਦਾ ਸਖ਼ਤ ਨੋਟਿਸ ਲੈਂਦਿਆਂ ਹਰਿਆਣਾ ਸਰਕਾਰ ਨੂੰ ਗੁਰਦੁਆਰਾ ਪ੍ਰਬੰਧਾਂ ਵਿਚ ਦਖ਼ਲ ਬੰਦ ਕਰਨ ਦੀ ਤਾੜਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕਾਰਵਾਈ ਪ੍ਰਤੀ ਰੋਸ ਪ੍ਰਗਟਾਉਣ ਲਈ ਹਰਿਆਣਾ ਦੀ ਸੰਗਤ ਜਦੋਂ ਗੁਰਦੁਆਰੇ ਪੁੱਜੀ ਤਾਂ ਲਾਠੀਚਾਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਪੁਲਿਸ ਕਰਮੀਆਂ ਨੇ ਜੁੱਤੀਆਂ ਸਮੇਤ ਗੁਰਦੁਆਰੇ ਦੀ ਪਰਿਕਰਮਾ ਵਿਚ ਦਾਖ਼ਲ ਹੋ ਕੇ ਮਰਿਯਾਦਾ ਦਾ ਘੋਰ ਉਲੰਘਣ ਕੀਤੀ ਹੈ। ਧਾਮੀ ਨੇ ਕਿਹਾ ਕਿ ਐਡਹਾਕ ਕਮੇਟੀ ਦੀ ਗੈਰਕਾਨੂੰਨੀ ਨਾਮਜ਼ਦਗੀ ਵਿਰੁੱਧ ਕਾਨੂੰਨੀ ਮਾਹਿਰਾਂ ਦੀ ਰਾਇ ਲਈ ਜਾਵੇਗੀ।

## ਦਮਦਮੀ ਟਕਸਾਲ ਮੁਖੀ ਵੱਲੋਂ ਸਖ਼ਤ ਨਿੰਦਾ

ਗੁਰਦੁਆਰਾ ਐਕਟ ਨੂੰ ਮਾਨਤਾ ਦਿੱਤੀ ਹੈ, ਪਰ ਗੁਰਦੁਆਰਾ ਐਕਟ 1925 ਨੂੰ ਉਸ ਨੇ ਰੱਦ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਇਹ ਐਕਟ ਅਜੇ ਜਿਉਂ ਦਾ ਤਿਉਂ ਕਾਰਜਸ਼ੀਲ ਹੈ ਅਤੇ ਸ਼੍ਰੋਮਣੀ ਕਮੇਟੀ ਇਸੇ ਐਕਟ ਤਹਿਤ ਹੀ ਹਰਿਆਣਾ ਦੇ ਗੁਰਦੁਆਰਿਆਂ ਦਾ ਪ੍ਰਬੰਧ ਸੰਭਾਲ ਰਹੀ ਹੈ। ਉਨ੍ਹਾਂ ਕਿਹਾ ਕਿ ਜਿੰਨਾ ਚਿਰ ਭਾਰਤ ਸਰਕਾਰ ਪਾਰਲੀਮੈਂਟ ਰਾਹੀਂ ਇਸ ਐਕਟ ਵਿਚ ਸੋਧ ਕਰਕੇ ਹਰਿਆਣਾ ਦੇ ਗੁਰਦੁਆਰਿਆਂ ਨੂੰ ਡੀ-ਨੋਟੀਫਾਈ ਨਹੀਂ ਕਰਦੀ ਉਦੋਂ ਤੱਕ ਹਰਿਆਣਾ ਦੇ ਗੁਰਦੁਆਰਿਆਂ 'ਤੇ ਸਰਕਾਰ ਜਾਂ ਕੋਈ ਹੋਰ ਧੱਕੇ ਨਾਲ ਕਾਬਜ਼ ਹੋਵੇ, ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਸਿੱਖਾਂ ਦੇ ਗੁਰਦੁਆਰਿਆਂ ਦੇ ਪ੍ਰਬੰਧ ਵਿੱਚ ਸਿੱਧੀ ਦਖਲਅੰਦਾਜ਼ੀ ਕਰ ਰਹੀ ਹੈ ਤੇ ਇਹ ਤਰੀਕਾ ਅਪਣਾਉਣਾ ਹਰਿਆਣਾ ਸਰਕਾਰ ਲਈ ਘਾਤਕ ਹੈ

***

## ਦਮਦਮੀ ਟਕਸਾਲ ਮੁਖੀ ਵੱਲੋਂ ਸਖ਼ਤ ਨਿੰਦਾ

ਹਰਨਾਮ ਸਿੰਘ ਖ਼ਾਲਸਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪਾਰਲੀਮੈਂਟ ਦੇ ਸਿੱਖ ਗੁਰਦੁਆਰਾ ਐਕਟ-1925 ਤਹਿਤ ਹੀ ਹਰਿਆਣਾ ਦੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਦੀ ਹੈ ਅਤੇ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਾਲੇ ਗੁਰਦੁਆਰਿਆਂ 'ਤੇ ਕਬਜ਼ਾ ਕਰਕੇ ਪਾਰਲੀਮੈਂਟ ਦੇ ਐਕਟ ਦੀ ਵੀ ਉਲੰਘਣਾ ਕੀਤੀ ਹੈ।

## ਬੀਬੀਆਂ ਨੇ ਮੁਹਾਲੀ 'ਚ ਸੰਭਾਲਿਆ ਪੱਕਾ ਮੋਰਚਾ,

ਕਿਸਾਨ ਸਭਾ ਦੇ ਆਗੂ ਜਸਵੀਰ ਸਿੰਘ ਝੱਜ ਅਤੇ ਹੋਰ ਆਗੂਆਂ ਨੇ ਦੱਸਿਆ ਕਿ ਬੰਦੀ ਸਿੰਘ ਦੀ ਰਿਹਾਈ ਲਈ ਚੱਲ ਰਹੇ ਪੱਕੇ ਮੋਰਚੇ ਦੀ ਹਮਾਇਤ ਵਿੱਚ ਅੱਜ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਆਗੂਆਂ ਨੇ ਕਿਹਾ ਕਿ ਸਜ਼ਾ ਪੂਰੀ ਹੋਣ 'ਤੇ ਵੀ ਕਿਸੇ ਕੈਦੀ ਨੂੰ ਜੇਲ੍ਹ ਵਿੱਚ ਨਜ਼ਰਬੰਦ ਕਰਕੇ ਰੱਖਣਾ ਗੈਰ ਕਾਨੂੰਨੀ ਅਤੇ ਮਨੁੱਖੀ ਅਧਿਕਾਰਾਂ ਤੇ ਡਾਕਾ ਅਤੇ ਕੁਦਰਤੀ ਇਨਸਾਫ਼ ਦੇ ਖ਼ਿਲਾਫ਼ ਹੈ। ਉਨ੍ਹਾਂ ਬੰਦੀ ਸਿੰਘਾਂ ਸਮੇਤ ਸਾਰੇ ਪੱਤਰਕਾਰਾਂ, ਬੁੱਧੀਜੀਵੀਆਂ ਅਤੇ ਸਿਆਸੀ ਵਿਰੋਧੀਆਂ ਦੀ ਰਿਹਾਈ ਦੀ ਮੰਗ ਕੀਤੀ, ਜਿਨ੍ਹਾਂ ਨੂੰ ਸਰਕਾਰ ਵਿਰੋਧੀ ਵਿਚਾਰਾਂ ਕਾਰਨ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ, ਨੂੰ ਤੁਰੰਤ ਰਿਹਾਅ ਕੀਤਾ ਜਾਵੇ।ਇਸ ਦੌਰਾਨ ਪੱਕੇ ਮੋਰਚੇ 'ਤੇ ਡਟੇ ਕੌਮੀ ਇਨਸਾਫ਼ ਮੋਰਚੇ ਦੇ ਆਗੂਆਂ ਬਾਪੂ ਗੁਰਚਰਨ ਸਿੰਘ, ਬਲਵਿੰਦਰ ਸਿੰਘ, ਭਾਈ ਜਸਵਿੰਦਰ ਸਿੰਘ, ਐਡਵੋਕੇਟ ਦਿਲਸ਼ੇਰ ਸਿੰਘ ਅਤੇ ਗੁਰਸ਼ਰਨ ਸਿੰਘ ਨੇ ਕਿਹਾ ਕਿ ਜਦੋਂ ਤੱਕ ਸਮੇਂ ਦੀਆਂ ਸਰਕਾਰਾਂ ਸਿੱਖਾਂ ਦੀਆਂ ਜਾਇਜ਼ ਮੰਗਾਂ ਪ੍ਰਵਾਨ ਨਹੀਂ ਕਰ ਲੈਂਦੀਆਂ ਅਤੇ ਬੰਦੀ ਸਿੰਘ ਰਿਹਾਅ ਹੋ ਕੇ ਪੱਕੇ ਮੋਰਚੇ 'ਤੇ ਨਹੀਂ ਪਹੁੰਚਦੇ, ਉਦੋਂ ਤੱਕ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਦਾਅਵਾ ਕੀਤਾ ਕਿ ਰੋਜ਼ਾਨਾ ਵੱਡੀ ਗਿਣਤੀ ਵਿੱਚ ਸਿੱਖ ਸੰਗਤ ਅਤੇ ਇਨਸਾਫ਼ ਪਸੰਦ ਲੋਕ ਜੁੜ ਰਹੇ ਹਨ

***

## ਐਨ.ਆਈ.ਏ. ਵੱਲੋਂ ਪੰਜਾਬ ਤੇ ਹਰਿਆਣਾ

ਮਾਡਲ ਟਾਊਨ ਵਿਚ ਨਰੇਸ਼ ਕੁਮਾਰ ਅਤੇ ਬੱਲੂਆਣਾ ਦੇ ਪਿੰਡ ਬਿਸ਼ਨਪੁਰਾ ਵਿੱਚ ਦਿਲੀਪ ਬਿਸ਼ਨੋਈ ਦੀ ਰਿਹਾਇਸ਼ 'ਤੇ ਵੀ ਛਾਪੇਮਾਰੀ ਕੀਤੀ। ਜ਼ਿਕਰਯੋਗ ਹੈ ਕਿ ਨਰੇਸ਼ ਕੁਮਾਰ ਅਪਰਾਧਿਕ ਗਤੀਵਿਧੀਆਂ ਦੇ ਕਾਰਨ ਜੇਲ੍ਹ ਵਿਚ ਬੰਦ ਹੈ ਅਤੇ ਲਾਰੈਂਸ ਬਿਸ਼ਨੋਈ ਗੈਂਗ ਨਾਲ ਸੰਪਰਕ ਵਿਚ ਦੱਸਿਆ ਜਾ ਰਿਹਾ ਹੈ। ਛਾਪੇਮਾਰੀ ਦੇ ਸਮੇਂ ਵੱਡੀ ਗਿਣਤੀ 'ਚ ਪੁਲਿਸ ਦੇ ਜਵਾਨ ਉਸ ਦੇ ਘਰ ਦੇ ਬਾਹਰ ਵੀ ਤਾਇਨਾਤ ਸਨ। ਬੱਲੂਆਣਾ ਦੇ ਪਿੰਡ ਬਿਸ਼ਨਪੁਰਾ ਦੇ ਸਾਬਕਾ ਸਰਪੰਚ ਦਲੀਪ ਬਿਸ਼ਨੋਈ ਦੇ ਘਰ ਵੀ ਐਨ. ਆਈ. ਏ. ਦੀ ਟੀਮ ਨੇ ਛਾਪੇਮਾਰੀ ਕੀਤੀ। ਹਲਕਿਆਂ ਮੁਤਾਬਿਕ ਛਾਪੇਮਾਰੀ ਦੇ ਸਮੇਂ ਦਲੀਪ ਬਿਸ਼ਨੋਈ ਘਰ ਵਿਚ ਮੌਜੂਦ ਨਹੀਂ ਸੀ।

ਉਜੈਨ ਵਿਚ ਵੀ ਏਜੰਸੀ ਵਲੋਂ ਮਾਰੇ ਛਾਪੇ

ਐਨ. ਆਈ. ਏ. ਨੇ ਮੱਧ ਪ੍ਰਦੇਸ਼ ਦੇ ਉਜੈਨ ਤੋਂ ਯੋਗੇਸ਼ ਭਾਈ ਅਤੇ ਰਾਜਪਾਲ ਚੰਦਰਾਵਤ ਨਾਲ ਤਕਰੀਬਨ 7 ਘੰਟੇ ਪੁੱਛਗਿੱਛ ਕੀਤੀ। ਟੀਮ ਨੇ ਪੁੱਛਗਿੱਛ ਤੋਂ ਬਾਅਦ ਦੋਵਾਂ ਨੂੰ ਛੱਡ ਦਿੱਤਾ, ਪਰ ਦੋਹਾਂ ਦੇ ਮੋਬਾਈਲ ਜ਼ਬਤ ਕਰ ਲਏ। ਇਨ੍ਹਾਂ ਵਿਚੋਂ ਯੋਗੇਸ਼ ਦਾ ਕੁਨੈਕਸ਼ਨ ਸਿੱਧੂ ਮੂਸੇਵਾਲਾ ਦੇ ਕਤਲ ਅਤੇ ਮੋਹਾਲੀ ਵਿਚ ਪੰਜਾਬ ਪੁਲਿਸ ਇੰਟੈਲੀਜੈਂਸ ਦਫ਼ਤਰ 'ਚ ਰਾਕੇਟ ਲਾਂਚਰ ਦਾਗਣ ਦੇ ਨਾਲ ਦੱਸਿਆ ਜਾਂਦਾ ਹੈ।ਐਨ. ਆਈ. ਏ. ਪਹਿਲਾਂ ਵੀ ਯੋਗੇਸ਼ ਭਾਈ ਦੇ ਘਰ ਛਾਪੇਮਾਰੀ ਕਰ ਚੁੱਕੀ ਹੈ।ਯੋਗੇਸ਼ ਅਤੇ ਰਾਜਪਾਲ ਹਾਲੇ ਕੁਝ ਦਿਨ ਪਹਿਲਾਂ ਹੀ ਤਿਹਾੜ ਜੇਲ੍ਹ ਵਿਚੋਂ ਜ਼ਮਾਨਤ 'ਤੇ ਆਏ ਸਨ।

ਐਨ.ਆਈ.ਏ. ਨੇ ਪੀਲੀਭੀਤ ਤੇ ਪੂਰਨਪੁਰ ਵਿਚ ਪਿੰਡ ਅਭੈਪੁਰ ਮਾਧੋਪੁਰ ਨਿਵਾਸੀ ਅਜ਼ਾਦ ਸਿੰਘ ਦੇ ਘਰ ਤਲਾਸ਼ੀ ਲਈ।ਘਰ ਦੀ ਘੇਰਾਬੰਦੀ ਤੋਂ ਬਾਅਦ ਟੀਮ ਨੇ ਅਜ਼ਾਦ ਸਿੰਘ ਦੇ ਘਰ ਪਹੁੰਚ ਕੇ ਉਸ ਦੇ ਸੰਦੂਕ ਦੇ ਤਾਲੇ ਤੋੜ ਕੇ ਤਲਾਸ਼ੀ ਲਈ।ਇਸ ਤੋਂ ਇਲਾਵਾ ਗੁਜਰਾਤ ਵਿਚ ਐਨ. ਆਈ. ਏ. ਨੇ ਲਾਰੈਂਸ ਬਿਸ਼ਨੋਈ ਦੇ ਕਰੀਬੀ ਕੁਲਵਿੰਦਰ ਦੀ ਰਿਹਾਇਸ਼ 'ਤੇ ਛਾਪੇਮਾਰੀ ਕੀਤੀ। ਹਲਕਿਆਂ ਮੁਤਾਬਿਕ ਕੁਲਵਿੰਦਰ ਦੇ ਅੰਤਰਰਾਸ਼ਟਰੀ ਡਰੱਗ ਮਾਫ਼ੀਆ ਨਾਲ ਸੰਬੰਧ ਹਨ।

***

## ਬਰਤਾਨਵੀ ਸੰਸਦ ਵੱਲੋਂ ਭਾਰਤ

ਢੇਸੀ ਨੇ ਅੱਗੇ ਕਿਹਾ, ÷ਇਸੇ ਕਾਰਨ ਸਾਡੇ ਵਿੱਚੋਂ ਬਹੁਤ ਸਾਰੇ ਚਿੰਤਤ ਸਨ ਕਿਉਂਕਿ ਭਾਰਤ ਇੱਕ ਅਜਿਹਾ ਦੇਸ਼ ਹੈ ਜਿਸ ਨਾਲ ਅਸੀਂ ਲੋਕਤੰਤਰ ਅਤੇ ਪ੍ਰੈਸ ਦੀ ਆਜ਼ਾਦੀ ਦੀਆਂ ਕਦਰਾਂ-ਕੀਮਤਾਂ ਨੂੰ ਸਾਂਝਾ ਕਰਦੇ ਹਾਂ। ਪਰ ਉੱਥੋਂ ਦੀ ਸਰਕਾਰ ਨੇ ਪ੍ਰਧਾਨ ਮੰਤਰੀ ਦੀਆਂ ਕਾਰਵਾਈਆਂ ਦੀ ਆਲੋਚਨਾ ਕਰਨ ਵਾਲੀ ਇੱਕ ਦਸਤਾਵੇਜ਼ੀ ਫ਼ਿਲਮ ਜਾਰੀ ਹੋਣ ਤੋਂ ਬਾਅਦ ਹੀ ਬੀਬੀਸੀ ਦੇ ਦਫ਼ਤਰ 'ਤੇ ਛਾਪਾ ਮਾਰਨ ਦਾ ਫ਼ੈਸਲਾ ਕੀਤਾ।ਅਜਿਹੇ 'ਚ ਮੰਤਰੀ ਨੇ ਆਪਣੇ ਹਮਰੁਤਬਾ ਨਾਲ ਕੀ ਗੱਲ ਕੀਤੀ, ਇਹ ਦੱਸਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪੱਤਰਕਾਰ ਆਪਣਾ ਕੰਮ ਬਿਨਾਂ ਕਿਸੇ ਡਰ ਜਾਂ ਕਿਸੇ ਨੂੰ ਫ਼ਾਇਦਾ ਪਹੁੰਚਾਉਣ ਤੋਂ ਬਗ਼ੈਰ ਕਰ ਸਕਦੇ ਹਨ।

ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰਾਂ ਵੱਲੋਂ ਸਵਾਲ ਚੁੱਕੇ ਜਾਣ ਤੋਂ ਬਾਅਦ ਬਰਤਾਨੀਆ ਸਰਕਾਰ ਦੇ ਮੰਤਰੀ ਡੇਵਿਡ ਰੈਟਲੇ ਨੇ ਆਪਣੀ ਸਰਕਾਰ ਦਾ ਪੱਖ ਪੇਸ਼ ਕੀਤਾ ਹੈ।ਉਨ੍ਹਾਂ ਪਹਿਲੀ ਵਾਰ ਦੱਸਿਆ ਕਿ ਬਰਤਾਨਵੀ ਮੰਤਰੀਆਂ ਨੇ ਆਪਣੇ ਭਾਰਤੀ ਹਮਰੁਤਬਾ ਨਾਲ ਇਸ ਬਾਰੇ ਗੱਲ ਕੀਤੀ ਹੈ।ਉਨ੍ਹਾਂ ਕਿਹਾ, ÷ਮਾਮਲਾ ਚੁੱਕਿਆ ਗਿਆ ਹੈ ਅਤੇ ਇਸ ਮਸਲੇ 'ਤੇ ਅਸੀਂ ਲਗਾਤਾਰ ਨਿਗਰਾਨੀ ਰੱਖ ਰਹੇ ਹਾਂ।÷ਉਨ੍ਹਾਂ ਕਿਹਾ ਕਿ ਬੀਬੀਸੀ ਨੂੰ ਕੌਂਸਲਰ ਮਦਦ ਦੀ ਪੇਸ਼ਕਸ਼ ਕੀਤੀ ਗਈ ਸੀ।

**

## ਭਾਰਤੀ ਕ੍ਰਿਕਟ ਟੀਮ ਦੇ ਮੁੱਖ ਚੋਣ ਕਰਤਾ

ਸਾਲ ਤੱਕ ਦੀ ਵੀ ਉਡੀਕ ਕਰਨੀ ਪੈ ਸਕਦੀ ਹੈ।ਚੇਤਨ ਨੇ ਜੋ ਸਭ ਤੋਂ ਜ਼ਿਆਦਾ ਹੈਰਾਨ ਕਰਨ ਵਾਲੀ ਗੱਲ ਕੀਤੀ ਹੈ ਉਹ ਇਹ ਕਿ ਅਜਿਹੀਆਂ ਸਥਿਤੀਆਂ 'ਚ ਖਿਡਾਰੀ ਟੀਕੇ ਲਗਾ ਕੇ ਵੀ ਫਿੱਟ ਰਹਿਣ ਦੀ ਕੋਸ਼ਿਸ਼ ਕਰਦੇ ਹਨ।ਚੇਤਨ ਨੇ ਕਿਹਾ ਕਿ ਟੀਮ ਦੀ ਚੋਣ ਮੌਕੇ ਕਈ ਖਿਡਾਰੀ 80-85 ਫੀਸਦੀ ਹੀ ਫਿੱਟ ਹੁੰਦੇ ਹਨ ਪਰ ਉਹ ਚੋਣ ਕਰਨ ਵਾਲਿਆਂ ਨੂੰ ਮਿੰਨਤ-ਤਰਲਾ ਕਰਦੇ ਹਨ ਕਿ ਉਨ੍ਹਾਂ ਨੂੰ ਚੁਣਿਆ ਜਾਵੇ।ਅਜਿਹੀ ਸਥਿਤੀ 'ਚ ਕੁੱਝ ਸਟਾਰ ਖਿਡਾਰੀ ਪੂਰੀ ਤਰ੍ਹਾਂ ਫਿੱਟ ਨਾ ਹੋਣ ਹੋਣ 'ਤੇ ਵੀ ਉਨ੍ਹਾਂ ਨੂੰ ਉੱਪਰੋਂ ਹਰੀ ਝੰਡੀ ਮਿਲ ਜਾਂਦੀ ਹੈ, ਜਿਸ ਕਾਰਨ ਚੋਣ ਕਰਤਾ ਨੂੰ ਫਾਈਨਲ ਚੋਣ ਲਈ ਉਨ੍ਹਾਂ ਨੂੰ ਵੀ ਬੁਲਾਉਣਾ ਪੈਂਦਾ ਹੈ।

## ਉਚੇਰੀ ਸਿੱਖਿਆ ਵਿਵਸਥਾ ਦੀ ਗੁਣਵੱਤਾ ਦੀ

'ਮੈਦਾਨ-ਏ-ਜੰਗ ਵਿਚ ਜਿੱਤ ਚੁੱਕੀ ਧਿਰ ਕੋਲੋਂ ਸਿੱਖਣ ਨੂੰ ਕੁਝ ਨਹੀਂ ਮਿਲਦਾ, ਕੁਝ ਸਿੱਖਣਾ ਹੈ ਤਾਂ ਸਾਨੂੰ ਹਾਰ ਚੁੱਕਿਆਂ ਦੇ ਤਜਰਬਿਆਂ ਦੀ ਪੜਚੋਲ ਕਰਨੀ ਹੋਵੇਗੀ। ਇਸ ਨੁਕਤੇ ਨੂੰ ਸਹੀ ਸੰਦਰਭ ਵਿਚ ਵਾਚਣ ਉਪਰੰਤ ਹੀ ਮਸਲੇ ਦੀ ਗਹਿਰਾਈ ਤੱਕ ਪਹੁੰਚ ਬਣਾ ਪਾਵਾਂਗੇ।

ਪਾਠਕਾਂ ਦੇ ਆਉਣ ਵਾਲੇ ਸਵਾਲਾਂ ਵਿੱਚ ਇਕ ਸਵਾਲ ਸਾਂਝਾ ਇਹ ਹੁੰਦਾ ਹੈ ਕਿ ਫਿਰ ਇਸ ਪ੍ਰਵਾਸ ਨੂੰ ਰੋਕਣ ਲਈ 'ਕੀ ਕੀਤਾ ਜਾਣਾ ਲੋੜੀਂਦਾ ਹੈ?' ਮੇਰਾ ਇੱਕੋ ਜਵਾਬ ਹੁੰਦੈ ਕਿ ਇਕ ਨਿਰਧਾਰਿਤ ਪੱਧਰ ਦੀ ਵਿੱਦਿਆ ਹਾਸਲ ਕਰ ਚੁੱਕੇ ਨੌਜਵਾਨ ਨੂੰ ਜਿਸ ਦਿਨ ਅਸੀਂ ਇਹ ਵਿਸ਼ਵਾਸ ਦਿਵਾਉਣ ਵਿੱਚ ਕਾਮਯਾਬ ਹੋ ਗਏ ਕਿ ਤੂੰ ਆਪਣੀ ਧਰਤੀ 'ਤੇ, ਆਪਣੇ ਪੱਧਰ 'ਤੇ ਆਪਣਾ ਕਾਰੋਬਾਰ ਖੜ੍ਹਾ ਕਰ ਸਕਦਾ ਹੈਂ, ਉਸ ਦਿਨ ਇਹ ਪ੍ਰਵਾਸ ਆਪਣੇ ਆਪ ਰੁਕ ਜਾਵੇਗਾ ਜਾਂ ਘਟ ਜ਼ਰੂਰ ਜਾਵੇਗਾ। ਮੰਨਿਆ ਕਿ ਰੁਜ਼ਗਾਰ ਸਭ ਨੂੰ ਨਹੀਂ ਦਿੱਤਾ ਜਾ ਸਕਦਾ ਪ੍ਰੰਤੂ ਪੜ੍ਹੇ-ਲਿਖੇ ਨੌਜਵਾਨ ਨੂੰ ਰੁਜ਼ਗਾਰ ਦਾ ਮੌਕਾ ਮੁਹੱਈਆ ਕਰਵਾਉਣਾ ਸਰਕਾਰ ਦਾ ਮੁੱਢਲਾ ਫ਼ਰਜ਼ ਹੈ।

ਵਿੱਦਿਅਕ ਵਿਵਸਥਾ ਵਿਚ ਵੱਡੇ ਬਦਲਾਅ ਦੀ ਕਲਪਨਾ ਕਰਨੀ ਹੋਵੇ ਤਾਂ ਸਾਨੂੰ ਵਿਸ਼ਿਆਂ ਦੇ ਗੱਠਜੋੜ (ਸਬਜੈਕਟ ਕੰਬੀਨੇਸ਼ਨ) ਅਤੇ ਸਟਰੀਮ ਦੀ ਹੱਦਬੰਦੀ ਵਿਚੋਂ ਬਾਹਰ ਆਉਣਾ ਪਵੇਗਾ। ਵਿਸ਼ਿਆਂ ਦੀ ਚੋਣ ਚਤੁਰਾਈ ਨਾਲ ਬੋਲੇ ਗਏ ਝੂਠ ਤੋਂ ਵਧ ਕੁਝ ਨਹੀਂ, ਅਸਲ ਵਿੱਚ ਵਿਦਿਆਰਥੀਆਂ 'ਤੇ ਵਿਸ਼ਿਆਂ ਨੂੰ ਥੋਪਿਆ ਜਾਂਦਾ ਹੈ।ਮੈਡੀਕਲ ਪੜ੍ਹਨ ਵਾਲਾ ਵਿਦਿਆਰਥੀ ਜੇਕਰ ਸੁਭਾਅ ਪੱਖੋਂ ਸੰਗੀਤਕ ਰੁਚੀਆਂ ਦਾ ਮਾਲਕ ਵੀ ਹੈ ਤਾਂ ਅਜਿਹੇ ਵਿਦਿਆਰਥੀ ਲਈ ਸਾਡੇ ਕੋਲ ਕੀ ਪ੍ਰਬੰਧ ਹੈ? ਮੌਜੂਦਾ ਵਿਵਸਥਾ ਇਹ ਯਕੀਨੀ ਬਣਾਉਂਦੀ ਹੈ ਕਿ ਕੋਈ ਵੀ ਵਿਦਿਆਰਥੀ ਫੇਲ੍ਹ ਨਾ ਹੋਵੇ। ਅਜਿਹਾ ਸ਼ਾਇਦ ਯੂਨੀਵਰਸਿਟੀਆਂ ਲਈ ਆਪਣੇ ਵਿੱਤੀ ਘਾਟਿਆਂ ਦੀ ਪੂਰਤੀ ਵਾਸਤੇ ਜ਼ਰੂਰੀ ਹੁੰਦਾ ਹੋਵੇ। ਇਮਤਿਹਾਨ ਪ੍ਰਣਾਲੀ ਵਿਚ ਵੱਡਾ ਫੇਰ-ਬਦਲ ਸਮੇਂ ਦੀ ਫੌਰੀ ਮੰਗ ਹੈ। ਸਖ਼ਤ ਮਿਹਨਤ ਕਰਨ ਤੋਂ ਬਾਅਦ ਇੰਟਰਵਿਊ ਲਈ ਜੇਕਰ ਸਿਫ਼ਾਰਿਸ਼ ਲਈ ਜੁਗਾੜ ਨਾ ਕਰ ਪਾਉਣ ਦਾ ਵਿਦਿਆਰਥੀ ਦੇ ਦਿਲ-ਦਿਮਾਗ 'ਤੇ ਦਬਾਅ ਹੈ ਤਾਂ ਸੋਚਣਾ ਪਵੇਗਾ ਕਿ ਸਾਡੇ ਵਲੋਂ ਦਿੱਤੀ ਗਈ ਵਿੱਦਿਆ ਉਸ ਦੇ ਕਿਹੜੇ ਕੰਮ ਆਈ? ਸਰਕਾਰਾਂ ਅਕਸਰ ਪਾਰਦਰਸ਼ੀ ਢੰਗ-ਤਰੀਕਿਆਂ ਤਹਿਤ ਕੰਮ ਹੋਣ ਦੇ ਦਾਅਵੇ ਕਰਦੀਆਂ ਹਨ ਪ੍ਰੰਤੂ ਯਕੀਨ ਜਾਣਿਓ, ਜਿਸ ਦਿਨ ਸਰਕਾਰੀ ਤੰਤਰ 'ਚ ਇਹ ਪਾਰਦਰਸ਼ਤਾ ਆਮ ਸਧਾਰਨ ਬੰਦੇ ਨੂੰ ਵੀ ਨਜ਼ਰ ਆਉਣ ਲੱਗ ਪਈ, ਉਸ ਦਿਨ ਪੰਜਾਬੀਆਂ ਦੇ ਦਿਮਾਗ ਵਿਚੋਂ 'ਵਿਦੇਸ਼ ਸੈੱਟ ਹੋਣ ਦਾ ਜਨੂੰਨ' ਆਪਣੇ ਆਪ ਘਟਣਾ ਸ਼ੁਰੂ ਹੋ ਜਾਵੇਗਾ।

***

## ਪੰਜਾਬ ਦੇ ਸਰਕਾਰੀ ਅਦਾਰੇ ਭਾਸ਼ਾ,

ਕਰਦੀਆਂ ਹਨ ਪਰ ਅਮਲੀ ਰੂਪ ਵਿੱਚ ਇਸ ਨੂੰ ਸਿਰੇ ਨਹੀਂ ਲਾਉਂਦੀਆਂ, ਕਿਉਂਕਿ ਇਨ੍ਹਾਂ ਨਿੱਜੀ ਸੰਸਥਾਵਾਂ ਦੀ ਪਹੁੰਚ ਸਰਕਾਰੀ ਤੰਤਰ ਤੱਕ ਬੜੀ ਮਜ਼ਬੂਤ ਹੈ, ਇਸ ਨੂੰ ਭੰਗ ਕਰਨ ਦੀ ਲੋੜ ਹੈ। ਇਸ ਕਮਿਸ਼ਨ ਦੇ ਬਣਨ ਨਾਲ ਜਿਥੇ ਲੋਕਾਂ ਦੀ ਲੁੱਟ ਬੰਦ ਹੋਏਗੀ ਉਥੇ ਇਨ੍ਹਾਂ ਬਾਜ਼ਾਰੀ ਸਿੱਖਿਆ ਸੰਸਥਾਵਾਂ ਦੀ ਜ਼ਿੰਮੇਵਾਰੀ ਤੇ ਜਵਾਬਦੇਹੀ ਵੀ ਤਹਿ ਹੋਵੇਗੀ ਤੇ ਇਸ ਨਾਲ ਜੁੜੇ ਅਧਿਆਪਕਾਂ ਤੇ ਅਮਲੇ ਫੈਲੇ ਦੇ ਸ਼ੋਸ਼ਣ ਨੂੰ ਲਗਾਮ ਲੱਗੇਗੀ। ਸਿੱਖਿਆ ਵਿੱਚ ਦਿੱਲੀ ਮਾਡਲ ਨੂੰ ਬਹੁਤ ਉਭਾਰਿਆ ਜਾ ਰਿਹਾ ਹੈ, ਪਰ ਦਿੱਲੀ ਮਾਡਲ ਹੈ ਕੀ ਇਹਦੇ ਬਾਰੇ ਬਹੁਤੇ ਲੋਕਾਂ ਨੂੰ ਜਾਣਕਾਰੀ ਨਹੀਂ। ਸਿੱਖਿਆ ਮਾਡਲਾਂ ਨਾਲ ਨਹੀਂ, ਨੀਤੀਆਂ ਨਾਲ ਚੱਲਦੀ ਹੈ। ਦਿੱਲੀ ਮਾਡਲ ਅਸਲ ਵਿਚ ਇਮਾਰਤਾਂ ਤੇ ਉਨ੍ਹਾਂ ਵਿਚਲੇ ਸਾਜੋ ਸਾਮਾਨ ਦਾ ਮਾਡਲ ਹੈ। ਉਥੇ ਕੀ, ਕਿਵੇਂ ਤੇ ਕਿਉਂ ਪੜ੍ਹਾਇਆ ਜਾਣਾ ਹੈ, ਇਹ ਨੀਤੀਗਤ ਮਸਲਾ ਹੈ। ਭਾਸ਼ਾ, ਸਾਹਿਤ ਤੇ ਸੱਭਿਆਚਾਰ ਪਖੋਂ ਪੰਜਾਬ ਦੀਆਂ ਲੋੜਾਂ ਨੂੰ ਸਾਹਮਣੇ ਰੱਖ ਕੇ ਸਿੱਖਿਆ ਨੀਤੀ ਬਣਾਉਣ ਦੀ ਲੋੜ ਹੈ। ਪਰ ਜਿਵੇਂ ਸਰਕਾਰ ਨਵੀਂ ਸਿੱਖਿਆ ਨੀਤੀ, ਜੋ ਕੇਂਦਰੀਕਰਨ 'ਤੇ ਅਧਾਰਿਤ ਹੈ, ਉਹਦੇ ਉਤੇ ਤੇਜ਼ੀ ਨਾਲ ਅਮਲ ਕਰਨ ਵਿੱਚ ਲੱਗੀ ਹੋਈ ਹੈ, ਉਸ ਨਾਲ ਡਰ ਹੈ ਕਿ ਸਿੱਖਿਆ ਦਾ ਮੌਜੂਦਾ ਢਾਂਚਾ ਚਰਮਰਾ ਜਾਏਗਾ। ਇਸ ਪ੍ਰਤੀ ਸੁਚੇਤ ਹੋਣ ਦੀ ਲੋੜ ਹੈ। ਲੋੜ ਤਾਂ ਇਸ ਗੱਲ ਦੀ ਵੀ ਹੈ ਕਿ ਸਿੱਖਿਆ ਨੂੰ ਮਜ਼ਬੂਤ ਕਰਨ ਲਈ ਇਕ ਆਧੁਨਿਕ ਸਿੱਖਿਆ ਸਿਖਲਾਈ ਸੰਸਥਾ ਬਣਾਈ ਜਾਵੇ, ਜਿਥੇ ਭਵਿੱਖ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਅਧਿਆਪਕ ਤਿਆਰ ਕੀਤੇ ਜਾਣ ਤਾਂ ਜੋ ਮਨੁੱਖੀ ਸ੍ਰੋਤਾਂ ਦਾ ਉੱਚਿਤ ਵਿਕਾਸ ਹੋ ਸਕੇ। ਸੱਭਿਆਚਾਰ ਦਾ ਅਰਥ ਸਿਰਫ਼ ਭੰਗੜਾ ਜਾਂ ਗਿੱਧਾ ਹੀ ਨਹੀਂ ਹੁੰਦਾ, ਸਗੋਂ ਲੋਕ ਕਲਾਵਾਂ, ਲੋਕ ਨਾਟਕ, ਲੋਕ ਪਹਿਰਾਵੇ, ਲੋਕ ਖੇਡਾਂ, ਲੋਕ ਗਾਇਕੀ, ਪ੍ਰੰਪਰਾਵਾਂ ਤੇ ਹੋਰ ਬਹੁਤ ਕੁਝ ਨੂੰ ਜਿਉਂਦਿਆਂ ਰੱਖਣ ਲਈ ਉੱਚਿਤ ਕਦਮ ਚੁੱਕਣ ਦੀ ਲੋੜ ਹੁੰਦੀ ਹੈ। ਕਦੇ ਵੀ ਕਿਸੇ ਸਰਕਾਰ ਨੇ ਸੱਭਿਆਚਾਰ ਨੂੰ ਸਾਂਭਣ ਜਾਂ ਇਸ ਦਾ ਵਿਕਾਸ ਕਰਨ ਦਾ ਪ੍ਰਬੰਧ ਨਹੀਂ ਕੀਤਾ। ਸਾਡੇ ਕੋਲ ਕੋਈ ਵੀ ਲੋਕ ਕਲਾ ਦਾ ਮਿਊਜ਼ੀਅਮ ਨਹੀਂ। ਜਿਹੜੀਆਂ ਇਨ੍ਹਾਂ ਨਾਲ ਸਬੰਧਤ ਅਕਾਦਮੀਆਂ ਹਨ, ਉਹ ਚੰਡੀਗੜ੍ਹ ਤੱਕ ਸੀਮਤ ਹਨ। ਉਨ੍ਹਾਂ ਨੇ ਕੋਈ ਵਰਨਣਯੋਗ ਕੰਮ ਨਹੀਂ ਕੀਤਾ, ਹਾਂ, ਸਰਕਾਰੀ ਪੈਸਾ ਜ਼ਰੂਰ ਖ਼ਰਚ ਕੀਤਾ ਹੈ। ਉੱਤਰੀ ਭਾਰਤ ਦਾ ਸੱਭਿਆਚਾਰਕ ਕੇਂਦਰ ਪਟਿਆਲੇ ਵਿੱਚ ਹੈ। ਇਸ ਨੂੰ ਕਿਰਿਆਸ਼ੀਲ ਕਰਨ ਦੇ ਨਾਲ-ਨਾਲ ਪੰਜਾਬ 'ਚ ਹੋਰ ਸੱਭਿਆਚਾਰਕ ਕੇਂਦਰ ਸਥਾਪਤ ਕਰਨ ਦੀ ਲੋੜ ਹੈ। ਲੋਕ ਕਲਾਵਾਂ ਵਿਚ ਰੁਜ਼ਗਾਰ ਦੇ ਵੀ ਬਹੁਤ ਮੌਕੇ ਹਨ, ਸਰਕਾਰ ਨੂੰ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

ਥੀਏਟਰ ਤੇ ਲਾਇਬ੍ਰੇਰੀਆਂ ਕਿਸੇ ਖਿੱਤੇ ਦੀ ਪਛਾਣ ਹੁੰਦੀਆਂ ਹਨ, ਪੰਜਾਬ ਵਿੱਚ ਇਨ੍ਹਾਂ ਦਾ ਸਰਕਾਰੀ ਪੱਧਰ ਉੱਤੇ ਭੋਗ ਪੈ ਚੁੱਕਾ ਹੈ। ਪੰਜਾਬ ਵਿੱਚੋਂ ਨਸ਼ੇ ਖ਼ਤਮ ਕਰਨ ਤੇ ਨੌਜਵਾਨਾਂ ਨੂੰ ਉਸਾਰੂ ਸੋਚ ਆਪਣਾ ਕੇ ਅੱਗੇ ਵਧਣ ਵਿਚ ਲਾਇਬ੍ਰੇਰੀਆਂ ਦੀ ਭੂਮਿਕਾ ਬੜੀ ਅਹਿਮ ਹੈ, ਪਰ ਪੰਜਾਬ ਵਿਚ ਬਹੁਤੀਆਂ ਲਾਇਬ੍ਰੇਰੀਆਂ ਬੰਦ ਹੋ ਚੁੱਕੀਆਂ ਹਨ ਜਾਂ ਫੰਡਾਂ ਦੀ ਘਾਟ ਕਾਰਨ ਲੰਙੇ ਡੰਗ ਚਲ ਰਹੀਆਂ ਹਨ। ਇਨ੍ਹਾਂ ਦੇ ਨੈੱਟਵਰਕ ਨੂੰ ਮਜ਼ਬੂਤ ਕਰਨਾ ਸਮੇਂ ਦੀ ਲੋੜ ਹੈ। ਇਸ ਦੇ ਨਾਲ-ਨਾਲ ਪੰਜਾਬ ਵਿੱਚ ਥੀਏਟਰ ਦੀ ਸਥਾਪਨਾ ਕਰ ਕੇ ਜਿਥੇ ਸੱਭਿਆਚਾਰ ਤੇ ਸਾਹਿਤ ਨੂੰ ਬਚਾਇਆ ਜਾ ਸਕਦਾ ਹੈ, ਉਥੇ ਰੁਜ਼ਗਾਰ ਦਾ ਸਾਧਨ ਵੀ ਬਣਾਇਆ ਜਾ ਸਕਦਾ ਹੈ। ਪੰਜਾਬ ਵਿਚ ਨਵੀਂ ਬਣੀ ਸਰਕਾਰ ਹੌਲੀ ਹੌਲੀ ਪੈਰ ਜਮਾ ਰਹੀ ਹੈ। ਉਹਦੇ ਕੋਲ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੀ ਪ੍ਰਫੁਲਤਾ ਬਾਰੇ ਕਰਨ ਲਈ ਬੜੇ ਕੰਮ ਹਨ ਪਰ ਇਸ ਸਬੰਧੀ ਕੋਈ ਠੋਸ ਕਾਰਜ-ਯੋਜਨਾ ਅਜੇ ਸਾਹਮਣੇ ਨਹੀਂ ਆਈ। ਜਿਵੇਂ ਉਹ ਬਹੁਤ ਸਾਰੇ ਪੁਰਾਣੇ ਫ਼ੈਸਲੇ ਬਦਲ ਕੇ ਨਵੀਆਂ ਨੀਤੀਆਂ ਘੜ ਰਹੀ ਹੈ, ਉਸ ਨੂੰ ਇਸ ਪਾਸੇ ਵੀ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਲੋਕਾਂ ਨੂੰ ਇਸ ਸਰਕਾਰ ਕੋਲੋਂ ਵੱਡੀਆਂ ਆਸਾਂ ਹਨ ਤੇ ਉਹ ਚਾਹੁੰਦੇ ਹਨ ਕਿ ਉਹ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦੀ ਹੋਂਦ 'ਤੇ ਲੱਗੇ ਪ੍ਰਸ਼ਨ ਚਿੰਨ੍ਹਾਂ ਨੂੰ ਸਮਾਪਤ ਕਰਨ ਲਈ ਉਪਰਾਲੇ ਕਰੇ। ਆਸ ਕੀਤੀ ਜਾ ਸਕਦੀ ਹੈ ਕਿ ਸਰਕਾਰ ਅਫ਼ਸਰਸ਼ਾਹੀ ਨੂੰ ਪਾਸੇ ਕਰ ਕੇ ਪੰਜਾਬ ਦਾ ਭਲਾ ਚਾਹੁਣ ਵਾਲੇ ਬੁੱਧੀਜੀਵੀਆਂ ਕੋਲੋਂ ਸਲਾਹ ਲੈ ਕੇ ਲੰਮੇ ਅਰਸੇ ਦੀਆਂ ਨੀਤੀਆਂ ਘੜੇਗੀ, ਕਿਉਂਕਿ ਮਾਡਲ ਥੋੜ੍ਹ-ਚਿਰੇ ਹੁੰਦੇ ਹਨ ਤੇ ਜਲਦੀ ਬਦਲ ਜਾਂਦੇ ਹਨ ਜਦਕਿ ਨੀਤੀਆਂ ਭਵਿੱਖ ਦੀ ਯੋਜਨਾਬੰਦੀ 'ਤੇ ਨਿਰਭਰ ਹੁੰਦੀਆਂ ਹਨ।

***

## ਪਾਖੰਡੀ ਡੇਰੇਦਾਰਾਂ ਦੀ ਫ਼ੈਕਟਰੀ ਬਣੇ

ਇਉਂ ਜਿਆਦਾਤਰ ਸਾਰੇ ਧਾਰਮਿਕ ਡੇਰੇ, ਸਾਧ, ਸੰਤ ਸਰਮਾਏਦਾਰਾ ਸਿਆਸਤ ਨਾਲ਼ ਗੱਠਜੋੜ ਅਤੇ ਵੋਟ ਪਾਰਟੀਆਂ ਦੀ ਸਿਆਸੀ ਸ਼ਹਿ 'ਤੇ ਹੀ ਪਲ਼ਦੇ-ਫੁੱਲਦੇ ਹਨ। ਸਰਮਾਏਦਾਰਾ ਸਿਆਸੀ ਪਾਰਟੀਆਂ ਲਈ ਡੇਰੇ, ਸਾਧ, ਸੰਤ ਤੇ ਧਰਮ ਗੁਰੂ ਆਦਿ ਚੋਣਾਂ ਜਿੱਤਣ ਬਹੁਤ ਮਜਬੂਤ ਵੋਟ ਬੈਂਕ ਹਨ, ਦੂਜਾ ਲੋਕਾਂ ਵਿੱਚ ਪਛਾਣ ਬਣਾਉਣ ਤੇ ਆਪਣੀ ਸਾਖ ਸੁਧਾਰਨ ਦਾ ਵੀ ਸਾਧਨ ਹਨ। ਇਸ ਤੋਂ ਬਿਨਾਂ ਇਹ ਲੋਕਾਂ ਨੂੰ ਵੰਡੀ ਰੱਖਣ, ਨਿਸੱਤੇ ਕਰਨ ਦਾ ਸਾਧਨ ਹਨ। ਇਨ੍ਹਾਂ ਧਾਰਮਿਕ ਗੁਰੂਆਂ, ਡੇਰਿਆਂ ਤੇ ਸਾਧਾਂ, ਸੰਤਾਂ ਨੂੰ ਸਿਆਸੀ ਸਾਂਝ-ਭਿਆਲੀ ਦਾ ਇਹ ਫਾਇਦਾ ਹੁੰਦਾ ਹੈ ਕਿ ਉਹਨਾਂ ਨੂੰ ਕਨੂੰਨੀ ਤੌਰ 'ਤੇ ਤੰਗ ਨਹੀਂ ਕੀਤਾ ਜਾਂਦਾ ਸਗੋਂ ਸਰਕਾਰੀ ਤੇ ਹੋਰ ਵਿਰੋਧੀ ਧਿਰਾਂ ਤੋਂ ਸਿਆਸੀ ਤਾਕਤ ਇਹਨਾਂ ਦੀ ਰਾਖੀ ਕਰਦੀ ਹੈ, ਦੂਜਾ ਇਸ ਨਾਲ਼ ਉਨ੍ਹਾਂ ਦੇ ਸ਼ਰਧਾਲੂਆਂ ਅਤੇ ਆਮਦਨ ਦਾ ਘੇਰਾ ਵੀ ਵਧਦਾ ਹੈ। ਉਂਝ ਤਾਂ ਸਾਰੀਆਂ ਹੀ ਸਰਮਾਏਦਾਰਾ ਸਿਆਸੀ ਪਾਰਟੀਆਂ ਦੀ ਵੱਖੋ-ਵੱਖਰੇ ਡੇਰਿਆਂ, ਧਾਰਮਿਕ ਗੁਰੂਆਂ ਤੇ ਸਾਧਾਂ, ਸੰਤਾਂ ਨਾਲ਼ ਸਾਂਝ-ਭਿਆਲੀ ਹੈ ਪਰ ਭਾਜਪਾ ਬਿਨਾਂ ਸ਼ੱਕ ਇਸ ਮਾਮਲੇ ਵਿੱਚ ਸਭ ਤੋਂ ਅੱਗੇ ਹੈ।ਹਾਕਮ ਜਮਾਤ ਦੇ ਮੀਡੀਆ ਵਿੱਚ ਸਰਮਾਏਦਾਰਾਂ ਦੇ ਵਿਚਾਰਧਾਰਕ ਦਾਬੇ ਤੇ ਉਨ੍ਹਾਂ ਦੀ ਸਿਆਸਤ ਅੱਗੇ ਵਧਾਉਣ ਦਾ ਸੰਦ ਹੁੰਦਾ ਹੈ। ਇਸ ਕਰਕੇ ਇਹ ਮੀਡੀਆ ਤਰਕਸ਼ੀਲ, ਜਮਹੂਰੀ ਕਦਰਾਂ ਦਾ ਪਸਾਰ ਨਹੀਂ ਕਰਦਾ ਸਗੋਂ ਅੰਧ-ਵਿਸ਼ਵਾਸ਼, ਪਛੜੇਵੇਂ, ਫਿਰਕੂ ਜਨੂੰਨ ਤੇ ਇਨ੍ਹਾਂ ਬਾਬਿਆਂ ਦੇ ਹੱਕ ਵਿੱਚ ਲੋਕ ਰਾਇ ਬਣਾਉਣ ਦਾ ਹੀ ਕੰਮ ਕਰਦਾ ਹੈ। ਰਵੀ ਸ਼ੰਕਰ, ਰਾਮਦੇਵ, ਨਿਰਮਲ ਬਾਬਾ ਤੇ ਹੁਣ ਧੀਰੇਂਦਰ ਸ਼ਾਸ਼ਤਰੀ ਵਰਗੇ ਅਜੋਕੇ ਯੁੱਗ ਦੇ ਇਨ੍ਹਾਂ ਬਾਬਿਆਂ ਦਾ ਧੰਦਾ ਫੈਲਾਉਣ 'ਚ ਇਸ ਮੀਡੀਆ ਨੇ ਤਨਦੇਹੀ ਨਾਲ ਭੂਮਿਕਾ ਨਿਭਾਈ ਹੈ ਤੇ ਨਿਭਾਉਂਦਾ ਰਿਹਾ ਹੈ। ਜਿਹੜੇ ਸਮਾਜ ਦੀ ਬੁਨਿਆਦੀ ਹੀ ਗੈਰ-ਬਰਾਬਰੀ, ਲੁੱਟ ਤੇ ਜਬਰ ਉੱਪਰ ਟਿਕੀ ਹੋਵੇ ਉੱਥੇ ਲੋਕਾਂ ਨੂੰ ਪਛੜੇਵੇਂ, ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਧਰਮ ਦੀ ਜਕੜ ਵਿੱਚ ਕੈਦ ਰੱਖਣਾ ਹਾਕਮ ਜਮਾਤ ਦੀ ਜਰੂਰਤ ਹੁੰਦੀ ਹੈ ਤਾਂ ਜੋ ਉਨ੍ਹਾਂ ਉੱਪਰ ਆਪਣੀ ਲੋਟੂ ਹਕੂਮਤ ਕਾਇਮ ਰੱਖੀ ਜਾਵੇ।

***

## ਪੰਜਾਬੀ ਭਾਸ਼ਾ ਪ੍ਰਤੀ ਸੁਹਿਰਦਤਾ

ਆਰਥਿਕ ਸਥਿਤੀ ਤੋਂ ਬਹੁਤ ਦੂਰ ਹੁੰਦਾ ਹੈ। ਇਸਦਾ ਸਿਰਫ਼ ਇਹੀ ਹੱਲ ਇਨ੍ਹਾਂ ਵਿਸ਼ਿਆਂ ਦੀ ਪੜ੍ਹਾਈ ਦਾ ਮਾਧਿਅਮ ਵੀ ਪੰਜਾਬੀ ਬਣਾਉਣ ਲਈ ਸਰਕਾਰਾਂ ਦੀ ਸਰਪ੍ਰਸਤੀ ਵਿੱਚ ਪੰਜਾਬੀ ਸੰਸਥਾਵਾਂ ਵੱਲੋਂ ਯਤਨ ਆਰੰਭੇ ਜਾਣ। ਬਹੁਤ ਘੱਟ ਸਰਕਾਰੀ ਕਰਮਚਾਰੀ ਹਨ ਜਿਨ੍ਹਾਂ ਦੇ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ। ਇੱਥੋਂ ਤੱਕ ਕਿ ਪੰਜਾਬੀ ਦੇ ਅਧਿਆਪਕ/ਪ੍ਰਾਧਿਆਪਕ ਵੀ ਆਪਣੇ ਬੱਚੇ ਅੰਗਰੇਜ਼ੀ ਮਾਧਿਅਮ ਵਾਲੇ ਨਿੱਜੀ ਸਕੂਲਾਂ ਵਿੱਚ ਪੜ੍ਹਾ ਰਹੇ ਹਨ ਜਾਂ ਪੜ੍ਹਾਉਣਾ ਪਸੰਦ ਕਰਦੇ ਹਨ। ਹੁਣ ਇੱਥੇ ਖ਼ੁਦ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪੰਜਾਬ ਵਿੱਚ ਪੰਜਾਬੀ ਦੀ ਤ੍ਰਾਸਦੀ ਇਸ ਤੋਂ ਵੱਧ ਕੀ ਹੋਵੇਗੀ। ਹਾਲਾਂਕਿ ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ ਪਰ ਘਰਾਂ ਤੋਂ ਬਾਹਰ ਵਿਖਾਵੇ ਵਜੋਂ ਕੁਝ ਪੰਜਾਬੀ ਦੇ ਰਖਵਾਲੇ ਅਖਵਾਉਂਦੇ, ਆਪਣੀ ਪਨੀਰੀ ਅੰਗਰੇਜ਼ੀ ਵਿੱਚ ਉਗਾਉਣਾ ਪਸੰਦ ਕਰਦੇ ਹਨ। ਇਹ ਮਾਰ ਸਿਰਫ਼ ਭਾਸ਼ਾ ਤੇ ਹੀ ਨਹੀਂ ਸੱਭਿਆਚਾਰ ਤੇ ਵੀ ਪੈ ਰਹੀ ਹੈ ਅਤੇ ਪ੍ਰਭਾਵਿਤ ਸੱਭਿਆਚਾਰ ਫਿਰ ਸਾਡੀ ਭਾਸ਼ਾਈ ਸ਼ਬਦਾਵਲੀ 'ਤੇ ਵੀ ਪ੍ਰਭਾਵ ਪਾਵੇਗਾ। ਅੱਜ ਹਰ ਕੋਈ ਚਾਹੁੰਦਾ ਹੈ ਕਿ ਸਾਡੇ ਬੂਟ 'ਵੁੱਡਲੈਂਡ' ਦੇ ਪਾਏ ਹੋਣ, ਕੋਟੀ 'ਫਿਲਾ' ਆਦਿ ਦੀ ਪਾਈ ਹੋਵੇ ਤਾਂ ਕਿਤੇ ਨਾ ਕਿਤੇ ਇਸ ਦਾ ਅਸਰ ਸਾਡੀ ਭਾਸ਼ਾ 'ਤੇ ਵੀ ਪਵੇਗਾ। ਇਸੇ ਤਰ੍ਹਾਂ ਦੇਸੀ ਢਾਬੇ ਹੁਣ ਰੈਸਟੋਰੈਂਟਾਂ ਆਦਿ ਵਿੱਚ ਬਦਲ ਗਏ ਹਨ। ਏਨਾ ਹੀ ਨਹੀਂ ਅੱਜ ਕੱਲ੍ਹ ਦੀ ਗਾਇਕੀ ਨੂੰ ਦੇਖ ਸੁਣ ਕੇ ਤੁਸੀਂ ਖ਼ੁਦ ਹੀ ਅੰਦਾਜ਼ਾ ਲਾ ਸਕਦੇ ਹੋ ਕਿ ਪੰਜਾਬੀ ਵਜੋਂ ਜਾਣੇ ਜਾਂਦੇ ਇਹ ਗੀਤ ਕਿੰਨੇ ਕੁ ਪੰਜਾਬੀ ਭਾਸ਼ਾ ਜਾਂ ਪੰਜਾਬੀ ਸੱਭਿਆਚਾਰ ਦੇ ਅਨੁਕੂਲ ਚੱਲ ਰਹੇ ਹਨ। ਅੱਜ ਪੰਜਾਬੀ ਅਖ਼ਬਾਰਾਂ ਰਸਾਲਿਆਂ ਤੋਂ ਵੀ ਲੋਕ ਮੁੱਖ ਮੋੜਦੇ ਜਾ ਰਹੇ ਹਨ ਜੋ ਕਿ ਬਹੁਤ ਦੁੱਖ ਦੀ ਗੱਲ ਹੈ।

ਅਜੋਕੀ ਪੰਜਾਬੀ, ਅੰਗਰੇਜ਼ੀ-ਹਿੰਦੀ ਮਿਲਗੋਭੇ ਦੇ ਰੂਪ ਵਿੱਚ ਪ੍ਰਗਟ ਹੋ ਰਹੀ ਹੈ। ਕਈ ਵਾਰ ਤਾਂ ਇੱਕ ਸਤਰ ਵਿੱਚ ਉਚਾਰੀ ਜਾ ਰਹੀ ਭਾਸ਼ਾ ਵਿੱਚ ਪਤਾ ਨਹੀਂ ਚਲਦਾ ਕਿ ਕਿਹੜਾ ਸ਼ਬਦ ਪੰਜਾਬੀ ਦਾ ਹੈ। ਇਹ ਤੱਥ ਵੀ ਠੀਕ ਹੈ ਕਿ ਸਾਡੀ ਪੰਜਾਬੀ ਭਾਸ਼ਾ ਦਾ ਹਾਜ਼ਮਾ ਏਨਾ ਬਲਵਾਨ ਹੈ ਕਿ ਇਸ ਨੇ ਹੋਰਨਾਂ ਭਾਸ਼ਾਵਾਂ ਦੀ ਸ਼ਬਦਾਵਲੀ ਨੂੰ ਆਪਣੇ ਵਿੱਚ ਤਤਸਮ ਜਾਂ ਤਦਭਵ ਰੂਪ ਵਿੱਚ ਇਸ ਤਰ੍ਹਾਂ ਸਮਾ ਲਿਆ ਹੈ ਪਤਾ ਹੀ ਨਹੀਂ ਲਗਦਾ ਸ਼ਬਦ ਕਿਸ ਭਾਸ਼ਾ ਦਾ ਹੈ ਬਲਕਿ ਪੰਜਾਬੀ ਦਾ ਹੀ ਪ੍ਰਤੀਤ ਹੁੰਦਾ ਹੈ। ਪਰ ਹਰ ਸ਼ਬਦ ਹੀ ਹੋਰ ਭਾਸ਼ਾ ਤੋਂ ਉਧਾਰਾ ਲੈਣ ਦੀ ਬਿਰਤੀ ਰੱਖਣ ਲੱਗ ਜਾਣਾ ਵੀ ਠੀਕ ਨਹੀਂ ਜਾਪਦਾ। ਪੰਜਾਬ ਕਿਸੇ ਵੇਲੇ 'ਸੋਨੇ ਦੀ ਚਿੜੀ' ਅਖਵਾਉਂਦਾ ਸੀ ਪਰ ਅੱਜ ਇਸਦੇ ਕਿਰਤੀ/ਕਾਮੇ ਵੀ ਸੜਕਾਂ ਤੇ ਰੁਲ ਰਹੇ ਹਨ ਅਤੇ ਨੌਜਵਾਨੀ ਵੀ ਰੁਜ਼ਗਾਰ ਦੇ ਚੱਕਰਾਂ ਵਿੱਚ ਇੱਧਰ ਉੱਧਰ ਭਟਕ ਰਹੀ ਹੈ। ਜਿਸ ਤੋਂ ਸਿਅਸੀ ਪਾਰਟੀਆਂ ਜਾਣੂ ਹੁੰਦੀਆਂ ਹੋਈਆਂ ਵੀ ਬਿਲਕੁਲ ਅਣਜਾਣ ਬਣੀਆਂ ਹੋਈਆਂ ਹਨ। ਸਰਕਾਰਾਂ ਦੇ ਕੰਨੀ ਨਾ ਕਿਰਤੀਆਂ/ਮਜ਼ਦੂਰਾਂ ਦੀ ਹੂਕ ਪੈ ਰਹੀ ਹੈ ਅਤੇ ਨਾ ਹੀ ਨੌਜਵਾਨੀ ਦਾ ਦਰਦ। ਪੰਜਾਬੀ ਯੂਨੀਵਰਸਿਟੀ ਪਟਿਆਲਾ ਜੋ ਕਿ ਪੰਜਾਬੀ ਭਾਸ਼ਾ ਦੇ ਨਾਮ 'ਤੇ ਪੰਜਾਬੀ ਦੀ ਪ੍ਰਫੁੱਲਤਾ ਲਈ ਤੇ ਸਥਾਪਤ ਕੀਤੀ ਗਈ ਸੀ, ਅੱਜ ਏਨੇ ਜ਼ਿਆਦਾ ਵਿੱਤੀ ਸੰਕਟਾਂ ਆਦਿ ਵਿੱਚੋਂ ਲੰਘ ਰਹੀ ਹੈ, ਜਿਸ ਬਾਰੇ ਸਮੇਂ ਦੀਆਂ ਸਰਕਾਰਾਂ ਬਿਲਕੁਲ ਧਿਆਨ ਨਹੀਂ ਦੇ ਰਹੀਆਂ।

ਪਿੱਛੇ ਜਿਹੇ ਜਦ 2020 ਦਾ ਸਾਲਾਨਾ ਬਜਟ ਪੇਸ਼ ਕੀਤਾ ਜਾ ਰਿਹਾ ਸੀ ਤਾਂ ਇੱਕ ਕੈਬਨਿਟ ਮੰਤਰੀ ਵੱਲੋਂ ਅੰਗਰੇਜ਼ੀ ਭਾਸ਼ਾ ਵਿੱਚ ਪੜ੍ਹੇ ਜਾ ਰਹੇ ਇਸ ਬਜਟ ਨੂੰ ਜਦ ਇੱਕ ਪੱਤਰਕਾਰ ਨੇ ਪੰਜਾਬੀ ਵਿੱਚ ਪੜ੍ਹਨ ਬਾਰੇ ਜ਼ਿਕਰ ਕੀਤਾ ਤਾਂ ਉਸਦੀ ਗੱਲ ਨੂੰ ਅਣਸੁਣਿਆ ਕਰਕੇ ਉਸ ਨੂੰ ਪਾਸੇ ਹਟਾ ਦਿੱਤਾ ਗਿਆ। ਅੱਜ ਪੰਜਾਬੀ ਵਿਸ਼ੇ ਦੀਆਂ ਆਸਾਮੀਆਂ ਘਟਣ ਦਾ ਕਾਰਨ ਅਜਿਹੀਆਂ ਸਰਕਾਰੀ ਨੀਤੀਆਂ ਹੀ ਹਨ ਜੋ ਪੰਜਾਬੀ ਨੂੰ ਅੱਖੋਂ ਓਹਲੇ ਕਰ ਰਹੀਆਂ ਹਨ। ਜੇਕਰ ਪੰਜਾਬੀ ਵਿਸ਼ੇ ਦੀਆਂ ਅਸਾਮੀਆਂ ਘਟਾ ਕੇ ਇਸਦੀ ਜ਼ਰੂਰਤ ਅੰਗਰੇਜ਼ੀ ਜਾਂ ਹੋਰ ਵਿਸ਼ਿਆਂ ਦੇ ਅਧਿਆਪਕਾਂ ਤੋਂ ਪੂਰੀ ਕਰਵਾਈ ਗਈ ਤਾਂ ਪੰਜਾਬੀ ਕਿਵੇਂ ਵਿਕਾਸ ਕਰ ਸਕਦੀ ਹੈ ਸਗੋਂ ਅਜਿਹੀ ਸਥਿਤੀ ਵਿੱਚ ਤਾਂ ਇਸਦਾ ਮਿਆਰ ਹੋਰ ਡਿੱਗੇਗਾ। ਕਿਤੇ ਨਾ ਕਿਤੇ ਇਹ ਆਰਥਿਕ ਪੱਧਰ 'ਤੇ ਵੀ ਗੱਲ ਜੁੜਦੀ ਹੈ ਜਿਵੇਂ ਲੋੜ ਕਾਢ ਦੀ ਮਾਂ ਹੈ, ਉਸੇ ਤਰ੍ਹਾਂ ਹੀ ਜੇਕਰ ਅਸੀਂ ਆਪਣੀ ਮਾਤ ਭਾਸ਼ਾ ਨੂੰ ਵਿਸਾਰ ਕੋਈ ਹੋਰ ਭਾਸ਼ਾ ਦੇ ਵਧੇਰੇ ਮਗਰ ਲਗਦੇ ਹਾਂ ਤਾਂ ਕਿਤੇ ਨਾ ਕਿਤੇ ਇਸਦਾ ਕਾਰਨ ਸਾਡੇ ਆਰਥਿਕ ਪੱਧਰ ਦਾ ਕਮਜ਼ੋਰ ਹੋਣਾ ਵੀ ਹੁੰਦਾ ਹੈ। ਜੇਕਰ ਅੱਜ ਅਸੀਂ ਅੰਗਰੇਜ਼ੀ ਮਗਰ ਲੱਗ ਰਹੇ ਹਾਂ ਤਾਂ ਇਸਦਾ ਕਾਰਨ ਸਾਨੂੰ ਉਨ੍ਹਾਂ ਦੀ ਜ਼ਰੂਰਤ ਹੈ, ਪਰ ਬਹੁਤ ਸਾਰੇ ਅਜਿਹੇ ਦੇਸ਼ ਵੀ ਹਨ ਜੋ ਆਪਣੀ ਹੀ ਮਾਤ ਭਾਸ਼ਾ ਵਿੱਚ ਏਨਾ ਵਿਕਾਸ ਕਰ ਚੁੱਕੇ ਹਨ ਕਿ ਇਨ੍ਹਾਂ ਨੂੰ ਕਿਸੇ ਹੋਰ ਭਾਸ਼ਾ ਵਿੱਚੋਂ ਰੁਜ਼ਗਾਰ ਦੀ ਭਾਲ ਨਹੀਂ, ਬਲਕਿ ਇਨ੍ਹਾਂ ਤੋਂ ਸਹਾਇਤਾ ਲਈ ਸਾਨੂੰ ਇਨ੍ਹਾਂ ਦੀ ਭਾਸ਼ਾ ਸਿੱਖਣ ਦੀ ਜ਼ਰੂਰਤ ਪੈਂਦੀ ਹੈ। ਜੇਕਰ ਅਸੀਂ ਆਪਣੇ ਆਪ ਵਿੱਚ ਹੀ ਏਨੇ ਸਮਰੱਥ ਹੋਈਏ ਤਾਂ ਸਾਨੂੰ ਹੋਰਨਾਂ ਭਾਸ਼ਾਵਾਂ ਮਗਰ ਹੱਥ ਧੋ ਕੇ ਪੈਣ ਦੀ ਏਨੀ ਲੋੜ ਨਹੀਂ ਰਹਿੰਦੀ ਜਿਵੇਂ 'ਆਈਲੈਟਸ' ਦਾ ਸਹਾਰਾ ਲੈ ਕੇ ਵਿਦੇਸ਼ਾਂ ਵਿੱਚ ਆਪਣੇ ਆਰਥਿਕ ਹਾਲਤ ਸੁਧਾਰਨ ਲਈ ਜਾਣਾ ਪੈਂਦਾ ਹੈ। ਜੇਕਰ ਸਾਡੀ ਮਾਤ ਭਾਸ਼ਾ ਵਿੱਚ ਹੀ ਪੰਜਾਬੀ ਸੰਸਥਾਵਾਂ ਆਦਿ ਵੱਲੋਂ ਡਾਕਟਰੀ, ਇੰਜੀਨੀਅਰਿੰਗ ਆਦਿ ਵਿਸ਼ਿਆਂ ਦੀ ਪੜਾਈ ਪੰਜਾਬੀ ਵਿੱਚ ਕਰਵਾਉਣ ਦੇ ਯਤਨ ਆਰੰਭੇ ਜਾਣ ਤਾਂ ਕਿਤੇ ਨਾ ਕਿਤੇ ਇਸਦੇ ਰੁਜ਼ਗਾਰ ਮੁਖੀ ਹੋਣ ਦੀ ਸਿਰਫ਼ ਇੱਕ ਸ਼ੁਰੂਆਤ ਹੋ ਸਕਦੀ ਹੈ। ਜਿੰਨਾ ਸਮਾਂ ਦਫ਼ਤਰੀ ਜਾਂ ਸਰਕਾਰੀ ਕਾਗਜ਼ਾਂ/ ਕੰਮਾਂ-ਕਾਜਾਂ ਵਿੱਚ ਪੰਜਾਬੀ ਭਾਸ਼ਾ ਦੀ ਵਰਤੋਂ ਨਹੀਂ ਕੀਤੀ ਜਾਵੇਗੀ ਤਦ ਤੱਕ ਪੰਜਾਬੀ ਭਾਸ਼ਾ ਦਾ ਕਦੇ ਵਿਕਾਸ ਨਹੀਂ ਹੋ ਸਕਦਾ। ਸੋ, ਅੱਜ ਲੋੜ ਹੈ ਪੰਜਾਬੀ ਦੇ ਵਿਕਾਸ ਲਈ ਸਿਰਫ਼ ਕੌਮਾਂਤਰੀ ਮਾਤ ਭਾਸ਼ਾ ਦਿਵਸ 'ਤੇ ਪੰਜਾਬੀ ਬਚਾਓ ਦੇ ਨਾਅਰੇ, ਤਖ਼ਤੀਆਂ ਆਦਿ ਹੀ ਨਹੀਂ ਬਲਕਿ ਵਿਹਾਰ ਵਿੱਚ ਵੀ ਇਸਦੀ ਪ੍ਰਫੁੱਲਤਾ ਲਈ ਸਾਰਥਿਕ ਕਦਮ ਚੁੱਕਣ ਦੀ। ਇਸ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਉਣ ਦੇ ਯਤਨ ਆਰੰਭੇ ਜਾਣ। ਉਚੇਰੀਆਂ ਪੜ੍ਹਾਈਆਂ ਦੀ ਸਿੱਖਿਆ ਮਾਤ ਭਾਸ਼ਾ ਵਿੱਚ ਦਿੱਤੀ ਜਾਵੇ। ਇੱਕ ਰਾਖਵਾਂਕਰਨ ਸਰਕਾਰੀ/ਪੰਜਾਬੀ ਮਾਧਿਅਮ ਵਿੱਚ ਪੜ੍ਹੇ ਵਿਦਿਆਰਥੀਆਂ ਦਾ ਵੀ ਬਣਾਇਆ ਜਾਵੇ। ਸ਼ਾਇਦ ਕਿਤੇ ਨਾ ਕਿਤੇ ਤਾਂ ਇਸਦਾ ਅਸਰ ਪੰਜਾਬੀ ਭਾਸ਼ਾ ਹਿੱਤ ਕੁਝ ਕਬੂਲਿਆ ਜਾਵੇਗਾ। ਸਿਰਫ਼ ਅਨਪੜ੍ਹਾਂ ਨੂੰ ਹੀ ਨਹੀਂ ਪੜ੍ਹੇ ਲਿਖਿਆਂ ਨੂੰ ਵੀ ਆਪਣੀ ਧਾਰਨਾ ਬਦਲਦੇ ਹੋਏ ਆਪਣੇ ਬੱਚੇ, ਭਤੀਜੇ ਭਤੀਜੀਆਂ ਆਦਿ ਨੂੰ ਪੰਜਾਬੀ ਮਾਧਿਅਮ ਵਾਲੇ ਸਕੂਲਾਂ ਵਿੱਚ ਪੜ੍ਹਾਉਣੇ ਚਾਹੀਦੇ ਹਨ। ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵਧੇਗੀ ਤਾਂ ਪੰਜਾਬੀ ਅਸਾਮੀਆਂ ਵੀ ਵਧਣਗੀਆਂ। ਸਰਕਾਰੀ ਦਫ਼ਤਰਾਂ ਪ੍ਰਬੰਧਕੀ ਕੰਮਾਂ ਕਾਰਾਂ ਵਿੱਚ ਪੰਜਾਬੀ ਦੀ ਵਰਤੋਂ ਪ੍ਰਤੀ ਸਖ਼ਤੀ ਨਾਲ ਕਾਨੂੰਨ ਬਣਾਏ ਤੇ ਅਪਣਾਏ ਜਾਣ। ਮਾਤ ਭਾਸ਼ਾ ਦਿਵਸ ਨੂੰ ਸਿਰਫ਼ ਤਖ਼ਤੀਆਂ ਫੜ ਕੇ ਜਾਂ ਵੱਡੇ ਵੱਡੇ ਭਾਸ਼ਣਾਂ ਤੱਕ ਹੀ ਸੀਮਤ ਨਾ ਰੱਖ ਕੇ ਸਭ ਨੂੰ ਰਲ ਕੇ ਵਿਹਾਰਕ ਰੂਪ ਵਿੱਚ ਹੰਭਲਾ ਮਾਰਨ ਦੀ ਜ਼ਰੂਰਤ ਹੈ, ਜਿਸਦੀ ਸ਼ੁਰੂਆਤ ਸਾਨੂੰ ਖ਼ੁਦ ਤੋਂ ਕਰਨੀ ਪਵੇਗੀ। ਪੰਜਾਬੀ ਭਾਸ਼ਾ ਲਈ ਸਿਰਫ਼ ਸਿਧਾਂਤ ਸਿਰਜਣ ਦੀ ਨਹੀਂ ਬਲਕਿ ਵਿਹਾਰ ਵਿੱਚ ਵੀ ਕੁਝ ਕਰਨ ਦੀ ਜ਼ਰੂਰਤ ਹੈ। ਸਿਆਸੀ ਪਾਰਟੀਆਂ ਆਦਿ ਪੰਜਾਬੀ ਪ੍ਰਤੀ ਸੁਹਿਰਦਤਾ ਦਿਖਾਉਣ ਤਦ ਹੀ ਕਿਤੇ ਪੰਜਾਬੀ ਭਾਸ਼ਾ ਹੋਰ ਵਧੇਰੇ ਪ੍ਰਫੁੱਲਤ ਹੋ ਸਕਦੀ ਹੈ ਨਹੀਂ ਤਾਂ ਸੱਚਮੁੱਚ ਹੀ ਇਸ ਦਾ ਰੁਤਬਾ ਇਸ ਦੇ ਸ਼ਾਇਰਾਂ ਤੱਕ ਹੀ ਸੀਮਤ ਹੋ ਕੇ ਰਹਿ ਜਾਵੇਗਾ।

****

## ਮਾਂ ਜੀ ਤੇਰੇ ਦੋ ਪਿੰਡ ਆ... ?

ਅਤੇ 'ਮਾਂ ਜੀ' ਥੋੜਾ ਹੱਸ ਪਈ। ਮੈਨੂੰ ਵੀ ਭੁੱਲੀ ਵਿੱਸਰੀ ਉਹੀ ਗੱਲ ਯਾਦ ਆਈ ਤੇ ਮੇਰਾ ਵੀ ਹਾਸਾ ਨਿਕਲ ਗਿਆ। ਕਾਫੀ ਚਿਰ ਤੱਕ ਮੈਂ ਉੱਥੇ ਬੈਠਾ ਉਨ੍ਹਾਂ ਨਾਲ ਗੱਲਾਂ ਕਰਦਾ ਰਿਹਾ। ਇਨ੍ਹਾਂ ਗੱਲਾਂ ਬਾਤਾਂ ਵਿੱਚ ਹੀ ਉਨ੍ਹਾਂ ਨੇ ਆਪਣੇ ਵਿੱਛੜੇ ਭੈਣ ਭਾਈਆਂ ਨੂੰ ਯਾਦ ਕੀਤਾ। ਮੇਰੇ ਉੱਥੋਂ ਤੁਰਨ ਲੱਗਿਆਂ ਉਨ੍ਹਾਂ ਨੇ ਮੈਨੂੰ ਗਲ਼ ਨਾਲ ਲਾ ਘੁੱਟਕੇ ਪਿਆਰ ਦਿੱਤਾ ਤੇ ਅਸੀਸਾਂ ਦਿੱਤੀਆਂ। ਪਰ ਮੈਨੂੰ ਤੇ ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਹੁਣ ਇਹ ਸਾਡੀ ਆਖਰੀ ਮਿਲਣੀ ਹੋਵੇਗੀ। ਉਸ ਤੋਂ ਬਾਅਦ ਨਾ ਮੇਰਾ ਕਦੇ ਨਾਨਕਿਆਂ ਦਾ ਗੇੜਾ ਲੱਗਾ ਤੇ ਨਾ ਹੀ 'ਮਾਂ ਜੀ' ਨੂੰ ਮਿਲਿਆ ਗਿਆ।

ਅੱਜ ਪਤਾ ਲੱਗਾ ਕਿ 'ਮਾਂ ਜੀ' ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ, ਉਹ ਸਾਨੂੰ ਸਭ ਨੂੰ ਛੱਡ ਕੇ ਚਲੇ ਗਏ। ਇਹ ਖ਼ਬਰ ਸੁਣ ਕੇ ਬਚਪਨ ਤੋਂ ਲੈ ਕੇ ਹੁਣ ਤੱਕ 'ਮਾਂ ਜੀ' ਦੀਆਂ ਸਾਰੀਆਂ ਯਾਦਾਂ ਇੱਕ ਫ਼ਿਲਮ ਵਾਂਗ ਅੱਖਾਂ ਅੱਗੇ ਆ ਗਈਆਂ। 'ਮਾਂ ਜੀ' ਦੇ ਦੋ ਪਿੰਡਾਂ ਵਾਲੀ ਗੱਲ ਵੀ ਯਾਦ ਆ ਗਈ ਤੇ ਸੋਚਿਆ ਕਿ ਇਸਨੂੰ ਲਿਖਕੇ ਸਭ ਨੂੰ ਦੱਸਿਆ ਜਾਵੇ। ਹੁਣ ਭਾਵੇਂ ਨਾਨਕਿਆਂ ਦੇ ਕਿੰਨੇ ਹੀ ਗੇੜੇ ਲੱਗਣ ਪਰ 'ਮਾਂ ਜੀ' ਨੇ ਕਦੇ ਨਹੀਂ ਮਿਲਣਾ, ਜੇ ਪਿੱਛੇ ਰਹਿ ਗਈਆਂ ਤਾਂ ਬੱਸ ਉਨ੍ਹਾਂ ਦੀਆਂ ਮਿੱਠੀਆਂ ਯਾਦਾਂ, 'ਮਾਂ ਜੀ' ਦੇ ਚਲੇ ਜਾਣ ਨਾਲ ਹੀ ਨਾਨਕੇ ਜਾਣ ਦੀ ਖਿੱਚ ਦੀਆਂ ਤੰਦਾਂ ਵਿੱਚੋਂ ਵੀ ਇੱਕ ਤੰਦ ਅੱਜ ਸਦਾ ਲਈ ਟੁੱਟ ਗਈ।

***

## ਪੰਜਾਬੀ ਪਿਆਰਿਆਂ ਨੇ

ਆਪਣੀ ਮਾਂ ਬੋਲੀ ਨੂੰ ਭੁੱਲਣਾ ਨਿੰਦਣਯੋਗ ਹੈ।

ਮਾਰਚ 'ਚ ਬੋਲਦਿਆਂ ਐਡਵੋਕੇਟ ਐਸ.ਐਲ. ਵਿਰਦੀ ਨੇ ਕਿਹਾ ਕਿ ਆਪਣੀ ਮਾਂ ਬੋਲੀ ਨੂੰ ਭੁਲਾਉਣਾ ਨਹੀਂ ਚਾਹੀਦਾ ਅਤੇ ਇਸਨੂੰ ਆਪਣੀ ਕਾਰੋਬਾਰੀ ਬੋਲੀ ਬਨਾਉਣਾ ਚਾਹੀਦਾ ਹੈ। ਹਾਜ਼ਰ ਵੱਖੋ-ਵੱਖਰੀਆਂ ਸ਼ਖ਼ਸੀਅਤਾਂ ਨੇ ਪੰਜਾਬ 'ਚ ਪੰਜਾਬੀ ਨੂੰ ਬਣਦਾ ਸਥਾਨ ਦੇਣ, ਅਦਾਲਤਾਂ 'ਚ ਪੰਜਾਬੀ ਬੋਲੀ ਲਾਗੂ ਕਰਨ, ਪੰਜਾਬੀ ਬੋਲੀ ਦੀ ਪ੍ਰਫੁੱਲਤਾ ਲਈ ਕਮਿਸ਼ਨ ਬਣਾਉਣ ਦੀਆਂ ਮੰਗਾਂ ਨੂੰ ਲੈ ਕੇ ਨਾਹਰੇ ਲਾਏ ਗਏ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਤਰਨਜੀਤ ਸਿੰਘ ਕਿੰਨੜਾ, ਰਵਿੰਦਰ ਚੋਟ, ਐਡਵੋਕੇਟ ਐਸ.ਐਲ.ਵਿਰਦੀ, ਸੰਤ ਹਰਦੇਵ ਸਿੰਘ ਨਾਮਧਾਰੀ, ਪਰਵਿੰਦਰ ਜੀਤ ਸਿੰਘ, ਜੀ.ਐਸ. ਮਲਵਈ, ਸਾਧੂ ਸਿੰਘ ਜੱਸਲ, ਹਰਮੇਸ਼ ਪਾਠਕ, ਅਸ਼ੋਕ ਮਹਿਰਾ, ਬੰਸੋ ਦੇਵੀ, ਗੁਰਮੀਤ ਸਿੰਘ ਰੱਤੂ, ਰਜੇਸ਼ ਪਲਟਾ ਸ਼ਿਵ ਸੈਨਾ, ਇੰਦਰਜੀਤ ਕਰਵਲ ਸ਼ਿਵ ਸੈਨਾ, ਗੁਰਜੀਤ ਵਾਲੀਆ, ਪਿੰਦੂ ਜੌਹਲ, ਹਰੀਪਾਲ ਸਿੰਘ, ਦੀਪਕ ਕੋਹਲੀ, ਅਜੀਤ ਸਿੰਘ ਵਾਲੀਆ, ਸਤਬੀਰ ਸਿੰਘ ਵਾਲੀਆ ਜਸਵਿੰਦਰ ਸਿੰਘ ਭਗਤਪੁਰ, ਆਰੀਆ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀ ਬੈਂਡ ਸਮੇਤ, ਐਸ.ਡੀ.ਮਾਡਲ ਸੀਨੀਅਰ ਸੈਕੰਡਰੀ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ),ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਆਦਿ ਸ਼ਾਮਲ ਸਨ । ਸੁਖਮਣੀ ਸੇਵਾ ਸੁਸਾਇਟੀ ਵਲੋਂ ਮਾਰਚ ਵਿੱਚ ਰਿਫਰੈਸ਼ਮੈਂਟ ਅਤੇ ਪਾਣੀ ਦੀ ਸੇਵਾ ਕੀਤੀ ਗਈ ਅਤੇ ਇਸ ਸੁਸਾਇਟੀ ਦੇ ਵੱਡੀ ਗਿਣਤੀ ਵਿੱਚ ਮੈਂਬਰ ਮਾਰਚ 'ਚ ਸ਼ਾਮਲ ਹੋਏ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com